Punjabi Parwaz

# ਪੰਜਾਬੀ ਪਰਵਾਜ਼

ਅੰਕ 74ਵਾਂ (ਸ਼ਿਕਾਗੋ): 14 ਤੋਂ 27 ਮਾਰਚ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com  www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਇਰਾਨ ਅਤੇ ਇਜ਼ਰਾਇਲ-ਅਮਰੀਕਾ ਵਿਚਾਲੇ ਜੰਗ ਭਿਆਨਕ ਹੋਣ ਲੱਗੀ

**ਪੰਜਾਬੀ ਪਰਵਾਜ਼ ਬਿਊਰੋ**

ਇਰਾਨ ਅਤੇ ਅਮਰੀਕਾ-ਇਜ਼ਰਾਇਲ ਵਿਚਕਾਰ 28 ਫਰਵਰੀ ਦੀ ਰਾਤ ਨੂੰ ਅਚਾਨਕ ਛਿੜੀ ਜੰਗ ਨੇ ਨਾ ਸਿਰਫ ਖਾੜੀ ਦੇ ਮੁਲਕਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਹੈ, ਸਗੋਂ ਸਾਰੀ ਦੁਨੀਆਂ ਨੂੰ ਇੱਕ ਗੰਭੀਰ ਆਰਥਕ ਸੰਕਟ ਵੱਲ ਧੱਕਣਾ ਸ਼ੁਰੂ ਕਰ ਦਿੱਤਾ ਹੈ। ਇਰਾਨ ਵੱਲੋਂ ਹੌਰਮੂਜ਼ ਸਮੁੰਦਰੀ ਲਾਂਘਾ ਬੰਦ ਕਰ ਦਿੱਤੇ ਜਾਣ ਨਾਲ ਸਾਰੀ ਵਿਸ਼ਵ ਆਰਥਵਿਵਸਥਾ ਝਟਕੇ ਮਹਿਸੂਸ ਕਰਨ ਲੱਗੀ ਹੈ। ਦੁਨੀਆਂ ਦਾ 25 ਫੀਸਦੀ ਦੇ ਕਰੀਬ ਤੇਲ ਇਸੇ ਲਾਂਘੇ ਰਾਹੀਂ ਸਪਲਾਈ ਹੁੰਦਾ ਹੈ। ਵਿਸ਼ੇਸ਼ ਕਰਕੇ ਏਸ਼ੀਆ 'ਤੇ ਇਸ ਦਾ ਵੱਡਾ ਅਸਰ ਪੈ ਰਿਹਾ ਹੈ। ਇਸ ਦੇ ਨਾਲ ਹੀ ਕਤਰ ਤੋਂ ਯੂਰਪ ਨੂੰ ਜਾਣ ਵਾਲੀ ਗੈਸ ਦੀ ਸਪਲਾਈ ਵੀ ਬੰਦ ਹੋ ਗਈ ਹੈ। ਇਸ ਸਾਰੇ ਕੁਝ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਦੁਨੀਆਂ ਵਿੱਚ ਗੈਸ ਅਤੇ ਤੇਲ ਦੇ ਭਾਅ ਤੇਜ਼ੀ ਨਾਲ ਵਧਣ ਲੱਗੇ ਹਨ। ਇਸ ਨਾਲ ਪੂਰੀ ਦੁਨੀਆਂ ਵਿੱਚ ਸਿੱਕੇ ਦੇ ਫੈਲਾਅ ਅਤੇ ਮਹਿੰਗਾਈ ਵਧਣ ਦਾ ਖਦਸ਼ਾ ਵੀ ਬਣ ਗਿਆ ਹੈ। ਇਸ ਦੌਰਾਨ ਇਰਾਨ ਨੇ ਆਇਤੁਲਾ ਖੁਮੈਨੀ ਦੇ ਬੇਟੇ ਮੋਜਤਬਾ ਖੁਮੈਨੀ ਨੂੰ ਆਪਣਾ ਅਗਲਾ ਸੁਪਰੀਮ ਆਗੂ ਚੁਣ ਕੇ ਅਮਰੀਕਾ ਨੂੰ ਗੰਭੀਰ ਚਣੌਤੀ ਦੇ ਦਿੱਤੀ ਹੈ। ਆਪਣੇ ਸੁਪਰੀਮ ਆਗੂ ਦੀ ਹੱਤਿਆ ਕਾਰਨ ਇਰਾਨ ਕਿਸੇ ਵੀ ਸੂਰਤ ਵਿੱਚ ਅਮਰੀਕਾ ਅਤੇ ਇਜ਼ਰਾਇਲ ਸਾਹਮਣੇ ਗੋਡੇ ਟੇਕਣ ਲਈ ਤਿਆਰ ਨਹੀਂ ਹੈ।

ਇੱਕ ਪਾਸੇ ਇਜ਼ਰਾਇਲ ਤੇ ਅਮਰੀਕਾ ਦੇ ਹਵਾਈ ਹਮਲੇ ਇਰਾਨ ਨੂੰ ਭੰਨ ਰਹੇ ਹਨ, ਦੂਜੇ ਪਾਸੇ ਇਰਾਨ ਦੀਆਂ ਡਰੋਨਾਂ/ਮਿਜ਼ਾਈਲਾਂ ਇੱਕ ਛੋਟੇ ਜਿਹੇ ਯੂਰਪੀਨ ਮੁਲਕ ਸਾਈਪਰਸ ਵਿੱਚ ਬਰਤਾਨਵੀ ਫੌਜੀ ਅੱਡੇ ਤੱਕ ਵੀ ਪਹੁੰਚ ਗਈਆਂ ਹਨ। ਪਿਛਲੇ ਸਾਲ ਜੂਨ ਮਹੀਨੇ ਵਿੱਚ 12 ਦਿਨਾ ਜੰਗ ਤੋਂ ਬਾਅਦ ਇਰਾਨ ਨੇ ਇੱਕ ਵਾਰ ਫਿਰ ਵਿਖਾ ਦਿੱਤਾ ਹੈ ਕਿ ਉਸ ਦੀ ਮਿਜ਼ਾਈਲ ਸ਼ਕਤੀ ਦੀ ਮਾਰ ਇਜ਼ਰਾਇਲ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਸਕਦੀ ਹੈ। ਇਸ ਦਰਮਿਆਨ ਇਹ ਵੀ ਪ੍ਰਤੱਖ ਹੈ ਕਿ ਅਮਰੀਕਾ ਅਤੇ ਇਜ਼ਰਾਇਲ ਦੇ ਹਵਾਈ ਹਮਲੇ ਇਰਾਨ ਨੂੰ ਗਾਜ਼ਾ ਵਾਂਗ ਹੀ ਭੰਨ ਤੋੜ ਰਹੇ ਹਨ। ਇਜ਼ਰਾਇਲ ਦੀ ਫੌਜੀ ਸ਼ਕਤੀ ਨੂੰ ਕਈ ਫਰੰਟਾਂ ਦੇ ਵੰਡਣ ਦੇ ਮਕਸਦ ਨਾਲ ਹਿਜ਼ਬੁੱਲਾ ਨੇ ਲੈਬਨਾਨ ਵੱਲੋਂ ਇਜ਼ਰਾਇਲ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਇਜ਼ਰਾਇਲੀ ਇਨਫੈਂਟਰੀ ਅਤੇ ਹਵਾਈ ਸੈਨਾ ਇੱਕ ਹੋਰ ਫਰੰਟ 'ਤੇ ਬੁਰੀ ਤਰ੍ਹਾਂ ਉਲਝ ਗਈ ਹੈ।

ਯਾਦ ਰਹੇ, 28 ਫਰਵਰੀ ਦੀ ਰਾਤ ਨੂੰ ਅਮਰੀਕਾ ਅਤੇ ਇਜ਼ਰਾਇਲ ਨੇ ਚਲਦੀ ਗੱਲਬਾਤ ਦੇ ਦਰਮਿਆਨ ਅਚਾਨਕ ਤਹਿਰਾਨ 'ਤੇ ਹਮਲੇ ਕਰ ਦਿੱਤੇ ਸਨ। ਜਿਸ ਨਾਲ ਇਰਾਨ ਦੇ ਸੁਪਰੀਮ ਲੀਡਰ ਅਇਤੁਲਾ ਖੁਮੈਨੀ ਅਤੇ ਵੱਡੀ ਗਿਣਤੀ ਵਿੱਚ ਫੌਜੀ ਆਗੂ ਮਾਰੇ ਗਏ ਸਨ। ਇਸ ਹਮਲੇ ਵਿੱਚ ਇਰਾਨ ਦੇ ਸੁਪਰੀਮ ਲੀਡਰ ਦੀ ਪਤਨੀ, ਨੂੰਹ ਅਤੇ ਉਸ ਦੇ ਬੱਚੇ ਦੀ ਵੀ ਮੌਤ ਹੋ ਗਈ ਸੀ। ਇਸੇ ਹਮਲੇ ਤੋਂ ਬਾਅਦ ਇਰਾਨ ਨੇ ਖਾੜੀ ਦੇ ਮੁਲਕਾਂ ਵਿੱਚ ਅਮਰੀਕੀ ਅੱਡਿਆਂ ਅਤੇ ਇਜ਼ਰਾਇਲ 'ਤੇ ਮੋੜਵੇਂ ਮਿਜ਼ਾਈਲ ਹਮਲੇ ਸ਼ੁਰੂ ਕੀਤੇ ਹੋਏ ਹਨ। ਇਨ੍ਹਾਂ ਹਮਲਿਆਂ ਨਾਲ ਇਜ਼ਰਾਇਲ ਅਤੇ ਖਾੜੀ ਮੁਲਕਾਂ ਵਿੱਚ ਅਮਰੀਕੀ ਫੌਜੀ ਅੱਡਿਆਂ ਅਤੇ ਆਰਥਕ ਟਿਕਾਣਿਆਂ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਹੈ।

ਆਪਣੀ ਹਵਾਈ ਸੈਨਾ ਅਤੇ ਨੇਵੀ ਦੀਆਂ ਕਮੀਆਂ ਦੇ ਬਾਵਜੂਦ ਇਰਾਨ ਨੇ ਜਿਸ ਤਰ੍ਹਾਂ ਕਤਰ, ਬਹਿਰੀਨ, ਸਾਊਦੀ ਅਰਬ, ਓਮਾਨ ਅਤੇ ਕੁਵੈਤ ਵਿੱਚ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਹਨ, ਉਸ ਨੇ ਅਮਰੀਕਾ ਦੀ ਸਾਮਰਾਜੀ ਸ਼ਾਨ ਨੂੰ ਵੱਡਾ ਧੱਕਾ ਲਾਇਆ ਹੈ। ਖਾਸ ਕਰਕੇ

⇒ ਬਾਕੀ ਸਫਾ 4 ਉਤੇ ਪੜ੍ਹੋ

## ਪੰਜਾਬ ਸਰਕਾਰ ਦੇ ਬਜਟ ਵਿੱਚ ਭਲਾਈ ਸਕੀਮਾਂ 'ਤੇ ਜ਼ੋਰ

**ਔਰਤਾਂ, ਸਿਹਤ ਅਤੇ ਸਿੱਖਿਆ ਦੇ ਖੇਤਰ ਨੂੰ ਪਹਿਲ*

**ਵਿਰੋਧੀ ਧਿਰ ਨੇ ਬਜਟ ਨੂੰ ਦਿਸ਼ਾਹੀਣ ਕਿਹਾ*

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਸਰਕਾਰ ਵੱਲੋਂ ਆਪਣਾ ਪੰਜਵਾਂ ਬਜਟ ਬੀਤੇ ਐਤਵਾਰ ਕੌਮਾਂਤਰੀ ਮਹਿਲਾ ਦਿਵਸ 'ਤੇ ਪੇਸ਼ ਕੀਤਾ ਗਿਆ। ਸਰਕਾਰ ਦੇ ਇਸ ਬਜਟ ਦਾ ਮੁੱਖ ਪਹਿਲੂ ਇਹ ਰਿਹਾ ਕਿ 93 ਸੌ ਕਰੋੜ ਦੇ ਕੁੱਲ ਖਰਚੇ ਨਾਲ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਤਹਿਤ ਰਾਖਵੀਂ ਸ਼੍ਰੇਣੀ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਅਤੇ ਜਨਰਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਹਰ ਮਹੀਨੇ ਵਿੱਤੀ ਸਹਾਇਤਾ ਵਜੋਂ ਦੇਣ ਦਾ ਐਲਾਨ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਹਰ ਪਰਿਵਾਰ ਲਈ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਪਹਿਲਾਂ ਹੀ ਲਿਆਂਦੀ ਜਾ ਚੁੱਕੀ ਹੈ। ਇਨ੍ਹਾਂ ਸਹੂਲਤਾਂ ਦੇ ਐਲਾਨ ਨਾਲ ਅਸਲ ਵਿੱਚ ਪੰਜਾਬ ਸਰਕਾਰ ਨੇ ਸਾਲ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਅਗੇਤੀ ਮੁਹਿੰਮ ਸ਼ੁਰੂ ਕਰਕੇ ਵਿਰੋਧੀ ਪਾਰਟੀਆਂ ਦੇ ਮੁਕਾਬਲੇ ਲੀਡ ਲੈ ਲਈ ਹੈ। ਯਾਦ ਰਹੇ, ਕੇਂਦਰੀ ਮੰਤਰੀ ਅਮਿੱਤ ਸ਼ਾਹ ਵੱਲੋਂ 14 ਮਾਰਚ ਨੂੰ ਪੰਜਾਬ ਵਿੱਚ ਭਾਜਪਾ ਦੀ ਇੱਕ ਵੱਡੀ ਰੈਲੀ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਨੇ ਔਰਤਾਂ, ਸਿਹਤ ਅਤੇ ਸਿੱਖਿਆ ਸਹੂਲਤਾਂ ਨੂੰ ਪ੍ਰਾਥਮਿਕਤਾ ਦਿੰਦਾ ਬਜਟ ਪੇਸ਼ ਕਰ ਦਿੱਤਾ ਹੈ।

ਵਿੱਤ ਮੰਤਰੀ ਦੇ ਅਨੁਮਾਨ ਅਨੁਸਾਰ ਅਗਲੇ ਮਾਲੀ ਸਾਲ ਦਾ ਗਰੌਸ ਸਟੇਟ ਡੋਮੈਸਟਿਕ ਪ੍ਰੋਡਕਟ (ਜੀ.ਐਸ.ਡੀ.ਪੀ.) 9,80,635 ਕਰੋੜ ਰਹਿਣ ਦੀ ਉਮੀਦ ਹੈ। ਇਹ ਬੀਤੇ ਵਰ੍ਹੇ 8,91,487 ਕਰੋੜ ਰਿਹਾ ਸੀ। ਇਸ ਤਰ੍ਹਾਂ ਚਾਲੂ ਮਾਲੀ ਸਾਲ ਵਿੱਚ ਇਹ ਦਸ ਫੀਸਦੀ ਜ਼ਿਆਦਾ ਹੋਵੇਗਾ। ਮਾਲੀ ਆਮਦਨ ਘਾਟਾ ਜੀ.ਐਸ.ਡੀ.ਪੀ. ਦਾ 2.6 ਫੀਸਦੀ ਨੋਟ ਕੀਤਾ ਗਿਆ ਹੈ, ਜਦਕਿ ਬਜਟ ਘਾਟਾ ਜੀ.ਐਸ.ਡੀ.ਪੀ. ਦਾ 4.08 ਫੀਸਦੀ ਨੋਟ ਕੀਤਾ ਗਿਆ ਹੈ।

ਸਰਕਾਰ ਨੇ ਔਰਤਾਂ ਦੇ ਸ਼ਸ਼ਕਤੀਕਰਣ ਅਤੇ ਸਮਾਜ ਭਲਾਈ ਲਈ ਰਿਕਾਰਡ 18,304 ਕਰੋੜ ਦਾ ਬਜਟ ਰੱਖਿਆ ਹੈ। ਇਹ ਪਿਛਲੇ ਸਾਲ ਨਾਲੋਂ 96 ਫੀਸਦੀ ਵੱਧ ਹੈ। ਔਰਤਾਂ ਨੂੰ ਮਹੀਨੇਵਾਰ ਸਕੀਮ ਤੋਂ ਇਲਾਵਾ 600 ਕਰੋੜ ਰੁਪਏ ਮੁਫਤ ਬੱਸ ਸੇਵਾ ਲਈ, 6150 ਕਰੋੜ ਰੁਪਏ ਸਮਾਜ ਸੁਰੱਖਿਆ ਪੈਨਸ਼ਨ, 972 ਕਰੋੜ ਰੁਪਏ ਬੱਚਿਆਂ ਦੇ ਵਿਕਾਸ ਲਈ (ਇੰਟੈਗਰਿਟਿਡ ਚਾਈਲਡ ਡਿਵੈਲਪਮੈਂਟ ਸਰਵਿਸਿਜ਼) ਲਈ ਰੱਖੇ ਗਏ ਹਨ। 'ਨਵੀਂ ਦਿਸ਼ਾ' ਸਕੀਮ ਦੇ ਤਹਿਤ ਜਵਾਨੀ ਵਿੱਚ ਪੈਰ ਧਰ ਰਹੀਆਂ ਕੁੜੀਆਂ ਦੀ ਭਲਾਈ ਲਈ 65 ਕਰੋੜ ਰੁਪਏ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਨਵੀਂ ਰਸੋਈ ਸਕੀਮ ਤਹਿਤ ਸਰਕਾਰ ਹਰ ਤਿੰਨ ਮਹੀਨੇ ਬਾਅਦ ਰਾਸ਼ਨ ਕਿੱਟ ਵਜੋਂ ਗਰੀਬਾਂ ਨੂੰ ਦੋ ਕਿੱਲੋ ਖੰਡ, ਦੋ ਕਿੱਲੋ ਛੋਲਿਆਂ ਦੀ ਦਾਲ, ਇੱਕ ਕਿੱਲੋ ਲੂਣ ਦੇਵੇਗੀ। ਇਸ ਸਕੀਮ ਤਹਿਤ 40 ਲੱਖ ਲੋਕ ਕਵਰ

⇒ ਬਾਕੀ ਸਫਾ 5 ਉਤੇ ਪੜ੍ਹੋ


Independent
Real Estate Broker
31 ਮਾਰਚ 2026 ਤੱਕ .75% ਕਮਿਸ਼ਨ 'ਤੇ ਆਪਣੀ ਜਾਇਦਾਦ ਨੂੰ ਸੂਚੀਬੱਧ ਕਰਨ ਲਈ ਵਿਸ਼ੇਸ਼ ਪੇਸ਼ਕਸ਼
Special offer to list your property at .75% commission until March 31, 2026
ਘਰ ਖਰੀਦਣ/ਵੇਚਣ ਲਈ ਤਸੱਲੀਬਖ਼ਸ਼ ਸੇਵਾਵਾਂ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰੋ:
ਫੋਨ: 847-401-6552


ਭੁਪਿੰਦਰ ਸਿੰਘ ਝੱਜ

Mortgage Loans
Residential & Commercial
(Licensed Mortgage Originator)
Call: Amrik P. Singh
Serving Community from Last 14 Years
312-608-0006
asingh@gosfmc.com  www.gosfmc.com
2700 Patriot Blvd., Suite 110 Glenview IL 60026
Solutions Financial Mortgage Company
NMLS #232904






DIAMONDS AT THEIR BEST, PRICES AT THEIR LOWEST!
ਪ੍ਰੀਮੀਅਮ ਹੀਰੇ, ਜੋ ਪਹਿਲਾਂ ਮਹਿੰਗੇ ਸਨ, ਹੁਣ ਆਪਣੇ ਅੰਤਿਮ ਅਤੇ ਸਭ ਤੋਂ ਵਧੀਆ ਕੀਮਤ 'ਤੇ—ਹੁਣ ਹਰ ਕੋਈ ਇਸ ਨੂੰ ਖਰੀਦ ਸਕਦਾ ਹੈ!
Regal Jewels
Contact Us
Phone Number: 773-262-4377
Whatsapp Number: 773-517-0574
Website: www.RegalJewels.com

## ਜੰਗ ਜਾਂ ਅਮਨ

ਜਸਵੀਰ ਸਿੰਘ ਸ਼ੀਰੀ

# ਲੜ ਮਰ ਕੇ ਜਦੋਂ ਥੱਕ ਜਾਣਗੀਆਂ ਸੱਭਿਅਤਾਵਾਂ

### *ਗੁਰੂ ਨਾਨਕ ਦੇ ਦਰ ਕੋਲ ਹੀ ਹੋਵੇਗੀ ਆਖਰੀ ਪਨਾਹ

ਰੂਸੀ ਨਾਵਲਕਾਰ ਤਾਲਸਤਾਏ ਦਾ ਨਾਵਲ 'ਜੰਗ ਤੇ ਅਮਨ' ਇਨ੍ਹੀਂ ਦਿਨੀਂ ਫਿਰ ਯਾਦ ਆ ਰਿਹਾ ਹੈ। ਇਹ ਨਾਵਲ ਜੰਗ ਦੀ ਭਿਆਨਕਤਾ ਅਤੇ ਦੁਨੀਆਂਦਾਰ ਆਦਮੀ ਦੀਆਂ ਕਰੂਰਤਾਂ ਨੂੰ ਬੇਹੱਦ ਵਿਸਤ੍ਰਿਤ ਢੰਗ ਨਾਲ ਚਿਤਰਦਾ ਹੈ। ਤਾਲਸਤਾਏ ਦੀ ਮਹਾਨਤਾ ਹੀ ਇਸ ਵਿੱਚ ਹੈ ਕਿ ਉਹ ਚੀਜ਼ਾਂ/ਜੀਵਾਂ ਜਾਂ ਆਪਣੇ ਪਾਤਰਾਂ ਨੂੰ ਬਹੁਤ ਵਿਸਤਾਰ (ਡੀਟੇਲ) ਵਿੱਚ ਚਿਤਰਦਾ ਹੈ। ਜਿੱਡੇ-ਜਿੱਡੇ ਨਾਵਲ 18-19ਵੀਂ ਸਦੀ ਵਿੱਚ ਰੂਸੀ ਜਾਂ ਫਰਾਂਸੀਸੀ ਨਾਵਲਕਾਰਾਂ ਨੇ ਲਿਖੇ ਹਨ, ਉਨ੍ਹਾਂ ਨੂੰ ਵੇਖ ਕੇ ਜੇਨ-ਜੀ ਵਾਲੀ ਪੀੜ੍ਹੀ ਆਮ ਹੀ ਪੁੱਛ ਲੈਂਦੀ ਹੈ ਕਿ ਇਸ ਧਰਤੀ 'ਤੇ ਮਨੁੱਖ ਕਦੀ ਇੰਨੇ ਵਿਹਲੇ ਵੀ ਹੁੰਦੇ ਸਨ, ਜਿਹੜੇ ਇੱਡੇ-ਇੱਡੇ ਨਾਵਲ ਲਿਖ-ਪੜ੍ਹ ਲੈਂਦੇ ਸਨ। ਮੇਰੇ ਲਈ ਨਿੱਜੀ ਤੌਰ 'ਤੇ ਤਾਲਸਤਾਏ ਦਾ ਸਭ ਤੋਂ ਪਿਆਰਾ ਨਾਵਲ 'ਮੋਇਆਂ ਦੀ ਜਾਗ' ਹੈ, ਜਿਸ ਵਿੱਚ ਉਸ ਨੇ ਕਮਿਊਨਿਸਟਾਂ ਵਿੱਚ ਵੀਹਵੀਂ ਸਦੀ ਵਿੱਚ ਉਜਾਗਰ ਹੋਈਆਂ ਖਾਮੀਆਂ ਨੂੰ ਉਸ ਵੇਲੇ ਹੀ ਚਿਤਰ ਦਿੱਤਾ ਸੀ। ਪਰ 'ਜੰਗ ਤੇ ਅਮਨ' ਵਾਰ ਵਾਰ ਅੱਖਾਂ ਮੂਹਰੇ ਇਸ ਲਈ ਆ ਜਾਂਦਾ ਹੈ, ਕਿਉਂਕਿ ਇਸ ਦਾ ਵਾਸਤਾ ਜ਼ਿੰਦਗੀ ਦੀ ਸਭ ਤੋਂ ਕਰੂਰ ਅਵਸਥਾ ਨਾਲ ਹੈ। ਜੰਗਾਂ ਵਿੱਚ ਹਥਿਆਰ ਫੜ ਕੇ ਲੜਨ ਵਾਲੇ ਫੌਜੀਆਂ ਨਾਲ ਤੇ ਜੋ ਹੁੰਦੀ, ਹੁੰਦੀ, ਪਰ ਆਮ ਸਾਧਾਰਨ ਲੋਕਾਂ ਦੇ ਵਿਹੜੇ ਬਿਨ ਬੁਲਾਇਆਂ ਹੀ ਨਰਕ ਆ ਵੜਦਾ। ਇਰਾਨ-ਇਜ਼ਰਾਇਲ-ਅਮਰੀਕਾ ਦੀ ਮੌਜੂਦਾ ਜੰਗ ਵਿੱਚ 14-15 ਸੌ ਵਿਅਕਤੀ ਮਾਰੇ ਗਏ ਹਨ; ਉਨ੍ਹਾਂ ਵਿੱਚ ਨੱਬੇ ਫੀਸਦੀ ਆਮ ਲੋਕ ਹੋਣਗੇ। ਗਿਣ ਕੇ ਵੇਖ ਲੈਣਾ ਮੇਰੀ ਇਹ ਗੱਲ ਪੱਥਰ 'ਤੇ ਲਕੀਰ ਵਾਂਗ ਸੱਚ ਨਿਕਲੇਗੀ। ਜੰਗ ਲੜ ਰਹੇ ਦੂਜੇ ਮੁਲਕਾਂ ਵਿੱਚ ਵੀ ਹਾਲਤ ਇਸ ਤੋਂ ਵੱਖਰੀ ਨਹੀਂ ਹੋਵੇਗੀ।

ਪਹਿਲੀ ਵਾਰ 'ਜੰਗ ਤੇ ਅਮਨ' ਨਾਵਲ ਮੈਂ 1989-90 ਵਿੱਚ ਪੜ੍ਹਿਆ ਸੀ। ਤਾਲਸਤਾਏ ਦਾ ਹੱਦੋਂ ਵੱਧ ਵਿਸਤਾਰ ਪੜ੍ਹ ਕੇ ਕਈ ਵਾਰ ਮੈਂ ਉਕਤਾ ਜਾਂਦਾ ਸਾਂ, ਪਰ ਉਦੋਂ ਕਿਤਾਬਾਂ ਪੜ੍ਹਨ ਦਾ ਜਿਹੜਾ ਜਨੂੰਨ/ਰਿਵਾਜ਼ ਸੀ, ਉਸ ਨੇ ਮੈਨੂੰ ਇਹ ਨਾਵਲ ਪੂਰਾ ਪੜ੍ਹਨ ਵਿੱਚ ਮਦਦ ਕੀਤੀ। 21ਵੀਂ ਸਦੀ ਦੇ ਇਸ ਦੌਰ ਵਿੱਚ ਤੇ ਹੁਣ 10 ਮਿੰਟ ਵਿੱਚ ਪੜ੍ਹ ਕੇ ਖਤਮ ਕਰਨ ਵਾਲੀਆਂ ਕਿਤਾਬਾਂ ਵੀ ਆ ਗਈਆਂ ਹਨ।

ਸਾਰਾ ਨਾਵਲ ਪੜ੍ਹਨ ਤੋਂ ਬਾਅਦ ਮੈਨੂੰ ਜੋ ਲਾਈਨਾਂ ਯਾਦ ਰਹਿ ਗਈਆਂ ਸਨ, ਉਹ ਸਨ- ਜਦੋਂ ਜੰਗ ਵਿੱਚ ਜ਼ਖਮੀ ਹੋ ਕੇ ਧਰਤੀ 'ਤੇ ਡਿਗਿਆ ਇੱਕ ਜਰਨੈਲ ਅਨੰਤ ਆਸਮਾਨ ਦੀ ਡੂੰਘੀ ਨਿਲੱਤਣ ਦੇ ਸਾਹਮਣੇ ਆਪਣੀ ਤੁੱਛਤਾ ਦੇ ਸਨਮੁਖ ਹੁੰਦਾ ਹੈ। ਸਾਰਾ ਨਾਵਲ ਪੜ੍ਹਨ ਤੋਂ ਬਾਅਦ ਇਹੀ ਦ੍ਰਿਸ਼ ਸੀ, ਜਿਹੜਾ ਮੇਰੇ ਚੇਤੇ ਵਿੱਚ ਕਿੱਲ ਵਾਂਗ ਖੁਭ ਗਿਆ ਸੀ, ਬਾਕੀ ਵਿਸਤਾਰ ਮੈਨੂੰ ਯਾਦ ਨਹੀਂ ਸੀ ਰਿਹਾ। ਪੰਜਾਬੀ ਦੇ ਇੱਕ ਲੇਖਕ ਨੇ ਸੰਸਾਰ ਦੇ ਪ੍ਰਤੀਨਧ ਨਾਵਲਾਂ ਦਾ ਸੰਖੇਪ ਕਰਕੇ ਚਾਰ ਪੰਜ ਵਾਲੀਅਮਾਂ ਵਿੱਚ ਲਿਖਿਆ ਹੈ। ਨਾਂ ਉਨ੍ਹਾਂ ਦਾ ਮੈਨੂੰ ਯਾਦ ਨਹੀਂ ਰਿਹਾ। 'ਦੇਸ਼ ਪੰਜਾਬ' ਮੈਗਜ਼ੀਨ ਦੇ ਸੰਪਾਦਕ ਰਹੇ ਗੁਰਬਚਨ ਸਿੰਘ ਹੁਣ ਇਸ ਸੰਸਾਰ ਵਿੱਚ ਨਹੀਂ ਰਹੇ ਹਨ। ਜਲੰਧਰ ਸ਼ਹਿਰ ਵਿੱਚ ਪੜ੍ਹਨ-ਲਿਖਣ ਵਾਲੇ ਲੋਕਾਂ ਦੀ ਗੱਪ-ਸ਼ੱਪ ਲਈ ਕਦੀ ਕਾਫੀ ਹਾਊਸ ਹੁੰਦਾ ਸੀ; ਪਰ ਸਾਡੇ ਤੱਕ ਪਹੁੰਚਦਿਆਂ ਇਹ ਵਕਤ ਦੀ ਗਤੀ ਤੋਂ ਹਾਰ ਗਿਆ ਸੀ। ਫਿਰ ਦੇਸ ਰਾਜ ਕਾਲੀ ਨੇ ਧੂਣੀਂ ਧੁਖਾਈ। ਸ਼ਰਾਬ ਉਹਦੀ ਮਹਿਫਿਲ ਦੇ ਹੱਡਾਂ ਵਿੱਚ ਰਚੀ ਹੋਈ ਸੀ। ਮੇਰੇ ਸਰੀਰ ਨੂੰ ਇਹ ਰਾਸ ਨਹੀਂ ਸੀ ਆਇਆ। ਮੇਰੇ ਕੋਲ ਅਖੀਰ ਗੁਰਬਚਨ ਸਿਘ ਦਾ ਘਰ ਹੀ ਰਹਿ ਗਿਆ ਸੀ, ਜਿੱਥੇ ਬੈਠ ਕੇ ਮਾੜੀ ਮੋਟੀ ਗੱਪ-ਸ਼ੱਪ ਕਰ ਸਕਦੇ ਸਾਂ। 'ਦੇਸ਼ ਪੰਜਾਬ' ਮੈਗਜ਼ੀਨ ਕੱਢਣ ਤੋਂ ਪਹਿਲਾਂ ਗੁਰਬਚਨ ਸਿੰਘ ਨਕਸਲੀਆਂ ਦੇ ਪੈਗਾਮ ਗਰੁੱਪ ਨਾਲ ਕੰਮ ਕਰਦੇ ਰਹੇ। ਮੇਰੇ ਹਿਸਾਬ ਨਾਲ ਇਸ ਗਰੁੱਪ ਦਾ ਮਹੀਨਾਵਾਰ ਮੈਗਜ਼ੀਨ 'ਪੈਗਾਮ' ਉਨ੍ਹਾਂ ਦੀ ਅਣਖਿਝ ਕਿਰਤ ਦਾ ਹੀ ਸਿੱਟਾ ਸੀ। ਜਲੰਧਰ ਵਿੱਚ ਮੇਰੇ ਲਈ ਉਨ੍ਹਾਂ ਦਾ ਘਰ ਹੀ ਆਖਰੀ ਮਸੀਤ ਰਹਿ ਗਿਆ ਸੀ; ਜਿੱਥੇ ਬੈਠ ਕੇ ਇਤਿਹਾਸ ਨੂੰ ਮੋੜਾ ਦੇਣ ਦਾ ਭਰਮ ਪਾਲ ਸਕਦੇ ਸਾਂ। ਮੁੱਲਾਂ ਦੀ ਦੌੜ ਮਸੀਤਾਂ ਤੱਕ। ਗੁਰਬਚਨ ਦੇ ਘਰੋਂ ਹੀ ਮੈਨੂੰ ਸੰਸਾਰ ਦੇ ਪ੍ਰਤੀਨਿਧ ਨਾਵਲਾਂ ਦੇ ਪੰਜ ਵਾਲੀਅਮ ਮਿਲੇ ਸਨ। ਮੈਂ ਜਦੋਂ ਉਨ੍ਹਾਂ ਨੂੰ ਪੜ੍ਹਿਆ ਤਾਂ ਗੁਰਬਚਨ ਸਿੰਘ ਫੌਤ ਹੋ ਚੁੱਕੇ ਸਨ। 'ਜੰਗ ਤੇ ਅਮਨ' ਬਾਰੇ ਜਦੋਂ ਮੈਂ ਇੱਥੇ ਦੁਬਾਰਾ ਪੜ੍ਹਿਆ ਤਾਂ ਮੈਂ ਹੈਰਾਨ ਰਹਿ ਗਿਆ ਕਿ ਗੁਰਬਚਨ ਸਿੰਘ ਨੇ ਬਿਲਕੁਲ ਉਹੀ ਲਾਈਨਾਂ ਅੰਡਰਲਾਈਨ ਕੀਤੀਆਂ ਹੋਈਆਂ ਸਨ, ਜਿਹੜੀਆਂ ਮੇਰੇ ਚੇਤੇ ਵਿੱਚ ਖੁੱਭੀਆਂ ਰਹਿ ਗਈਆਂ ਸਨ। ਮੈਨੂੰ ਤਸੱਲੀ ਹੋਈ ਕਿ ਉਸ ਸਮੇਂ ਏਡੇ ਵੱਡੇ ਲੇਖਕ ਦੇ ਨਾਵਲ ਦਾ ਤੱਤ ਸਾਰ ਮੈਂ ਗਲਤ ਨਹੀਂ ਸੀ ਕੱਢਿਆ। ਗੁਰਬਚਨ ਦੇ ਘਰ ਨੂੰ ਮਹਿਫਿਲ ਲਈ ਮਹਿਫੂਜ਼ ਬਣਾਉਣ ਵਿੱਚ ਬਹੁਤ ਵੱਡਾ ਰੋਲ ਸੀ। ਉਨ੍ਹਾਂ ਨੇ ਸਾਰੀ ਉਮਰ ਘਰ ਆਏ ਗਏ ਦੀ ਸੇਵਾ ਆਪਣੇ ਪੁੱਤਾਂ ਧੀਆਂ ਵਾਂਗ ਕੀਤੀ।


ਤਹਿਰਾਨ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ 'ਤੇ ਹਮਲਾ ਕਾਰਨ ਮੱਚੇ ਅੱਗ ਦੇ ਭਾਂਬੜ

ਜ਼ਿੰਦਗੀ ਦੇ ਜਿਸ ਪੜਾਅ 'ਤੇ ਹੁਣ ਹਾਂ, ਲਾ-ਪਾ ਕੇ ਸਿਰਫ ਸਿਆਸਤ ਵਿੱਚ ਹੀ ਦਿਲਚਸਪੀ ਰਹਿ ਗਈ ਹੈ। ਜਿੱਦਣ ਦਾ ਇਰਾਨ 'ਤੇ ਹਮਲਾ ਹੋਇਆ ਹੈ, ਮੈਂ ਸਾਰੀ ਦਿਹੜੀ ਜੰਗ ਬਾਰੇ ਹੀ ਖਬਰਾਂ ਸੁਣੀ ਜਾਨਾਂ- ਸੌਣ ਵੇਲੇ ਵੀ, ਉੱਠਣ ਵੇਲੇ ਵੀ। ਮੇਰੀ ਬੇਟੀ ਆਖੇਗੀ, ਪਾਪਾ ਬੰਦ ਕਰੋ ਹੁਣ ਇਹ ਮਾਰ-ਧਾੜ; ਜਿਦਾਂ ਦੇ ਸ਼ਬਦ ਸੁਣੋਗੇ, ਉਦਾਂ ਦੇ ਹੀ ਸੁਪਨੇ ਆਉਣਗੇ। ਪਰ ਦਿਲ ਹੈ ਕਿ ਮਾਨਤਾ ਨਹੀਂ! ਕਈ ਵਾਰ ਮੈਂ ਸੋਚਦਾਂ ਜੰਗ ਬੰਦ ਵੀ ਹੋ ਜਾਵੇ ਤੇ ਇਰਾਨ ਨੂੰ ਗੋਡੇ ਵੀ ਨਾ ਟੇਕਣੇ ਪੈਣ। ਇਰਾਨ ਨਾਲ ਇਹ ਇੰਨੀ ਮੁਹੱਬਤ ਕਾਹਦੇ ਲਈ? ਇਹਦੇ ਬਾਰੇ ਮੈਨੂੰ ਪਤਾ ਨਹੀਂ।

ਅਮਰੀਕੀ ਸਦਰ ਡੋਨਾਲਡ ਟਰੰਪ ਨੇ ਕਿਹਾ ਕਿ ਜੰਗ ਜਲਦੀ ਖਤਮ ਹੋ ਜਾਵੇਗੀ, ਪਰ ਉਸੇ ਸ਼ਾਮ ਨੂੰ ਉਨ੍ਹਾਂ ਦੇ ਡਿਫੈਂਸ ਸੈਕਟਰੀ ਨੇ ਕਹਿ ਦਿੱਤਾ ਕਿ ਇਰਾਨ 'ਤੇ ਹਮਲੇ ਤੇਜ਼ ਕੀਤੇ ਜਾਣਗੇ ਅਤੇ ਇਰਾਨ ਲਈ ਕਿਆਮਤ ਦਾ ਦਿਨ ਹੋਵੇਗਾ। ਇਰਾਨ 'ਤੇ ਕੀ ਵਾਪਰੀ, ਮੈਂ ਹਾਲੇ ਖ਼ਬਰਾਂ ਨਹੀਂ ਸੁਣੀਆਂ, ਪਰ ਦਿਨ ਵੇਲੇ ਕਾਲੀ ਰਾਤ ਤਾਂ ਇੱਕ ਦਿਨ ਪਹਿਲਾਂ ਹੀ ਪੈ ਚੁੱਕੀ ਸੀ ਜਦੋਂ ਇਜ਼ਰਾਇਲ ਨੇ ਤਹਿਰਾਨ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ 'ਤੇ ਹਮਲਾ ਕਰਕੇ ਅੱਗ ਲਗਾ ਦਿੱਤੀ। ਮੋੜਵੇਂ ਰੂਪ ਵਿੱਚ ਇਰਾਨ ਨੇ ਵੀ ਕਹਿ ਦਿੱਤਾ ਕਿ 'ਅੱਖ ਵੱਟੇ ਅੱਖ, ਸਿਰ ਵੱਟੇ ਸਿਰ' ਲਿਆ ਜਾਵੇਗਾ। ਪਰਤਵੇਂ ਹਮਲੇ ਵਿੱਚ ਇਰਾਨ ਨੇ ਇਜ਼ਰਾਇਲ ਦੀ ਹਾਈਫਾ ਰਿਫਾਇਨਰੀ ਨੂੰ ਨਿਸ਼ਾਨਾ ਬਣਾਇਆ। ਇਰਾਨ ਭਿਆਨਕ ਬੰਬਾਰੀ ਦਾ ਸ਼ਿਕਾਰ ਹੈ, ਪਰ ਆਪਣੀ ਪੂਰੀ ਤਾਕਤ ਨਾਲ ਹਮਲਿਆਂ ਦਾ ਜਵਾਬ ਦੇ ਰਿਹੈ। ਜ਼ਖਮਾਂ ਨੂੰ ਝੱਲਣ ਅਤੇ ਪੀੜ ਨੂੰ ਜਰਨ ਦੀ ਸਮਰੱਥਾ ਵੀ ਰੱਖਦਾ ਤੇ ਆਖਰੀ ਸਾਹ ਤੱਕ ਲੜਨ ਦਾ ਜਿਗਰਾ ਵੀ; ਜਦਕਿ ਇਜ਼ਰਾਇਲ ਦਾ ਸੱਭਿਅਕ ਜਗਤ ਬੰਕਰਾਂ ਵਿੱਚ ਲੁਕਿਆ ਬੈਠਾ ਹੈ। ਅਮਰੀਕਾ ਨੂੰ ਦੂਜੇ ਮੁਲਕਾਂ ਦੇ ਸੋਮਿਆਂ 'ਤੇ ਕਬਜ਼ੇ ਕਰਨੇ ਪਸੰਦ ਹਨ, ਆਪਣੇ ਫੌਜੀਆਂ ਦੇ ਮੁੜਦੇ 'ਬੌਡੀ ਬੈਗ' ਪਸੰਦ ਨਹੀਂ। ਜੰਗ ਵੀ ਆਪਣੀ ਧਰਤੀ ਤੋਂ ਕਿਧਰੇ ਦੂਰ ਹੀ ਚੰਗੀ ਲਗਦੀ। ਜਦੋਂ 8 ਅਮਰੀਕੀ ਫੌਜੀਆਂ ਦੀ ਮੌਤ ਹੋਈ ਤਾਂ ਟਰੰਪ ਸਾਹਿਬ ਨੇ ਕਿਹਾ ਕਿ ਸ਼ੌਰਟ ਟਾਈਮ ਪੇਨ ਤੇ ਲਾਂਗ ਟਾਈਮ ਗੇਅਨ। ਜੰਗ ਦਾ ਸਾਹਮਣਾ ਕਰ ਰਹੇ ਮੁਲਕਾਂ ਵਿੱਚ ਬਹੁਤ ਸਾਰੇ ਸਾਧਾਰਨ ਲੋਕ ਨੇ, ਜਿਨ੍ਹਾਂ ਦਾ ਨਾ ਜੰਗ ਲਾਉਣ ਵਿੱਚ ਹੱਥ ਹੈ, ਨਾ ਹਟਾਉਣ ਵਿੱਚ; ਪਰ ਉਨ੍ਹਾਂ ਦੇ ਪੱਲੇ ਪੇਨ ਹੀ ਪੇਨ ਹੈ। ਇਨ੍ਹਾਂ ਦੁੱਖਾਂ ਦੀ ਦਾਰੂ ਕਿਸੇ ਕੋਲ ਹੈ? ਮੈਨੂੰ ਪੁਛਦੇ ਹੋ ਤਾਂ ਸਾਰੀ ਮਨੁੱਖਤਾ ਲਈ ਇੱਕੋ ਅੰਤਿਮ ਟਿਕਾਣਾ ਗੁਰੂ ਗ੍ਰੰਥ ਸਾਹਿਬ ਹੀ ਹਨ- ਦੁੱਖ ਦਾਰੂ ਸੁਖ ਰੋਗ ਭਇਆ। ਮਰਹੂਮ ਪੰਜਾਬੀ ਵਿਦਵਾਨ ਗੁਰਭਗਤ ਸਿੰਘ ਦੇ ਸ਼ਬਦਾਂ ਵਿੱਚ ਗੁਰੂ ਗ੍ਰੰਥ ਸਾਹਿਬ ਨੇ ਮੈਟਾਫਰ ਤੋਂ ਅੱਗੇ ਜਾ ਵੱਖ-ਵੱਖ ਧਰਮਾਂ-ਨਸਲਾਂ ਨੂੰ ਮਾਨਤਾ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਦੀ ਟੈਕਸਟ ਇਸ ਦੀ ਸਭ ਤੋਂ ਪਵਿੱਤਰ ਉਦਾਹਰਣ ਹੈ। ਵਿਸਮਾਦ ਭੇਦ, ਵੰਨ-ਸਵੰਨਤਾ ਦਾ ਰੂਹਾਨੀ ਜਸ਼ਨ ਹੈ। ਜਦੋਂ ਸੱਭਿਅਤਾਵਾਂ ਲੜ ਲੜ ਕੇ ਥੱਕ ਜਾਣਗੀਆਂ ਤਾਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਵਿੱਚ ਹੀ ਆਖਰੀ ਪਨਾਹ ਮਿਲੇਗੀ।

PRIME PROPERTY MANAGEMENT
Reliable Real Estate Solutions for Smart Investors

PRIME PROPERTY MANAGEMENT

Our Services Include:
• Full-Service Property Management
• Tenant Placement & Screening
• Buying & Selling Representation
• Investment Property Analysis
(Cap Rate, DSCR, Cash Flow)
• Rental Evaluations & Portfolio Growth Strategy

ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:
• ਪੂਰੀ-ਸੇਵਾ ਜਾਇਦਾਦ ਪ੍ਰਬੰਧਨ
• ਕਿਰਾਏਦਾਰ ਪਲੇਸਮੈਂਟ ਅਤੇ ਸਕ੍ਰੀਨਿੰਗ
• ਖਰੀਦਦਾਰੀ ਅਤੇ ਵੇਚਣ ਦੀ ਪ੍ਰਤੀਨਿਧਤਾ
• ਨਿਵੇਸ਼ ਜਾਇਦਾਦ ਵਿਸ਼ਲੇਸ਼ਣ (ਕੈਪ ਦਰ, DSCR, ਨਕਦ ਪ੍ਰਵਾਹ)
• ਕਿਰਾਏ ਦੇ ਮੁਲੰਕਣ ਤੇ ਪੋਰਟਫੋਲੀਓ ਵਿਕਾਸ ਰਣਨੀਤੀ



ਵਰੁਣ ਮਲਹੋਤਰਾ
ਫੋਨ: 331-203-3733
(ਸਥਾਨਕ ਨਿਵੇਸ਼ਕ ਅਤੇ ਰੀਅਲ ਅਸਟੇਟ ਪੇਸ਼ੇਵਰ)

ਭਾਵੇਂ ਤੁਸੀਂ ਨਿਵੇਸ਼ਕ, ਖਰੀਦਦਾਰ ਜਾਂ ਵਿਕਰੇਤਾ ਹੋ – ਅਸੀਂ ਤੁਹਾਨੂੰ ਉਚਿਤ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਡੇਟਾ-ਆਧਾਰਿਤ ਸੂਝ ਪ੍ਰਦਾਨ ਕਰਦੇ ਹਾਂ

Providing professional property management and real estate services across Illinois.

Serving Plainfield, Naperville, Romeoville, Lemont, Oswego & Surrounding Communities

Referrals are always appreciated

ਸ਼ਿਕਾਗੋਲੈਂਡ ਵਿੱਚ ਰਿਹਾਇਸ਼ੀ ਅਤੇ ਮਿਸ਼ਰਤ-ਵਰਤੋਂ ਵਾਲੀਆਂ ਜਾਇਦਾਦਾਂ ਨੂੰ ਪ੍ਰਾਪਤ ਕਰਨ, ਪ੍ਰਬੰਧਨ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਕੂਲ ਬਣਾਉਣ ਦਾ 10 ਸਾਲਾਂ ਤੋਂ ਵੱਧ ਦਾ ਤਜਰਬਾ...



Email: varun@primepropertymgnt.com - www.primepropertymgnt.com

# ਪੰਜਾਬ ਦੇ ਕਿਸਾਨ ਸੰਘਰਸ਼ ਅਤੇ ਪੰਜਾਬੀ/ਸਿੱਖ ਕੌਮੀਅਤ ਦਾ ਉਲਝਿਆ ਸਵਾਲ

## *ਰਾਜਨੀਤਿਕ ਅਗਵਾਈ ਦੇ ਵਿਕਾਸ ਤੋਂ ਬਿਨਾ ਮਸਲੇ ਦਾ ਹੱਲ ਸੰਭਵ ਨਹੀਂ

**ਜਸਵੀਰ ਸਿੰਘ ਸ਼ੀਰੀ**

ਪੰਜਾਬ ਵਿੱਚ ਕਿਸਾਨ ਸੰਘਰਸ਼ ਇੱਕ ਵੱਡੀ ਰਾਜਨੀਤਿਕ ਗਲਤੀ ਤੋਂ ਬਾਅਦ ਹਾਲੇ ਸਹਿਕ ਰਿਹਾ ਹੈ। ਪੂਰੇ ਦੇਸ਼ ਵਿੱਚ ਪੰਜਾਬ ਇੱਕੋ ਇੱਕ ਸੂਬਾ ਹੈ, ਜਿੱਥੋਂ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਵੱਡਾ ਸੰਘਰਸ਼ ਖੜ੍ਹਾ ਹੋਣ ਦੀ ਆਸ ਹਾਲੇ ਵੀ ਬਣੀ ਹੋਈ ਹੈ। ਅਜਿਹੀ ਆਸ ਇਕੱਲੀ ਕਿਸਾਨ ਜਥੇਬੰਦੀਆਂ ਕਰਕੇ ਨਹੀਂ ਹੈ, ਸਗੋਂ ਪੰਜਾਬ ਵਿੱਚ ਸਿੱਖ ਧਰਮ ਵੱਲੋਂ ਲੰਗਰ, ਪੰਗਤ ਅਤੇ ਸੰਗਤ ਜਿਹੀਆਂ ਸੰਸਥਾਵਾਂ ਦੇ ਕਾਰਨ ਵੀ ਇਹ ਆਸ ਜੀਵਿਤ ਹੈ। ਇਸੇ ਕਰਕੇ ਹਿੰਦੁਸਤਾਨ ਹੀ ਨਹੀਂ, ਸਾਰੀ ਦੁਨੀਆਂ ਦੇ ਕਿਸਾਨ ਆਪਣੇ ਹਿੱਤਾਂ ਲਈ ਹੋਣ ਵਾਲੀ ਅੰਤਿਮ ਲੜਾਈ ਲਈ ਪੰਜਾਬ ਵੱਲ ਵੇਖ ਰਹੇ ਹਨ।

ਜੇ 2021 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਾਲਵੇ ਦੇ ਕਿਸਾਨ ਆਗੂ ਜੁਗਿੰਦਰ ਸਿੰਘ ਉਗਰਾਹਾਂ ਨੇ ਆਮ ਆਦਮੀ ਪਾਰਟੀ ਦੀ ਮਦਦ ਨਾ ਕਰਕੇ ਚੋਣਾਂ ਲੜਨ ਵਾਲੇ ਕਿਸਾਨਾਂ ਦੀ ਮਦਦ ਕੀਤੀ ਹੁੰਦੀ ਤਾਂ ਆਪਣੇ ਵਰਕਰਾਂ ਦੀਆਂ ਪੰਜਾਬ ਪੁਲਿਸ ਤੋਂ ਲੱਤਾਂ ਤੁੜਵਾਉਣ ਵਾਲੇ ਇਹ ਦਿਨ ਉਸ ਨੂੰ ਵੇਖਣੇ ਨਹੀਂ ਸਨ ਪੈਣੇ। ਖੱਬੇ ਪੱਖੀ ਜਥੇਬੰਦੀਆਂ ਨਾਲ ਜੁੜੀਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਅਸਾਧ ਰੋਗ ਲੱਗਾ ਹੋਇਆ ਹੈ। ਇਹ ਜਥੇਬੰਦੀਆਂ ਆਪਣੇ ਖਿੱਤੇ ਦੇ ਇਤਿਹਾਸ ਤੋਂ ਕੋਈ ਪ੍ਰੇਰਣਾ ਹਾਸਲ ਕਰਨ ਜਾਂ ਆਪਣੇ ਖਿੱਤੇ ਵਿੱਚ ਸਿੱਖ ਧਰਮ ਵੱਲੋਂ ਕਾਇਮ ਕੀਤੀਆਂ ਗਈ ਵਿਲੱਖਣ ਸੰਸਥਾਵਾਂ ਦੀ ਉਨ੍ਹਾਂ ਦੇ ਸੰਘਰਸ਼ਾਂ ਵਿੱਚ ਯੋਗਦਾਨ ਦਾ ਜ਼ਿਕਰ ਕਰਨਾ ਆਪਣੀ ਹੇਠੀ ਸਮਝਦੀਆਂ ਹਨ (ਦੂਜੇ ਪਾਸੇ ਸਿੱਖਾਂ ਦੇ ਕੱਟੜਵਾਦੀ ਅੰਸ਼ ਖੱਬੇ ਪੱਖੀਆਂ ਨੂੰ ਚਿਮਟੇ ਨਾਲ ਛੂਹਣ ਲਈ ਵੀ ਤਿਆਰ ਨਹੀਂ ਹਨ)। ਯਾਦ ਰਹੇ, ਪੰਜਾਬ ਵਿੱਚ ਇਹ ਉਸੇ ਪਾਰਟੀ ਦੀ ਸਰਕਾਰ ਹੈ, ਜਿਸ ਨੂੰ ਜੁਗਿੰਦਰ ਸਿੰਘ ਉਗਰਾਹਾਂ ਨੇ ਆਪਣਾ ਸਾਰਾ ਜ਼ੋਰ ਲਗਾ ਕੇ ਵੋਟਾਂ ਪਵਾਈਆਂ ਸਨ ਤਾਂ ਕਿ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਚੋਣਾਂ ਲੜਨ ਵਾਲੀ ਧਿਰ ਦੇ ਕਿਧਰੇ ਪੈਰ ਨਾ ਲੱਗ ਜਾਣ।

ਜਦੋਂ ਦਿੱਲੀ ਵਾਲੇ ਕਿਸਾਨ ਸੰਘਰਸ਼ ਨੂੰ ਖਤਮ ਕਰਨ ਦਾ ਐਲਾਨ ਕੀਤਾ ਗਿਆ ਤਾਂ ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਦਾ ਮਾਹੌਲ ਬਣਨਾ ਸ਼ੁਰੂ ਹੋ ਗਿਆ ਸੀ। ਕਿਸਾਨ ਜਥੇਬੰਦੀਆਂ ਦੇ ਪੱਲੇ ਜੇ ਕਿਸਾਨ ਹਿੱਤਾਂ ‘ਤੇ ਪਹਿਰਾ ਦੇਣ ਵਾਲੀ ਰਾਜਨੀਤਿਕ ਸੋਝੀ ਹੁੰਦੀ ਤਾਂ ਪੰਜਾਬ ਵਿੱਚ 2021 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸੰਘਰਸ਼ ਲੜਨ ਵਾਲੀਆਂ ਜਥੇਬੰਦੀਆਂ ਨੂੰ ਸਮੂਹਿਕ ਰੂਪ ਵਿੱਚ ਚੋਣਾਂ ਲੜਨੀਆਂ ਚਾਹੀਦੀਆਂ ਸਨ। ਨਿਰਸੰਦੇਹ ਜੁਗਿੰਦਰ ਸਿੰਘ ਉਗਰਾਹਾਂ ਵਾਲੇ ਸੰਗਠਨ ਦਾ ਮਾਲਵੇ ਦੇ ਕਿਸਾਨਾਂ ਵਿੱਚ ਵੱਡਾ ਆਧਾਰ ਹੈ ਅਤੇ ਇਹ ਰਾਜ ਦੇ ਵੋਟ ਅਮਲ ਨੂੰ ਵੀ ਪ੍ਰਭਾਵਤ ਕਰਦਾ ਹੈ। ਉਸ ਤੋਂ ਬਿਨਾ ਮਾਲਵੇ ਵਿੱਚ ਕਿਸਾਨਾਂ ਦੇ ਕੁਝ ਹੋਰ ਸੰਗਠਨ ਵੀ ਹਨ। ਦੁਆਬੇ ਵਿੱਚ, ਦੁਆਬਾ ਕਿਸਾਨ ਸੰਘਰਸ਼ ਕਮੇਟੀ ਅਤੇ ਮਾਝੇ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦਾ ਕਾਫੀ ਆਧਾਰ ਹੈ।

ਮੇਰੀ ਸਮਝ ਹੈ ਕਿ ਕਿਸਾਨਾਂ ਦੀਆਂ ਯੂਨੀਅਨਾਂ ਹੋਣ ਅਤੇ ਆਪਣੇ ਹਿੱਤਾਂ ਲਈ ਸੰਘਰਸ਼ ਕਰਦੀਆਂ ਰਹਿਣ; ਤੇ ਸਰਕਾਰੀ ਨੀਤੀਆਂ ਪ੍ਰਤੀ ਸਤਰਕ ਰਹਿਣ। ਇਨ੍ਹਾਂ ਦੀ ਹੋਂਦ ਹੀ ਰਾਜਨੀਤਿਕ ਸੰਗਠਨਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਆਪਣੇ ਖਿਲਾਫ ਜਾਣ ਤੋਂ ਰੋਕਦੀ ਰਹਿੰਦੀ ਹੈ। ਇਸ ਮਕਸਦ ਲਈ ਉਹ ਜਮਹੂਰੀ ਜਨਤਕ ਸੰਘਰਸ਼ ਦਾ ਆਸਰਾ ਲੈਂਦੀਆਂ ਹਨ; ਪਰ ਕਿਸਾਨਾਂ ਕੋਲ ਆਪਣਾ ਇੱਕ ਰਾਜਨੀਤਿਕ ਸੰਗਠਨ ਹੋਣਾ ਵੀ ਬਹੁਤ ਜ਼ਰੂਰੀ ਹੈ, ਜਿਹੜਾ ਜੇ ਕਦੀ ਸੱਤਾ ਵਿੱਚ ਭਾਈਵਾਲ ਬਣੇ ਤਾਂ ਕਿਸਾਨਾਂ ਦੇ ਹੱਕ ਵਿੱਚ ਨੀਤੀਆਂ ਬਣਵਾਉਣ ਵਿੱਚ ਸਹਾਈ ਹੋ ਸਕੇ। ਆਪਣੀ-ਆਪਣੀ ਜਨਤਕ ਸਰਗਰਮੀ ਅਤੇ ਰਾਜਨੀਤਿਕ ਅਗਵਾਈ ਦੇ ਸੁਮੇਲ ਤੋਂ ਬਿਨਾ ਪੰਜਾਬ ਦਾ ਕਿਸਾਨ ਸੰਘਰਸ਼ ਅੱਗੇ ਨਹੀਂ ਵਧ ਸਕਦਾ। (ਇਸ ਦੀ ਗੈਰ-ਹਾਜ਼ਰੀ ਵਿੱਚ ਗਰੀਬ ਕਿਸਾਨਾਂ ਲਈ ਖੁਦਕੁਸ਼ੀ ਵਾਲਾ ਰਾਹ ਹੀ ਬਚੇਗਾ) ਇਸ ਦਾ ਹੁਣ ਬਹੁਤ ਸਾਰੇ ਕਿਸਾਨ ਸੰਗਠਨਾਂ ਨੂੰ ਅਹਿਸਾਸ ਜ਼ਰੂਰ ਹੋ ਰਿਹਾ ਹੋਵੇਗਾ, ਜਦੋਂ ਕਿਸਾਨ ਆਗੂ ਤੇ ਕਾਰਕੁੰਨ ਪੰਜਾਬ ਦੇ ਮੌਜੂਦਾ ਸ਼ਾਸਕਾਂ ਦੀ ਸ਼ਸ਼ਕੇਰੀ ਪੰਜਾਬ ਪੁਲਿਸ ਤੋਂ ਲੱਤਾਂ ਤੁੜਵਾ ਰਹੇ ਹਨ।

ਉਗਰਾਹਾਂ ਗਰੁੱਪ ਵੱਲੋਂ 18 ਫਰਵਰੀ ਨੂੰ ਬਠਿੰਡੇ ਦੇ ਡੀ.ਸੀ. ਦਾ ਘਿਰਾਓ ਕਰਨ ਲਈ ਯਤਨ ਕੀਤਾ ਗਿਆ ਤਾਂ ਐਸ.ਐਸ.ਪੀ. ਜਿਓਤੀ ਯਾਦਵ ਦੀ ਅਗਵਾਈ ਵਿੱਚ ਪੁਲਿਸ ਨੇ ਨਾ ਸਿਰਫ ਕਿਸਾਨਾਂ ‘ਤੇ ਬੇਵਜਾਹ ਲਾਠੀਚਾਰਜ ਕੀਤਾ, ਸਗੋਂ ਚਰਨਜੀਤ ਸਿੰਘ ਨਾਂ ਦੇ ਇੱਕ ਗਰੀਬ ਕਿਸਾਨ ਦੀ ਲੱਤ ਕਈ ਥਾਂ ਤੋਂ ਤੋੜ ਦਿੱਤੀ। ਲੋਹੇ ਦੀਆਂ ਰਾਡਾਂ ਮਾਰ ਕੇ ਉਸ ਦੀ ਲੱਤ ਨੂੰ ਕਈ ਥਾਵਾਂ ਤੋਂ ਤੋੜ ਦਿੱਤਾ ਗਿਆ। ਇਸ ਤੋਂ ਇਲਾਵਾ ਉਸ ਦੇ ਸਿਰ ਵਿੱਚ ਵੀ ਰਾਡ ਮਾਰੀ ਗਈ। ਸਿਰ ਦਾ ਜ਼ਖਮ ਸੀਣ ਲਈ ਡਾਕਟਰਾਂ ਨੇ 12 ਟਾਂਕੇ ਲਗਾਏ। ਬੇਰਹਿਮੀ ਦੀ ਹੱਦ ਇਹ ਕਿ ਉਸ ਜਖਮੀ ਕਿਸਾਨ ਨੂੰ ਘੜੀਸ ਕੇ ਗੱਡੀ ਵਿੱਚ ਸੁੱਟਿਆ ਗਿਆ। ਇਸ ਨਾਲ ਉਸ ਦੀ ਢੂਹੀ ਵੀ ਰਗੜੀ ਗਈ। ਇੰਨੀਆਂ ਸੱਟਾਂ ਦੇ ਬਾਵਜੂਦ ਤਿੰਨ ਘੰਟੇ ਪੁਲਿਸ ਨੇ ਉਸ ਦੀ ਕੋਈ ਖ਼ਬਰ ਨਹੀਂ ਲਈ। ਲਗਾਤਾਰ ਜ਼ਖਮ ਵਿੱਚੋਂ ਲਹੂ ਵਹਿੰਦਾ ਰਿਹਾ।

ਇਸ ਕਿਸਾਨ ਕੋਲ ਸਿਰਫ ਦੋ ਕਿੱਲੇ ਜ਼ਮੀਨ ਹੈ, ਜਿਸ ਵਿੱਚੋਂ ਇੱਕ ਕਿੱਲਾ ਗਹਿਣੇ ਪਿਆ ਹੋਇਆ। ਹੁਣ ਲੱਤ ਟੁੱਟਣ ‘ਤੇ ਹੋਣ ਵਾਲਾ ਖ਼ਰਚ ਉਸ ਨੂੰ ਆਰਥਕ ਤੌਰ ‘ਤੇ ਹੋਰ ਤੋੜ ਸਕਦਾ ਹੈ। ਉਸ ਨੂੰ ਗਹਿਣੇ ਪਈ ਆਪਣੀ ਜ਼ਮੀਨ ਬੈਅ ਵੀ ਕਰਨੀ ਪੈ ਸਕਦੀ ਹੈ। ਇਸ ਹਾਲਤ ਵਿੱਚ ਜੇ ਕਿਸਾਨ ਜਥੇਬੰਦੀਆਂ ਦੀ ਕੋਈ ਧਿਰ ਸੱਤਾ ਵਿੱਚ ਭਾਈਵਾਲ ਹੁੰਦੀ ਤਾਂ ਪਹਿਲੀ ਗੱਲ ਤਾਂ ਇਸ ਕਿਸਮ ਦੇ ਤਸ਼ੱਦਦ ਦੀ ਨੌਬਤ ਹੀ ਨਹੀਂ ਸੀ ਆਉਣੀ ਤੇ ਜੇ ਕਿਧਰੇ ਪੁਲਿਸ ਵਗੈਰਾ ਦੀ ਅਣਗਹਿਲੀ ਕਰਕੇ ਅਜਿਹੀ ਘਟਨਾ ਵਾਪਰ ਵੀ ਜਾਂਦੀ ਤਾਂ ਸੱਤਾ ਵਿੱਚ ਮੌਜੂਦ ਕਿਸਾਨ ਆਗੂ ਜ਼ਬਰ ਦਾ ਸ਼ਿਕਾਰ ਹੋਣ ਵਾਲੇ ਕਿਸਾਨ ਦੀ ਸਰਕਾਰ ਵੱਲੋਂ ਮਦਦ ਕਰਨ ਦੇ ਸਮਰੱਥ ਹੁੰਦੇ।

ਇਹ ਪੱਖ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਦੁਨੀਆਂ ਭਰ ਦੇ ਵੱਡੇ/ਬੇਇਮਾਨ ਬਾਣੀਏ (ਇਹ ਸ਼ਬਦ ਮੈਂ ਛੋਟੀਆਂ-ਛੋਟੀਆਂ ਦੁਕਾਨਾਂ ਕਰਨ ਵਾਲੇ ਹੱਟਵਾਣੀਆਂ ਲਈ ਨਹੀਂ ਵਰਤਦਾ) ਅਤੇ ਲਿੰਗ ਪੂਜਕ (ਐਪਸਟੀਨ ਗੈਂਗ) ਇੱਕ ਮਿੱਕ ਹੋ ਗਏ ਹਨ। ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਹੀ ਰਾਜਸੀ ਸੱਤਾ ਦੀ ਵਰਤੋਂ ਕਰਦੀਆਂ ਹਨ। ਇਸ ਹਾਲਤ ਵਿੱਚ ਪੰਜਾਬ ਦੇ ਕਿਸਾਨ ਇੱਕ ਜਮਾਤ ਵਜੋਂ ਆਪਣੇ ਹਿੱਤਾਂ/ਜੀਵਨ ਜਾਚ ਦੀ ਬਿਨਾ ਰਾਜਸੀ ਆਗਵਾਈ ਤੋਂ ਰਾਖੀ ਭਲਾਂ ਕਿੱਦਾਂ ਕਰ ਸਕਦੇ ਹਨ? ਪੰਜਾਬ ਦਾ ਕਿਸਾਨ ਸੰਘਰਸ਼ ਜਿੱਥੇ ਖੜ੍ਹਾ ਹੈ, ਉਸ ਦੇ ਰਾਜਸੀ ਵਿੰਗ ਦਾ ਵਿਕਾਸ ਹੀ ਅੰਤਿਮ ਲੜਾਈ ਵਿੱਚ ਉਸ ਦਾ ਬਚਾਅ ਕਰ ਸਕਦਾ ਹੈ। ਇਸ ਦੀ ਗੈਰ-ਮੌਜੂਦਗੀ ਵਿੱਚ ਕਿਸਾਨ ਸੰਗਠਨ ਆਪਣੇ ਸੰਘਰਸ਼ ਰਾਹੀਂ ਟੱਕਰਾਂ ਤਾਂ ਮਾਰ ਸਕਦੇ ਹਨ, ਪਰ ਆਪਣੇ ਸੰਘਰਸ਼ਾਂ ਰਾਹੀਂ ਆਪਣੀ ਹੋਣੀ ਨਹੀਂ ਬਦਲ ਸਕਦੇ।

ਇਨ੍ਹਾਂ ਪੱਖਾਂ ਤੋਂ ਪੰਜਾਬ ਵਿੱਚ ਇਹ ਮਸਲਾ ਹੋਰ ਵੀ ਗੁੰਝਲਦਾਰ ਹੋਇਆ ਪਿਆ ਹੈ। ਪੰਜਾਬ ਦੇ ਕਿਸਾਨਾਂ ਅਤੇ ਹੋਰ ਖੇਤੀ ਕਾਮਿਆਂ ਦਾ ਮਸਲਾ ਇਨ੍ਹਾਂ ਦੇ ਸਿਰਫ ਜਮਾਤੀ/ਆਰਥਿਕ ਹਿੱਤਾਂ ਦਾ ਮਸਲਾ ਹੀ ਨਹੀਂ ਹੈ, ਸਗੋਂ ਵੱਡੇ ਸ਼ਹਿਰਾਂ ਵਿੱਚ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਢਾਅ ਲੱਗਣ ਕਾਰਨ ਪੰਜਾਬ ਦੇ ਕਿਸਾਨ, ਖੇਤ ਮਜ਼ਦੂਰ ਅਤੇ ਹੋਰ ਕਿੱਤੇ ਕਰਨ ਵਾਲੇ ਦਿਹਾਤੀ ਲੋਕ ਹੀ ਪੰਜਾਬੀ/ਸਿੱਖ ਕੌਮੀਅਤ ਦੀ ਆਖਰੀ ਹੋਂਦ ਦੇ ਤੌਰ ‘ਤੇ ਬਾਕੀ ਬਚਦੇ ਹਨ। ਇਸ ਲਈ ਪੰਜਾਬ ਵਿੱਚ ਪੰਜਾਬੀ/ਸਿੱਖ ਕੌਮੀਅਤ ਦਾ ਮਸਲਾ ਅਤੇ ਪੰਜਾਬੀ ਕਿਸਾਨਾਂ, ਪੇਂਡੂ ਕਾਮਿਆਂ ਅਤੇ ਕਾਰੀਗਰਾਂ ਦੇ ਜਮਾਤੀ ਮਸਲੇ ਇੱਕ-ਦੂਜੇ ਨਾਲ ਇੱਕ-ਮਿੱਕ ਹੋ ਗਏ ਹਨ। ਇਹੋ ਲੋਕ ਹਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਹਾਲੇ ਤੱਕ ਵੀ ਸਾਂਭ ਕੇ ਰੱਖਿਆ ਹੋਇਆ ਹੈ। ਜਿੱਥੋਂ ਤੱਕ ਸ਼ਹਿਰੀ ਅਤੇ ਸਨਅਤੀ ਮਜ਼ਦੂਰਾਂ ਅਤੇ ਹੋਰ ਤਕਨੀਕੀ ਕਾਮਿਆਂ ਦਾ ਸਵਾਲ ਹੈ, ਉਸ ਵਿੱਚ ਹਿੰਦੀ ਭਾਸ਼ੀ ਆਬਾਦੀ ਭਾਰੂ ਹੋ ਗਈ ਹੈ। ਇਸੇ ਕਰਕੇ ਪੰਜਾਬ ਦੀ ਕਿਸਾਨ ਲਹਿਰ ਜਿੱਥੇ ਖੜ੍ਹੀ ਹੈ, ਉਸ ਨੂੰ ਪੰਜਾਬ ਦੇ ਸਿੱਖ ਸੱਭਿਆਚਾਰ, ਇਤਿਹਾਸ ਅਤੇ ਸੰਸਥਾਵਾਂ ਦਾ ਆਸਰਾ ਲੈਣ ਵੱਲ ਪਰਤਣਾ ਹੀ ਪੈਣਾ ਹੈ। ਇਸ ਲਈ ਪੰਜਾਬ ਦੀ ਖੱਬੇ ਪੱਖੀ ਸੰਗਠਨਾਂ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਨੂੰ ਸਿੱਖ/ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਕੌਮੀਅਤ ਦੇ ਮਸਲਿਆਂ ਨਾਲ ਆਪਣੇ ਆਪ ਨੂੰ ਇੱਕ-ਮਿੱਕ ਕਰਨ ਵੱਲ ਤੱਦੀ ਨਾਲ ਧਿਆਨ ਦੇਣਾ ਚਾਹੀਦਾ ਹੈ। ਤੁਹਾਨੂੰ ਇਸ ਹਕੀਕਤ ਦਾ ਪਤਾ ਹੋਵੇ ਜਾਂ ਨਾਂ ਪਰ ਤੁਹਾਡੇ ਦੁਸ਼ਮਣ ਨੂੰ ਇਸ ਹਕੀਕਤ ਦਾ ਚੰਗੀ ਤਰ੍ਹਾਂ ਪਤਾ ਹੈ। ਇਸੇ ਲਈ ਉਹ ਪੰਜਾਬ ਵਿੱਚ ਇੱਕ ਜਾਤੀ ਦੁਫੇੜ ਖੜ੍ਹੀ ਕਰਨ ਲਈ ਕਾਹਲੇ ਹਨ। ਇਸ ਦਾ ਤੋੜ ਸਿੱਖ ਧਰਮ ਦਾ ਸਰਬਸਾਂਝੀਵਾਲਤਾ ਵਾਲਾ ਸੱਭਿਆਚਾਰ ਹੀ ਹੋ ਸਕਦਾ ਹੈ। ਪੰਜਾਬ ਦੇ ਕਿਸਾਨ ਸੰਗਠਨਾਂ ਨੂੰ ਵੀ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਦੋਂ ਉਹ ਕਿਸਾਨ ਮੰਗਾਂ ਲਈ ਲੜਦੇ ਹਨ ਤਾਂ ਸਿਰਫ ਕਿਸਾਨ ਮੰਗ ਲਈ ਹੀ ਨਹੀਂ ਲੜ ਰਹੇ ਹੁੰਦੇ, ਸਗੋਂ ਪੰਜਾਬ ਦੀ ਇੱਕ ਕੌਮੀਅਤ ਵਜ਼ੋਂ ਵੀ ਅਗਵਾਈ ਕਰ ਰਹੇ ਹੁੰਦੇ ਹਨ।

ਪੰਜਾਬ ਦੇ ਮੌਜੂਦਾ ਸਮਾਜ ਦੀ ਇਸ ਬਣਤਰ ਕਾਰਨ ਹੀ ਆਪਣੀ ਕੌਮੀਅਤ, ਭਾਸ਼ਾ ਅਤੇ ਸੱਭਿਅਚਾਰ ਦੀ ਹੋਂਦ ਹਸਤੀ ਦੇ ਮਸਲਿਆਂ ਦਾ ਭਾਰ ਵੀ ਉਨ੍ਹਾਂ ਨੂੰ ਮਹਿਸੂਸ ਹੋਣਾ ਚਾਹੀਦਾ ਹੈ। ਇਸ ਮਕਸਦ ਲਈ ਕਿਸਾਨ ਸੰਗਠਨਾਂ ਨੂੰ ਪੰਜਾਬ ਦੀਆਂ ਸਿੱਖ ਸੰਸਥਾਵਾਂ ਅਤੇ ਸੱਭਿਆਚਾਰ ਨਾਲ ਵੀ ਇੱਕ-ਮਿਕ ਹੋਣਾ ਪਏਗਾ। ਇਹੋ ਸਾਡੀ ਹੋਂਦ ਹਸਤੀ ਦਾ ਵੱਡਾ ਸਵਾਲ ਹੈ। ਗੁਰੂ ਮਹਾਰਾਜ ਵੱਲੋਂ ਸਾਨੂੰ ਬਖਸ਼ਿਆ ਗਿਆ ਪੰਜਾਬੀ ਭਾਸ਼ਾ ਅਤੇ ਗੁਰਮਖੀ ਲਿਪੀ ਦਾ ਸਮੇਲ ਇੱਕ ਵੱਡਾ ਕ੍ਰਿਸ਼ਮਾ ਹੈ। ਇਸ ਸਾਰੇ ਕੁਝ ਦੇ ਬਚਾਅ ਲਈ ਇੱਕ ਰਾਜਨੀਤਿਕ ਸੰਗਠਨਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸੇ ਤਰ੍ਹਾਂ ਜਿਹੜਾ ਸੰਗਠਨ ਪੰਜਾਬ ਦੀ ਇੱਕ ਕੌਮੀਅਤ ਵਜੋਂ ਅਗਵਾਈ ਕਰੇਗਾ, ਉਸ ਦਾ ਪੰਜਾਬ ਦੇ ਕਿਸਾਨ ਸੰਘਰਸ਼ ਨਾਲ ਵੀ ਰੂਹ ਤੇ ਬੁੱਤ ਵਾਲਾ ਸੁਮੇਲ ਹੋਏਗਾ। ਪੰਜਾਬ ਦੇ ਕਿਸਾਨਾਂ ਅਤੇ ਹੋਰ ਜ਼ਮੀਨ ਵਿਹੂਣੇ ਲੋਕਾਂ ਨਾਲ ਅਜਿਹੇ ਸੰਗਠਨ ਦਾ ਔਰਗੈਨਿਕ (ਸਜੀਵ) ਰਿਸ਼ਤਾ ਹੋਣਾ ਚਾਹੀਦਾ ਹੈ।

ratebeat MORTGAGE
Harbirinder Virk
Mortgage Loan Officer
MLS ID: 2212343
Call For All Your Mortgage Lending Needs!
ਮੌਰਗੇਜ ਲੋੜਾਂ ਸਬੰਧੀ ਸੰਪਰਕ ਕਰੋ
Ph: 847-942-9046
harbirv@gmail.com

Tax Preparation & Advisory Services
Business & Individual Tax Returns
Business Structuring
IRS Representation
Payroll Services
Bookkeeping
Sales Tax
SSK TAX ADVISORS PLLC
Call Today!
224-226-1541
jeet.singh@ssktaxadvisors.com
www.ssktaxadvisors.com
1600 McConnor Pkwy Suite 1100 Schaumburg, IL 60173

Inderjeet Singh, CPA
Trusted Tax Professionals
ਟੈਕਸ, ਪੇਅ ਰੋਲ, ਬੁੱਕ ਕੀਪਿੰਗ, ਆਈ ਆਰ ਐੱਸ ਰੀਪ੍ਰੈਜ਼ੈਂਟੇਸ਼ਨ ਅਤੇ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀ ਸਲਾਹ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

# ਪੰਜਾਬ ਕਾਂਗਰਸ ਦਾ 'ਮਿਸ਼ਨ ਇੱਕਜੁਟਤਾ' 2027 ਦੀ ਚੋਣ ਤੋਂ ਪਹਿਲਾਂ ਵੱਡੀ ਚੁਣੌਤੀ

## *ਧੜੇਬੰਦੀ ਦੇ ਸਬਕ- ਹੁਣ ਇਕੱਠੇ ਹੋ ਕੇ ਮੈਦਾਨ ਫ਼ਤਿਹ ਕਰਨ ਦੀਆਂ ਕੋਸ਼ਿਸ਼ਾਂ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਦੀ ਰਾਜਨੀਤੀ ਵਿੱਚ ਇਹ ਗੱਲ ਕਈ ਵਾਰ ਸਾਬਤ ਹੋ ਚੁੱਕੀ ਹੈ ਕਿ ਜਦੋਂ ਵੀ ਕਾਂਗਰਸ ਇੱਕਜੁੱਟ ਹੋ ਕੇ ਚੋਣ ਮੈਦਾਨ ਵਿੱਚ ਉਤਰੀ ਹੈ, ਉਸਨੇ ਸੱਤਾ ਤੱਕ ਦਾ ਸਫ਼ਰ ਤੈਅ ਕੀਤਾ ਹੈ; ਪਰ ਇਸਦੇ ਨਾਲ ਹੀ ਇਹ ਵੀ ਸੱਚ ਹੈ ਕਿ ਅੰਦਰੂਨੀ ਖਿੱਚੋਤਾਣ, ਨੇਤਾਵਾਂ ਵਿਚਾਲੇ ਗੁੱਟਬੰਦੀ ਅਤੇ ਲੀਡਰਸ਼ਿੱਪ ਦੇ ਸੰਘਰਸ਼ ਨੇ ਪਾਰਟੀ ਨੂੰ ਲੰਬੇ ਸਮੇਂ ਲਈ ਸੱਤਾ ਵਿੱਚ ਟਿਕਣ ਨਹੀਂ ਦਿੱਤਾ। ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਕਾਂਗਰਸ ਹਾਈਕਮਾਨ ਨੇ 'ਮਿਸ਼ਨ ਇੱਕਜੁਟਤਾ' ਦੀ ਸ਼ੁਰੂਆਤ ਕੀਤੀ ਹੈ। ਇਸ ਮੁਹਿੰਮ ਦੀ ਜ਼ਿੰਮੇਵਾਰੀ ਪੰਜਾਬ ਕਾਂਗਰਸ ਦੇ ਇੰਚਾਰਜ ਅਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਨੂੰ ਸੌਂਪੀ ਗਈ ਹੈ। ਉਨ੍ਹਾਂ ਨੂੰ ਖ਼ਾਸ ਤੌਰ 'ਤੇ ਵੱਖ-ਵੱਖ ਧੜਿਆਂ ਨੂੰ ਇਕੱਠਾ ਕਰਨ ਅਤੇ ਚੋਣਾਂ ਤੋਂ ਪਹਿਲਾਂ ਪਾਰਟੀ ਮਜਬੂਤ ਕਰਨ ਦਾ ਟਾਸਕ ਦਿੱਤਾ ਗਿਆ ਹੈ।

ਬਰਨਾਲਾ ਰੈਲੀ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸਪਸ਼ਟ ਸੰਦੇਸ਼ ਦਿੱਤਾ ਕਿ ਜੋ ਵੀ ਨੇਤਾ ਟੀਮ ਪਲੇਅਰ ਵਜੋਂ ਕੰਮ ਨਹੀਂ ਕਰੇਗਾ, ਉਸਨੂੰ 'ਰਿਜ਼ਰਵ ਬੈਂਚ' 'ਤੇ ਬਿਠਾਇਆ ਜਾ ਸਕਦਾ ਹੈ। ਇਹ ਸੰਕੇਤ ਸਿਰਫ਼ ਇੱਕ ਚੇਤਾਵਨੀ ਨਹੀਂ ਸੀ, ਸਗੋਂ ਪਾਰਟੀ ਅੰਦਰ ਅਨੁਸ਼ਾਸਨ ਅਤੇ ਇੱਕਜੁਟਤਾ ਲਿਆਉਣ ਦਾ ਇਸ਼ਾਰਾ ਸੀ।

ਪਾਰਟੀ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ 2027 ਦੀ ਚੋਣ ਮੁੱਖ ਮੰਤਰੀ ਚਿਹਰੇ ਤੋਂ ਬਿਨਾ ਲੜੀ ਜਾਵੇਗੀ। ਚੋਣ ਨਤੀਜਿਆਂ ਤੋਂ ਬਾਅਦ ਵਿਧਾਇਕ ਦਲ ਫ਼ੈਸਲਾ ਕਰੇਗਾ ਕਿ ਮੁੱਖ ਮੰਤਰੀ ਕੌਣ ਬਣੇਗਾ। ਇਹ ਰਣਨੀਤੀ ਗੁੱਟਬੰਦੀ ਨੂੰ ਰੋਕਣ ਲਈ ਮੰਨੀ ਜਾ ਰਹੀ ਹੈ, ਕਿਉਂਕਿ ਪਹਿਲਾਂ ਮੁੱਖ ਮੰਤਰੀ ਚਿਹਰੇ ਨੂੰ ਲੈ ਕੇ ਅੰਦਰੂਨੀ ਟਕਰਾਅ ਪਾਰਟੀ ਨੂੰ ਨੁਕਸਾਨ ਪਹੁੰਚਾਉਂਦੇ ਰਹੇ ਹਨ।

### ਕੀ ਕਹਿੰਦੇ ਹਨ ਇਤਿਹਾਸਕ ਅੰਕੜੇ?

ਪਿਛਲੇ ਲਗਭਗ 50 ਸਾਲਾਂ ਵਿੱਚ ਪੰਜਾਬ ਵਿੱਚ ਹੋਈਆਂ 10 ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਚਾਰ ਵਾਰ ਸੱਤਾ ਵਿੱਚ ਆਈ, ਪਰ ਇੱਕ ਵਾਰ ਵੀ ਲਗਾਤਾਰ ਦੂਜੀ ਵਾਰ ਸਰਕਾਰ ਨਹੀਂ ਬਣਾ ਸਕੀ। 1980 ਵਿੱਚ ਕਾਂਗਰਸ ਨੇ 63 ਸੀਟਾਂ ਅਤੇ 45.2 ਫ਼ੀਸਦੀ ਵੋਟਾਂ ਨਾਲ ਸਰਕਾਰ ਬਣਾਈ। ਉਸ ਵੇਲੇ ਦਰਬਾਰਾ ਸਿੰਘ ਮੁੱਖ ਮੰਤਰੀ ਬਣੇ। ਹਾਲਾਂਕਿ ਇਸ ਦੌਰਾਨ ਕਾਨੂੰਨ-ਵਿਵਸਥਾ ਦੀਆਂ ਸਮੱਸਿਆਵਾਂ ਕਾਰਨ ਡੇਢ ਸਾਲ ਰਾਸ਼ਟਰਪਤੀ ਸ਼ਾਸਨ ਵੀ ਲਾਗੂ ਰਿਹਾ। 1985 ਵਿੱਚ ਪਾਰਟੀ 32 ਸੀਟਾਂ 'ਤੇ ਆ ਗਈ।

1992 ਦੀ ਚੋਣ ਵਿੱਚ ਕਾਂਗਰਸ ਨੇ 87 ਸੀਟਾਂ ਅਤੇ 43.8 ਫ਼ੀਸਦੀ ਵੋਟ ਹਾਸਲ ਕੀਤੇ। ਇਸ ਕਾਰਜਕਾਲ ਦੌਰਾਨ ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ ਅਤੇ ਰਾਜਿੰਦਰ ਕੌਰ ਭੱਠਲ ਵਾਰੀ-ਵਾਰੀ ਮੁੱਖ ਮੰਤਰੀ ਬਣੇ; ਪਰ 1997 ਵਿੱਚ ਪਾਰਟੀ 14 ਸੀਟਾਂ ਤੱਕ ਸਿਮਟ ਗਈ। ਸਾਲ 2002 ਵਿੱਚ ਕਾਂਗਰਸ ਨੇ 62 ਸੀਟਾਂ ਅਤੇ 35.8 ਫ਼ੀਸਦੀ ਵੋਟਾਂ ਨਾਲ ਸਰਕਾਰ ਬਣਾਈ, ਪਰ 2007 ਵਿੱਚ ਇਹ ਗਿਣਤੀ 44 ਸੀਟਾਂ ਰਹਿ ਗਈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੇ ਮਜਬੂਤ ਵਾਪਸੀ ਕੀਤੀ।

### 2017 ਦੀ ਵੱਡੀ ਜਿੱਤ, 2022 ਦੀ ਹਾਰ

2017 ਵਿੱਚ ਕਾਂਗਰਸ ਨੇ 77 ਸੀਟਾਂ ਅਤੇ 38.8 ਫ਼ੀਸਦੀ ਵੋਟਾਂ ਨਾਲ ਭਾਰੀ ਜਿੱਤ ਦਰਜ ਕੀਤੀ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ। ਪਰ ਅੰਦਰੂਨੀ ਵਿਵਾਦਾਂ ਕਾਰਨ ਸਾਢੇ ਚਾਰ ਸਾਲ ਬਾਅਦ ਉਨ੍ਹਾਂ ਨੂੰ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਸਿਰਫ਼ ਛੇ ਮਹੀਨੇ ਲਈ ਕਮਾਨ ਸੌਂਪੀ ਗਈ। ਐਸ.ਸੀ. ਵੋਟ ਬੈਂਕ ਨੂੰ ਮਜਬੂਤ ਕਰਨ ਦੀ ਕੋਸ਼ਿਸ਼ ਦੇ ਬਾਵਜੂਦ 2022 ਵਿੱਚ ਪਾਰਟੀ ਸਿਰਫ਼ 18 ਸੀਟਾਂ ਤੱਕ ਹੀ ਸਿਮਟ ਗਈ। ਇਸ ਚੋਣ ਵਿੱਚ ਆਮ ਆਦਮੀ ਪਾਰਟੀ ਨੇ 92 ਸੀਟਾਂ ਨਾਲ ਸਰਕਾਰ ਬਣਾਈ ਅਤੇ ਕਾਂਗਰਸ ਦਾ ਵੋਟ ਸ਼ੇਅਰ ਵੀ ਘੱਟ ਕੇ ਲਗਭਗ 23 ਫ਼ੀਸਦੀ ਰਹਿ ਗਿਆ।

### ਅੰਦਰੂਨੀ ਚੁਣੌਤੀਆਂ ਤੇ ਵਿਰੋਧੀ ਦਲਾਂ ਦੀ ਮੌਜੂਦਗੀ

ਪੰਜਾਬ ਦੀ ਰਾਜਨੀਤੀ ਹੁਣ ਤਿੰਨ-ਕੋਣੀ ਹੋ ਚੁੱਕੀ ਹੈ। ਆਮ ਆਦਮੀ ਪਾਰਟੀ ਸੱਤਾ ਵਿੱਚ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਆਪਣਾ ਰਵਾਇਤੀ ਆਧਾਰ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਜਪਾ ਵੀ ਵੱਖ-ਵੱਖ ਸਮਾਜਿਕ ਵਰਗਾਂ ਵਿੱਚ ਆਪਣੀ ਪਹੁੰਚ ਵਧਾ ਰਹੀ ਹੈ।



ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ ਸਿਰਫ਼ ਬਾਹਰੀ ਵਿਰੋਧ ਨਹੀਂ, ਸਗੋਂ ਅੰਦਰੂਨੀ ਕਲੇਸ਼ ਨੂੰ ਮਿਟਾ ਕੇ ਏਕਤਾ ਕਰਨਾ ਹੈ। ਰਾਜਸੀ ਮਾਹਿਰ ਮੰਨਦੇ ਹਨ ਕਿ ਜੇਕਰ 2017 ਵਾਲੀ ਇੱਕਜੁਟਤਾ ਮੁੜ ਬਣ ਗਈ ਤਾਂ ਕਾਂਗਰਸ 2027 ਵਿੱਚ ਸਖ਼ਤ ਮੁਕਾਬਲਾ ਦੇ ਸਕਦੀ ਹੈ।

ਪੰਜਾਬ ਵਿੱਚ ਲਗਭਗ 2.1 ਕਰੋੜ ਤੋਂ ਵੱਧ ਰਜਿਸਟਰਡ ਵੋਟਰ ਹਨ। ਇਨ੍ਹਾਂ ਵਿੱਚ ਕਰੀਬ 32 ਫ਼ੀਸਦੀ ਵੋਟਰ ਐਸ.ਸੀ. ਵਰਗ ਨਾਲ ਸੰਬੰਧਿਤ ਹਨ, ਜੋ ਕਿਸੇ ਵੀ ਪਾਰਟੀ ਲਈ ਫ਼ੈਸਲਾਕੁਨ ਸਾਬਤ ਹੋ ਸਕਦੇ ਹਨ। ਪਿੰਡਾਂ ਵਿੱਚ ਕਿਸਾਨ ਮੁੱਦੇ, ਸ਼ਹਿਰਾਂ ਵਿੱਚ ਰੋਜ਼ਗਾਰ ਤੇ ਉਦਯੋਗੀਕਰਨ ਦੇ ਮਸਲੇ ਅਤੇ ਨੌਜਵਾਨਾਂ ਵਿੱਚ ਵਿਦੇਸ਼ ਮਾਈਗ੍ਰੇਸ਼ਨ ਵੱਡੇ ਚਰਚਾ ਦੇ ਵਿਸ਼ੇ ਹਨ।

### 'ਮਿਸ਼ਨ ਇੱਕਜੁਟਤਾ' ਦੀ ਸਫਲਤਾ ਕਿੰਨੀ ਸੰਭਵ?

ਭੂਪੇਸ਼ ਬਘੇਲ ਲਗਾਤਾਰ ਪੰਜਾਬ ਦੇ ਵੱਖ-ਵੱਖ ਨੇਤਾਵਾਂ ਨਾਲ ਮੀਟਿੰਗਾਂ ਕਰ ਰਹੇ ਹਨ। ਦਿੱਲੀ ਵਿੱਚ ਹਾਲ ਹੀ ਦੀ ਬੈਠਕ ਵਿੱਚ ਰਾਹੁਲ ਗਾਂਧੀ ਨੇ ਸਾਰੇ ਧੜਿਆਂ ਨੂੰ ਸਾਫ਼ ਕਿਹਾ ਕਿ ਵਿਅਕਤੀਗਤ ਇਛਾਵਾਂ ਤੋਂ ਉੱਪਰ ਪਾਰਟੀ ਹਿਤ ਰੱਖਣਾ ਲਾਜ਼ਮੀ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਟਿਕਟ ਵੰਡ ਪ੍ਰਕਿਰਿਆ ਪਾਰਦਰਸ਼ੀ ਹੋਈ ਅਤੇ ਜ਼ਿਲ੍ਹਾ ਪੱਧਰ 'ਤੇ ਸੰਗਠਨ ਮਜਬੂਤ ਕੀਤਾ ਗਿਆ, ਤਾਂ ਕਾਂਗਰਸ ਮੁੜ ਵੋਟਰਾਂ ਵਿੱਚ ਭਰੋਸਾ ਜਗਾ ਸਕਦੀ ਹੈ। ਪਾਰਟੀ ਦਾ ਰਵਾਇਤੀ ਵੋਟ ਬੇਸ- ਦਲਿਤ, ਕਿਸਾਨ ਅਤੇ ਸ਼ਹਿਰੀ ਮੱਧ ਵਰਗ; ਅਜੇ ਵੀ ਵੱਡੀ ਗਿਣਤੀ ਵਿੱਚ ਮੌਜੂਦ ਹੈ।

ਇਤਿਹਾਸ ਦੱਸਦਾ ਹੈ ਕਿ ਕਾਂਗਰਸ ਲਈ ਪੰਜਾਬ ਵਿੱਚ ਵਾਪਸੀ ਅਸੰਭਵ ਨਹੀਂ, ਪਰ ਇਸ ਲਈ ਅੰਦਰੂਨੀ ਏਕਤਾ ਬਹੁਤ ਜ਼ਰੂਰੀ ਹੈ। ਜੇ 'ਮਿਸ਼ਨ ਇੱਕਜੁਟਤਾ' ਸਫਲ ਰਹਿੰਦਾ ਹੈ ਅਤੇ ਪਾਰਟੀ ਗੁੱਟਬੰਦੀ ਤੋਂ ਉੱਪਰ ਉਠ ਕੇ ਇਕ ਟੀਮ ਵਜੋਂ ਚੋਣ ਲੜਦੀ ਹੈ, ਤਾਂ 2027 ਦੀ ਵਿਧਾਨ ਸਭਾ ਚੋਣ ਕਾਫ਼ੀ ਦਿਲਚਸਪ ਹੋ ਸਕਦੀ ਹੈ।

ਦਰਅਸਲ; ਪੰਜਾਬ ਦੀ ਰਾਜਨੀਤੀ ਵਿੱਚ ਸੱਤਾ ਦੀ ਕੁੰਜੀ ਸਿਰਫ਼ ਰਣਨੀਤੀ ਨਹੀਂ, ਸਗੋਂ ਭਰੋਸੇ ਅਤੇ ਇੱਕਜੁਟਤਾ ਵਿੱਚ ਲੁਕੀ ਹੋਈ ਹੈ। ਹੁਣ ਦੇਖਣਾ ਇਹ ਹੈ ਕਿ ਕਾਂਗਰਸ ਆਪਣੇ ਇਤਿਹਾਸ ਤੋਂ ਸਬਕ ਲੈ ਕੇ ਭਵਿੱਖ ਦੀ ਲੜਾਈ ਕਿਵੇਂ ਲੜਦੀ ਹੈ।

# ਇਰਾਨ ਅਤੇ ਇਜ਼ਰਾਇਲ-ਅਮਰੀਕਾ ਵਿਚਾਲੇ ਜੰਗ ਭਿਆਨਕ ਹੋਣ ਲੱਗੀ

*...ਸਫਾ ਇੱਕ ਦੀ ਬਾਕੀ ⇒*

ਇਨ੍ਹਾਂ ਮੁਲਕਾਂ ਵਿੱਚ ਅਮਰੀਕੀ ਰਡਾਰ ਤਬਾਹ ਕਰਨਾ ਇਰਾਨ ਦੀ ਵੱਡੀ ਪ੍ਰਾਪਤੀ ਸਮਝੀ ਜਾ ਰਹੀ ਹੈ। ਏਅਰ ਡਿਫੈਂਸ ਨਾ ਹੋਣ ਕਰਕੇ ਇਰਾਨ ਨੂੰ ਇਸ ਜੰਗ ਵਿੱਚ ਭਾਵੇਂ ਸਭ ਤੋਂ ਵੱਡਾ ਜਾਨੀ ਮਾਲੀ ਨੁਕਸਾਨ ਹੋਇਆ ਹੈ ਅਤੇ 1300 ਦੇ ਕਰੀਬ ਲੋਕ ਮਾਰੇ ਗਏ ਹਨ। ਇਰਾਨ ਦੇ ਤਹਿਰਾਨ ਵਿੱਚ ਮੌਜੂਦ ਇੱਕ ਵੱਡੀ ਤੇਲ ਰਿਫਾਈਨਰੀ ਹਮਲੇ ਦੀ ਭੇਟ ਚੜ੍ਹ ਗਈ ਹੈ ਅਤੇ ਇਸ ਨਾਲ ਹਵਾ ਪ੍ਰਦੂਸ਼ਣ ਦੀ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ। ਇਸ ਤੋਂ ਇਲਾਵਾ ਹਮਲੇ ਦੇ ਪਹਿਲੇ ਦਿਨ ਹੀ ਇੱਕ ਸਕੂਲ 'ਤੇ ਡਿੱਗੇ ਅਮਰੀਕੀ-ਇਜ਼ਰਾਇਲੀ ਬੰਬਾਂ ਨਾਲ ਇੱਕ ਸਕੂਲ ਦੀਆਂ 180 ਬੱਚੀਆਂ ਮਾਰੀਆਂ ਗਈਆਂ; ਪਰ ਇਸ ਸਾਰੇ ਕੁਝ ਨੇ ਇਰਾਨ ਦੇ ਪਰਤਵੇਂ ਹਮਲਿਆਂ ਦੀ ਧਾਰ ਖੁੰਢੀ ਨਹੀਂ ਹੋਣ ਦਿੱਤੀ। ਹਰ ਰੋਜ਼ ਦੇ ਹਵਾਈ ਹਮਲੇ ਇਰਾਨ ਦਾ ਮਾਲੀ ਨੁਕਸਾਨ ਕਰ ਰਹੇ ਹਨ, ਪਰ ਇਹ ਇਰਾਨ ਦੇ ਇਰਾਦੇ ਨੂੰ ਤੋੜਨ ਵਿੱਚ ਨਾਕਾਮ ਸਾਬਤ ਹੋ ਰਹੇ ਹਨ। ਅਮਰੀਕਾ ਦੇ ਸਦਰ ਡੋਨਾਲਡ ਟਰੰਪ ਦਾ ਅਨੁਮਾਨ ਹੈ ਕਿ ਇਰਾਨ ਦੇ ਵਿਰੁਧ ਜੰਗ ਚਾਰ ਤੋਂ ਛੇ ਹਫਤੇ ਚੱਲੇਗੀ, ਜਦਕਿ ਇਰਾਨ ਦਾ ਕਹਿਣਾ ਹੈ ਕਿ ਉਹ ਛੇ ਮਹੀਨੇ ਦੀ ਜੰਗ ਲਈ ਤਿਆਰੀ ਕਰੀਂ ਬੈਠਾ ਹੈ।

ਤਿੰਨ ਚਾਰ ਕਿਸਮ ਦੇ ਇਜ਼ਰਾਇਲੀ ਏਅਰ ਡਿਫੈਂਸ ਹੋਣ ਦੇ ਬਾਵਜੂਦ ਇਰਾਨ ਦੀਆਂ ਮਿਜ਼ਾਈਲਾਂ ਬਿਲਕੁਲ ਸਟੀਕ ਇਜ਼ਰਾਇਲੀ ਟਿਕਾਣਿਆਂ 'ਤੇ ਗਿਰ ਰਹੀਆਂ ਹਨ। ਜੰਗੀ ਸੰਕਟ ਦੇ ਬਾਵਜੂਦ ਇਰਾਨ ਦੇ ਸੱਤਾ ਦੇ ਕੁਲੀਨ ਕਾਰਿੰਦਿਆਂ ਨੇ ਆਪਣਾ ਧੀਰਜ ਨਹੀਂ ਗੁਆਇਆ, ਸਗੋਂ ਇੱਕ ਲੰਮੀ ਵਿਚਾਰ-ਚਰਚਾ ਤੋਂ ਬਾਅਦ ਆਇਤੁਲਾ ਖੁਮੈਨੀ ਦੇ ਪੁੱਤਰ ਆਇਤੁਲਾ ਮੋਜਤਬਾ ਖੁਮੈਨੀ ਨੂੰ ਆਪਣਾ ਨਵਾਂ ਸੁਪਰੀਮ ਲੀਡਰ ਚੁਣ ਲਿਆ ਹੈ। ਮੋਜਤਬਾ ਖੁਮੈਨੀ ਇਸ ਤੋਂ ਪਹਿਲਾਂ ਸਿਆਸੀ ਖੇਤਰ ਵਿੱਚ ਭਾਵੇਂ ਬਹੁਤੇ ਵਿਖਾਈ ਨਹੀਂ ਦਿੱਤੇ, ਪਰ ਉਨ੍ਹਾਂ ਬਾਰੇ ਇਹ ਮਸ਼ਹੂਰ ਹੈ ਕਿ ਉਨ੍ਹਾਂ ਨੇ ਇਰਾਨ-ਇਰਾਕ ਜੰਗ ਵਿੱਚ ਹਿੱਸਾ ਲਿਆ ਸੀ। ਇਸ ਤੋਂ ਬਾਅਦ ਸ਼ੀਆ ਇਸਲਾਮਿਕ ਥੀਆਲੋਜੀ ਦਾ ਅਧਿਅਨ ਕੀਤਾ ਅਤੇ ਬੀਤੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ ਹਨ। ਇਰਾਨ ਦੀ ਪ੍ਰਮੁੱਖ ਸੈਨਿਕ ਤਾਕਤ, ਜਿਸ ਨੂੰ ਵਿਸ਼ੇਸ਼ ਵਿਚਾਰਧਾਰਕ ਸਿੱਖਿਆ ਰਾਹੀਂ ਬਚਪਨ ਤੋਂ ਤਿਆਰ ਕੀਤਾ ਜਾਂਦਾ ਹੈ, ਉਤੇ ਉਨ੍ਹਾਂ ਦੀ ਡੂੰਘੀ ਪਕੜ ਹੈ।

ਅਮਰੀਕਾ ਅਤੇ ਇਜ਼ਰਾਇਲ ਵੱਲੋਂ ਕੀਤੇ ਗਏ ਹਮਲੇ ਵਿੱਚ ਮਰਹੂਮ ਇਰਾਨੀ ਸੁਪਰੀਮ ਲੀਡਰ ਆਇਤੁਲਾ ਖੁਮੈਨੀ ਅਤੇ ਉਨ੍ਹਾਂ ਦੀ ਪਤਨੀ, ਨਵੇਂ ਸਦਰ ਮੋਜਤਬਾ ਦੀ ਪਤਨੀ ਅਤੇ ਬੱਚੇ ਸਮੇਤ ਸਾਰਾ ਪਰਿਵਾਰ ਮਾਰੇ ਜਾਣ ਕਾਰਨ ਮੋਜਤਬਾ ਦੇ ਹੱਕ ਵਿੱਚ ਇਰਾਨ ਵਿੱਚ ਇੱਕ ਹਮਦਰਦੀ ਦੀ ਲਹਿਰ ਵੀ ਹੈ। ਇਸ ਨਵੇਂ ਲੀਡਰ ਦੁਆਲੇ ਇਰਾਨ ਦੀਆਂ ਸਾਰੀਆਂ ਫੌਜਾਂ, ਸਰਕਾਰੀ ਅਮਲਾ ਫੈਲਾ ਅਤੇ ਲੋਕ ਇੱਕਮੁੱਠ ਹੋ ਸਕਦੇ ਹਨ। ਉਨ੍ਹਾਂ ਦੀ ਚੋਣ ਇਰਾਨੀ ਧਾਰਮਿਕ ਆਗੂਆਂ ਦੀ ਇੱਕ 88 ਮੈਂਬਰੀ ਕੌਂਸਲ ਵੱਲੋਂ ਕੀਤੀ ਗਈ ਹੈ। ਮੋਜਤਬਾ ਦੀ ਚੋਣ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਨਵੇਂ ਅਮਰੀਕਾ ਲੀਡਰ ਦੀ ਚੋਣ ਸਾਡੇ ਅਨੁਸਾਰ ਹੋਣੀ ਚਾਹੀਦੀ ਹੈ, ਜਦਕਿ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ਹੀਦ ਖੁਮੈਨੀ ਦੀ ਥਾਂ ਚੁਣੇ ਨਵੇਂ ਇਰਾਨੀ ਸੁਪਰੀਮ ਲੀਡਰ ਨੂੰ ਵੀ ਮਾਰ ਦਿੱਤਾ ਜਾਵੇਗਾ। ਪਰ ਇਨ੍ਹਾਂ ਸਾਰੀਆਂ ਧਮਕੀਆਂ ਤੋਂ ਬੇਪ੍ਰਵਾਹ ਰਹਿੰਦਿਆਂ ਮੋਜਤਬਾ ਖੁਮੈਨੀ ਨੂੰ ਇਰਾਨ ਨੇ ਆਪਣਾ ਨਵਾਂ ਸੁਪਰੀਮ ਲੀਡਰ ਚੁਣ ਲਿਆ ਹੈ।

ਮੋਜਤਬਾ ਦੇ ਨਜ਼ਦੀਕੀਆਂ ਅਨੁਸਾਰ ਇਰਾਨ ਦਾ ਇਹ ਨਵਾਂ ਲੀਡਰ ਨਾ ਸਿਰਫ ਦੇਸ਼ ਨੂੰ ਅਗਵਾਈ ਦੇਣ ਦੀ ਧਾਰਮਿਕ ਸਮਰੱਥਾ ਰੱਖਦਾ ਹੈ, ਸਗੋਂ ਆਪਣੇ ਪਿਤਾ ਨਾਲੋਂ ਵੀ ਵਧੇਰੇ ਰੈਡੀਕਲ ਵਿਚਾਰਾਂ ਦਾ ਧਾਰਨੀ ਹੈ। ਮੋਜਤਬਾ ਖੁਮੈਨੀ ਦੇ ਅਹੁਦਾ ਹਾਸਲ ਕਰਨ ਦੀ ਅਗਲੀ ਰਾਤ ਹੀ ਇਰਾਨ ਨੇ ਇਜ਼ਰਾਇਲ 'ਤੇ 200 ਮਿਜ਼ਾਈਲਾਂ ਦਾਗੀਆਂ। ਇਹ ਦੋਹਾਂ ਹਮਲਾਵਰ ਮੁਲਕਾਂ ਨੂੰ ਇੱਕ ਕਿਸਮ ਦਾ ਅਸਿੱਧਾ ਸੁਨੇਹਾ ਸੀ ਕਿ ਸਮਝੌਤੇ ਦੀ ਗੁੰਜਾਇਸ਼ ਮੁੱਕ ਚੁੱਕੀ ਹੈ।

ਇਸ ਦੇ ਨਾਲ-ਨਾਲ 28 ਫਰਵਰੀ ਨੂੰ ਆਇਤੁਲਾ ਖੁਮੈਨੀ ਸਮੇਤ ਇਰਾਨ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਕੀਤੇ ਗਏ ਸਾਂਝੇ ਹਮਲਿਆਂ ਤੋਂ ਬਾਅਦ ਉਪਰੋਕਤ ਦੋਹਾਂ ਮੁਲਕਾਂ ਨੂੰ ਲੱਗਾ ਸੀ ਕਿ ਸਿਰ ਵਿੱਚ ਵੱਜੀ ਇਸ ਸੱਟ ਨਾਲ ਇਰਾਨ ਦਾ ਰੂਲਿੰਗ ਐਲੀਟ ਬਿਖ਼ਰ ਜਾਵੇਗਾ, ਪਰ ਹਾਲੇ ਤੱਕ ਅਜਿਹਾ ਹੁੰਦਾ ਵਿਖਾਈ ਨਹੀਂ ਦੇ ਰਿਹਾ। ਇਰਾਨ ਦੀ ਫੌਜੀ ਅਤੇ ਰਾਜਨੀਤਿਕ ਸੋਝੀ ਕਾਇਮ ਹੈ ਅਤੇ ਸੋਚ ਸਮਝ ਕੇ ਆਪਣੇ ਨਿਸ਼ਾਨੇ ਚੁਣ ਰਹੀ ਹੈ।

ਹੁਣ ਤੱਕ ਚੱਲੀ ਜੰਗ ਵਿੱਚ ਇਰਾਨ ਵਿੱਚ 1300 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਇਸ ਤੋਂ ਦੁਗਣੇ ਜ਼ਖਮੀ ਹੋਏ ਹਨ। ਜਦਕਿ ਇਜ਼ਰਾਇਲ ਅਤੇ ਅਮਰੀਕਾ ਦਾ ਵੀ ਵੱਡਾ ਨੁਕਸਾਨ ਹੋਇਆ। 8 ਅਮਰੀਕੀ ਫੌਜੀ ਮਾਰੇ ਗਏ ਹਨ ਅਤੇ ਕਾਫੀ ਗਿਣਤੀ ਵਿੱਚ ਜ਼ਖਮੀ ਹੋਏ ਹਨ। ਇਰਾਨ ਦਾ ਆਖਣਾ ਹੈ ਕਿ ਅਮਰੀਕਾ ਅਤੇ ਇਜ਼ਰਾਇਲ ਆਪਣੇ ਨੁਕਸਾਨ ਨੂੰ ਲੁਕਾਅ ਰਹੇ ਹਨ। ਇਰਾਨ ਦਾ ਦਾਅਵਾ ਹੈ ਕਿ ਅਮਰੀਕਾ ਦੇ 200 ਤੋਂ ਵੱਧ ਫੌਜੀ ਮਾਰੇ ਗਏ ਹਨ ਅਤੇ ਵੱਡੀ ਗਿਣਤੀ ਵਿੱਚ ਜ਼ਖਮੀ ਹੋਏ ਹਨ। ਜਰਮਨੀ ਦੇ ਇੱਕ ਅਮਰੀਕੀ ਮਿਲਟਰੀ ਹਸਪਤਾਲ ਵਿੱਚ ਵੱਡੀ ਗਿਣਤੀ ਵਿੱਚ ਜਖਮੀ ਅਮਰੀਕੀ ਫੌਜੀਆਂ ਦਾ ਇਲਾਜ ਚੱਲ ਰਿਹਾ ਹੈ।




# ਪੰਜਾਬ ਸਰਕਾਰ ਦੇ ਬਜਟ ਵਿੱਚ ਭਲਾਈ ਸਕੀਮਾਂ 'ਤੇ ਜ਼ੋਰ

...ਸਫਾ ਇੱਕ ਦੀ ਬਾਕੀ ⇒

ਕੀਤੇ ਗਏ ਹਨ। ਸਿਖਿਆ ਖੇਤਰ ਲਈ ਕੁੱਲ ਮਿਲਾ ਕੇ 19,279 ਕਰੋੜ ਰੁਪਏ ਰੱਖੇ ਗਏ ਹਨ। ਇਹ ਪਿਛਲੇ ਮਾਲੀ ਸਾਲ ਨਾਲੋਂ 7 ਫੀਸਦੀ ਵੱਧ ਹਨ। ਜਿਸ ਵਿੱਚੋਂ ਨਵੀਂ ਸਿੱਖਿਆ ਕ੍ਰਾਂਤੀ ਲਈ 3500 ਕਰੋੜ ਰੁਪਏ ਰੱਖੇ ਗਏ ਹਨ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਇੱਕ ਯੂਨੀਵਰਸਿਟੀ ਖੋਲ੍ਹਣ ਦਾ ਵੀ ਐਲਾਨ ਕੀਤਾ ਹੈ। ਸਿਰਫ ਸਰਕਾਰੀ ਮੁਲਾਜ਼ਮਾਂ, ਮੰਤਰੀਆਂ-ਸੰਤਰੀਆਂ, ਮੈਂਬਰ ਪਾਰਲੀਮੈਂਟਾਂ ਅਤੇ ਅਸੈਂਬਲੀ ਮੈਂਬਰ ਔਰਤਾਂ ਨੂੰ ਹੀ ਇਸ ਸਕੀਮ ਤੋਂ ਪਾਸੇ ਰੱਖਿਆ ਗਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਨਾਲ ਪੰਜਾਬ ਦੀਆਂ 97 ਫੀਸਦੀ ਔਰਤਾਂ ਲਾਭ ਉਠਾਉਣਗੀਆਂ। ਉਨ੍ਹਾਂ ਕਿਹਾ ਕਿ ਸਾਡੇ ਇੱਕ ਗੁਆਂਢੀ ਰਾਜ ਵੱਲੋਂ ਔਰਤਾਂ ਲਈ ਲਿਆਂਦੀ ਗਈ ਸਕੀਮ ਵਿੱਚ ਇੱਕ ਲੱਖ ਰੁਪਏ ਤੋਂ ਘੱਟ ਕਮਾਉਣ ਵਾਲੀਆਂ ਔਰਤਾਂ ਲਈ ਸਕੀਮ ਲਾਗੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਵਰਗੀ ਸਕੀਮ ਭਾਰਤ ਦੇ ਕਿਸੇ ਹੋਰ ਰਾਜ ਵਿੱਚ ਨਹੀਂ ਹੈ। ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਇਸ ਸਕੀਮ ਨੂੰ ਲਾਗੂ ਕਰਨ ਦੇ ਨਾਲ ਹੀ ਪੰਜਾਬ ਸਰਕਾਰ ਨੇ ਆਪਣੇ ਸਾਰੇ ਚੋਣ ਵਾਅਦੇ ਪੂਰੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਐਲਾਨ ਕੀਤੀ ਗਈ ਇਹ ਸਹਾਇਤਾ ਹਰ ਮਹੀਨੇ ਔਰਤਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਜਾਇਆ ਕਰੇਗੀ।

ਹਰਪਾਲ ਸਿੰਘ ਚੀਮਾ ਨੇ ਪੰਜਾਬ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ 18 ਸਾਲ ਤੋਂ ਵੱਧ ਉਮਰ ਦੀ ਹਰ ਪੰਜਾਬੀ ਔਰਤ ਨੂੰ ਇਸ ਸਕੀਮ ਦਾ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਔਰਤਾਂ ਦੇ ਸ਼ਸ਼ਕਤੀਕਰਨ ਲਈ ਇਹ ਸਕੀਮ ਚਾਲੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਔਰਤਾਂ ਵਧੇਰੇ ਆਜ਼ਾਦ ਫੈਸਲੇ ਲੈਣ ਦੇ ਸਮਰੱਥ ਹੋ ਸਕਣਗੀਆਂ।

ਇਸ ਤੋਂ ਇਲਾਵਾ ਔਰਤਾਂ ਲਈ ਮੁਫਤ ਬੱਸ ਸਫਰ ਦੀ ਸਹੂਲਤ ਬਰਕਰਾਰ ਰੱਖੀ ਗਈ ਹੈ। ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦੀ ਸਹੂਲਤ ਵੀ ਜਾਰੀ ਰਹੇਗੀ। ਆਪਣੇ ਬਜਟ ਵਿੱਚ ਪੰਜਾਬ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਨੂੰ ਪ੍ਰਮੁੱਖਤਾ ਦੇਣ ਦਾ ਯਤਨ ਕੀਤਾ ਹੈ।

ਆਪਣੀ ਸਰਕਾਰ ਦੇ ਇਸ ਆਖਰੀ ਮਾਲੀ ਵਰ੍ਹੇ ਵਿੱਚ ਪੰਜਾਬ ਸਰਕਾਰ ਨੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਐਲਾਨ ਕੀਤਾ ਹੈ। ਇਸ 'ਤੇ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਸੁਆਲ ਉਠਾਏ ਜਾ ਰਹੇ ਸਨ।

ਬਜਟ ਨੂੰ ਪੰਜਾਬ ਅਸੈਂਬਲੀ ਵਿੱਚ ਪੇਸ਼ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਾਡੀ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਨੂੰ ਸਭ ਤੋਂ ਉੱਪਰ ਰੱਖਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖਿਆ ਕ੍ਰਾਂਤੀ ਨੇ ਪੰਜਾਬ ਦੇ ਸਕੂਲਾਂ ਅਤੇ ਉੱਚ ਸਿੱਖਿਆ ਦੇ ਖੇਤਰ ਦੀ ਕਾਇਆ ਕਲਪ ਕਰ ਦਿੱਤੀ ਹੈ। ਇਸੇ ਕਾਰਨ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਚਹਿਲ-ਪਹਿਲ ਪਰਤ ਆਈ ਹੈ। ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰ ਵੱਲੋਂ ਕੀਤੇ ਗਏ 'ਪਰਖ ਸਿਖਿਆ ਸਰਵੇਖਣ' ਦੇ ਤਹਿਤ ਵਿਦਿਅਕ ਖੇਤਰ ਵਿੱਚ ਪੰਜਾਬ ਸਭ ਤੋਂ ਉੱਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕੌਮੀ ਪੱਧਰ 'ਤੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਤੋਂ ਬਾਅਦ ਅਸੀਂ ਪੰਜਾਬ ਦੇ ਸਿੱਖਿਆ ਖੇਤਰ ਨੂੰ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਯੋਗ ਬਣਾਵਾਂਗੇ। ਉਨ੍ਹਾਂ ਕਿਹਾ ਕਿ ਬੀਤੇ ਮਾਲੀ ਵਰ੍ਹੇ ਵਿੱਚ ਤਕਨੀਕੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਆਈ.ਟੀ.ਆਈਆਂ ਵਿੱਚ ਤਕਨੀਕੀ ਸਿੱਖਿਆ ਲਈ ਸੀਟਾਂ 35 ਹਜ਼ਾਰ ਤੋਂ ਵਧਾ ਕੇ 52 ਹਜ਼ਾਰ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪੰਜਾਬ ਦੀਆਂ 11 ਜੇਲ੍ਹਾਂ ਵਿੱਚ ਆਈ.ਟੀ.ਆਈ. ਸੰਸਥਾਵਾਂ ਖੋਲ੍ਹੀਆਂ ਗਈਆਂ ਹਨ ਤਾਂ ਕਿ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਤਕਨੀਕੀ ਸਿੱਖਿਆ ਦੇ ਕੇ ਆਪਣਾ ਸੁਤੰਤਰ ਰੁਜ਼ਗਾਰ ਚਲਾਉਣ ਦੇ ਸਮਰੱਥ ਬਣਾਇਆ ਜਾ ਸਕੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 1000/ ਰੁਪਏ ਹਰ ਮਹੀਨੇ ਦੇਣ ਦੇ ਨਾਲ ਨਾਲ ਸਰਕਾਰ ਔਰਤਾਂ ਨੂੰ ਇਸ ਸਕੀਮ ਦਾ ਪਿਛਲੇ ਚਾਰ ਸਾਲਾਂ ਦਾ 48 ਹਜ਼ਾਰ ਰੁਪਏ ਬਕਾਇਆ ਵੀ ਦੇਵੇਗੀ। ਯਾਦ ਰਹੇ, ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੂੰ ਇਹ ਗਾਰੰਟੀ ਦਿੱਤੀ ਸੀ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦਿੱਤੇ ਜਾਣਗੇ।



ਖੇਤੀ ਵੈਲਫੇਅਰ ਸਕੀਮਾਂ ਲਈ ਬਜਟ ਵਿੱਚ 15,377 ਕਰੋੜ ਰੁਪਏ ਰੱਖੇ ਗਏ ਹਨ। ਇਹ ਪਿਛਲੇ ਸਾਲ ਨਾਲੋਂ 6 ਫੀਸਦੀ ਵੱਧ ਹਨ। ਇਸ ਵਿੱਚ ਖੇਤਾਂ ਵਿੱਚ ਪਰਾਲੀ ਵਗੈਰਾ ਨੂੰ ਸਹੀ ਢੰਗ ਨਾਲ ਕਿਉਂਟਣ ਅਤੇ ਬਿਜਲੀ ਸਮੇਤ ਹੋਰ ਸਬਸਿਡੀਆਂ ਸ਼ਾਮਲ ਹਨ। ਜੇ.ਆਈ.ਸੀ.ਏ. ਦੇ ਤਹਿਤ ਮੌਸਮੀ ਤਬਦੀਲੀਆਂ ਨੂੰ ਬਰਦਾਸ਼ਤ ਕਰਨ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰਨ ਅਤੇ ਬਾਗਬਾਨੀ ਲਈ 1300 ਕਰੋੜ ਰੁਪਏ ਦਾ ਇੱਕ ਪ੍ਰੋਜੈਕਟ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਪਠਾਨਕੋਟ, ਗੁਰਦਾਸਪੁਰ, ਬਠਿੰਡਾ, ਸੰਗਰੂਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਸਿਆਲੂ ਮੱਕੀ ਨੂੰ ਉਤਸ਼ਾਹਿਤ ਕਰਨ ਲਈ ਵੀ ਸਕੀਮ ਬਣਾਈ ਗਈ ਹੈ। ਉਨ੍ਹਾਂ ਹੋਰ ਕਿਹਾ ਕਿ ਨਾਬਾਰਡ ਦੇ ਤਹਿਤ 19,876 ਕਿਲੋਮੀਟਰ ਪੇਂਡੂ ਸੜਕਾਂ ਜਲਦ ਬਣਾਈਆਂ ਜਾਣਗੀਆਂ। ਮੰਡੀਆਂ ਦੇ ਨਵੀਨੀਕਰਨ ਲਈ 7606 ਕਰੋੜ ਦਾ ਐਲਾਨ ਕੀਤਾ ਗਿਆ ਹੈ। ਸ਼ਹਿਰੀ ਵਿਕਾਸ ਦੇ ਲਈ ਮਿਊਂਸਿਪਲ ਵਿਕਾਸ ਫੰਡ 225 ਕਰੋੜ ਤੋਂ ਵਧਾ ਕੇ 1000 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਖੇਡਾਂ ਲਈ ਬਜਟ 6000 ਕਰੋੜ ਤੋਂ ਵਧਾ ਕੇ 17,091 ਕਰੋੜ ਕਰ ਦਿੱਤਾ ਗਿਆ ਹੈ। ਇਸ ਦੇ ਤਹਿਤ ਪਿੰਡਾਂ ਵਿੱਚ ਖੇਡ ਗਰਾਊਂਡਾਂ ਅਤੇ ਜਿੰਮ ਵਗੈਰਾ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਇਸ ਦੌਰਾਨ ਵਿਰੋਧੀ ਸਿਆਸੀ ਪਾਰਟੀਆਂ ਨੇ ਸਰਕਾਰ ਨੂੰ ਘੇਰਦਿਆਂ ਪੁੱਛਿਆ ਹੈ ਕਿ ਹਰ ਮਹੀਨੇ ਔਰਤਾਂ ਨੂੰ 1000 ਰੁਪਏ ਦੇਣ ਲਈ ਪੈਸੇ ਦਾ ਪ੍ਰਬੰਧ ਕਿੱਥੋਂ ਕੀਤਾ ਜਾਵੇਗਾ? ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਬਜਟ ਪੰਜਾਬ ਨੂੰ ਆਪਣੀਆਂ ਜੜ੍ਹਾਂ ਤੋਂ ਉਖੇੜਨ ਵਾਲਾ ਹੈ। ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬਜਟ ਦਿਸ਼ਾਹੀਣ ਹੈ ਅਤੇ ਪੰਜਾਬ ਸਰਕਾਰ ਕਰਜ਼ਾ ਚੁੱਕ ਕੇ ਸਰਕਾਰ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ਾ ਸਾਡੇ 4 ਲੱਖ ਕਰੋੜ ਤੋਂ ਵੱਧ ਹੋ ਗਿਆ ਹੈ। ਇਸੇ ਸਾਲ ਕਰਜ਼ੇ ਵਿੱਚ 50,000 ਕਰੋੜ ਦਾ ਵਾਧਾ ਹੋਇਆ ਹੈ।


## Matrimonial

Jat Sikh Grewal family looking for a compatible match for their US born and raised sweet, homely MD working daughter, age 31, height 5'-9", preferably US born and raised doctor or other compatible profession. Height 6' plus please.

Contact 414-737-8624 via text and/or What'sApp only to begin with/email at: ranigrewal72@gmail.com





# ਤੰਗ ਸਮੁੰਦਰੀ ਰਾਹ ਕਾਰਨ ਭਾਰਤ ’ਤੇ ਮੰਡਰਾਉਂਦਾ ਆਰਥਕ ਸੰਕਟ

**ਜੰਗ ਦਾ ਅਸਰ**

**ਪੂਜਾ ਦਾਸ**
**ਜਲਵਾਯੂ ਤੇ ਊਰਜਾ ਪੱਤਰਕਾਰ**



**ਈਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚ ਚੱਲ ਰਹੀ ਜੰਗ ਕਾਰਨ ਭਾਰਤ ਦੀ ਦਰਾਮਦ ਅਤੇ ਬਰਾਮਦ- ਦੋਵੇਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ**



ਸਟ੍ਰੇਟ ਆਫ ਹੋਰਮੁਜ਼ ਦਾ ਨਕਸ਼ਾ

28 ਫ਼ਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਇਲ ਨੇ ਈਰਾਨ ’ਤੇ ਵੱਡਾ ਫ਼ੌਜੀ ਹਮਲਾ ਕੀਤਾ, ਜਿਸ ਨਾਲ ਦੁਨੀਆ ਦੀ ਰਾਜਨੀਤੀ ਵਿੱਚ ਵੱਡਾ ਬਦਲਾਅ ਆਇਆ ਹੈ। ਇਹ ਟਕਰਾਅ ਭਾਵੇਂ ਭਾਰਤ ਤੋਂ ਕਾਫ਼ੀ ਦੂਰ ਹੈ, ਪਰ ਇਸ ਦਾ ਆਰਥਿਕ ਅਸਰ ਭਾਰਤ ਤੱਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਇਸ ਦੀ ਵੱਡੀ ਵਜ੍ਹਾ ਦੁਨੀਆ ਦਾ ਸਭ ਤੋਂ ਮਹੱਤਵਪੂਰਨ ਤੇਲ ਮਾਰਗ ‘ਸਟ੍ਰੇਟ ਆਫ ਹੋਰਮੁਜ਼’ ਹੈ, ਜੋ ਇਸ ਜੰਗ ਕਾਰਨ ਖ਼ਤਰੇ ਵਿੱਚ ਹੈ। ਜੇ ਇਹ ਹਾਲਾਤ ਜਾਰੀ ਰਹਿੰਦੇ ਹਨ ਤਾਂ ਭਾਰਤ ਦੀ ਤੇਲ ਸਪਲਾਈ ਅਤੇ ਬਰਾਮਦ ’ਤੇ ਇਸ ਦਾ ਸਿੱਧਾ ਅਸਰ ਪੈ ਸਕਦਾ ਹੈ। ਇਸ ਕਰ ਕੇ ਭਾਰਤ ਸੰਭਾਵੀ ਊਰਜਾ ਤੇ ਵਪਾਰ ਸੰਕਟ ਨੂੰ ਲੈ ਕੇ ਸਾਵਧਾਨ ਹੋ ਗਿਆ ਹੈ।

ਅਸਲ ਵਿੱਚ ਭਾਰਤ ਦੀ ਊਰਜਾ ਸਪਲਾਈ ਕਾਫ਼ੀ ਹੱਦ ਤੱਕ ਸਿਰਫ਼ ਇਸ 33 ਕਿਲੋਮੀਟਰ ਚੌੜੀ ਸਮੁੰਦਰੀ ਪੱਟੀ ’ਤੇ ਨਿਰਭਰ ਕਰਦੀ ਹੈ। ਭਾਰਤ ਆਪਣੀ ਕੱਚੇ ਤੇਲ ਦੀ ਲੋੜ ਦਾ ਲਗਭਗ 90 ਫ਼ੀਸਦੀ ਦਰਾਮਦ ਕਰਦਾ ਹੈ। ਹਰ ਰੋਜ਼ ਕਰੀਬ 25 ਤੋਂ 27 ਲੱਖ ਬੈਰਲ ਤੇਲ ਦਰਾਮਦ ਕੀਤਾ ਜਾਂਦਾ ਹੈ, ਜੋ ਮੁੱਖ ਤੌਰ ’ਤੇ ਇਰਾਕ, ਸਾਊਦੀ ਅਰਬ, ਕੁਵੈਤ ਅਤੇ ਸੰਯੁਕਤ ਅਰਬ ਅਮੀਰਾਤ ਤੋਂ ਆਉਂਦਾ ਹੈ ਅਤੇ ‘ਸਟ੍ਰੇਟ ਆਫ ਹੋਰਮੁਜ਼’ ਰਾਹੀਂ ਭਾਰਤ ਤੱਕ ਪਹੁੰਚਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੱਚੇ ਤੇਲ ਦੀ ਕੀਮਤ ਵਿੱਚ ਹਰ 1 ਡਾਲਰ ਵਾਧੇ ਨਾਲ ਭਾਰਤ ਦੇ ਸਾਲਾਨਾ ਦਰਾਮਦ ਬਿੱਲ ਵਿੱਚ ਲਗਭਗ 2 ਅਰਬ ਡਾਲਰ ਦਾ ਵਾਧਾ ਹੋ ਜਾਂਦਾ ਹੈ। ਜੇ ਕੀਮਤਾਂ ਵਿੱਚ ਲਗਾਤਾਰ 10 ਡਾਲਰ ਦਾ ਵਾਧਾ ਹੁੰਦਾ ਹੈ ਤਾਂ ਭਾਰਤ ਨੂੰ 13 ਤੋਂ 14 ਅਰਬ ਡਾਲਰ ਦਾ ਵਾਧੂ ਬੋਝ ਝੱਲਣਾ ਪੈ ਸਕਦਾ ਹੈ। ਇਸ ਨਾਲ ਰੁਪਏ ’ਤੇ ਦਬਾਅ ਵਧੇਗਾ ਅਤੇ ਚਾਲੂ ਖਾਤੇ ਦਾ ਘਾਟਾ ਵੀ ਵਧ ਸਕਦਾ ਹੈ।

ਜੇ ਈਰਾਨ ਵਿੱਚ ਹਰ ਰੋਜ਼ ਹੋਣ ਵਾਲੇ 33 ਲੱਖ ਬੈਰਲ ਤੇਲ ਉਤਪਾਦਨ ਵਿੱਚ ਰੁਕਾਵਟ ਆਉਂਦੀ ਹੈ ਤਾਂ ਤੇਲ ਦੀਆਂ ਕੀਮਤਾਂ ਤੁਰੰਤ 9 ਤੋਂ 15 ਫ਼ੀਸਦੀ ਤੱਕ ਵੱਧ ਸਕਦੀਆਂ ਹਨ। ਜੇ ਹਾਲਾਤ ਹੋਰ ਖਰਾਬ ਹੋ ਜਾਂਦੇ ਹਨ ਅਤੇ ‘ਸਟ੍ਰੇਟ ਆਫ ਹੋਰਮੁਜ਼’ ਵਿੱਚ ਨਾਕਾਬੰਦੀ ਵਰਗੀ ਸਥਿਤੀ ਬਣ ਜਾਂਦੀ ਹੈ ਤਾਂ ਬ੍ਰੈਂਟ ਕਰੂਡ ਤੇਲ ਦੀ ਕੀਮਤ 130 ਡਾਲਰ ਪ੍ਰਤੀ ਬੈਰਲ ਜਾਂ ਇਸ ਤੋਂ ਵੀ ਵੱਧ ਹੋ ਸਕਦੀ ਹੈ। ਬ੍ਰੈਂਟ ਕਰੂਡ ਉੱਤਰੀ ਸਮੁੰਦਰ ਤੋਂ ਨਿਕਲਣ ਵਾਲਾ ਕੱਚਾ ਤੇਲ ਹੈ ਅਤੇ ਇਸ ਦੀ ਕੀਮਤ ਨੂੰ ਦੁਨੀਆ ਵਿੱਚ ਤੇਲ ਦੀਆਂ ਕੀਮਤਾਂ ਤੈਅ ਕਰਨ ਦਾ ਇੱਕ ਮਹੱਤਵਪੂਰਨ ਮਾਪਦੰਡ ਮੰਨਿਆ ਜਾਂਦਾ ਹੈ।

### ਪੈਟਰੋਲ ਹੀ ਨਹੀਂ, ਗੈਸ ’ਤੇ ਵੀ ਅਸਰ

ਇਸ ਦਾ ਅਸਰ ਸਿਰਫ਼ ਪੈਟਰੋਲ ਤੱਕ ਸੀਮਿਤ ਨਹੀਂ ਰਹੇਗਾ, ਰਸੋਈ ਵੀ ਇਸ ਨਾਲ ਪ੍ਰਭਾਵਿਤ ਹੋਵੇਗੀ। ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਜੇ ‘ਸਟ੍ਰੇਟ ਆਫ ਹੋਰਮੁਜ਼’ ਵਿੱਚ ਨਾਕਾਬੰਦੀ ਹੁੰਦੀ ਹੈ ਜਾਂ ਲੰਬੇ ਸਮੇਂ ਤੱਕ ਰੁਕਾਵਟ ਬਣੀ ਰਹਿੰਦੀ ਹੈ ਤਾਂ ਤੇਲ ਅਤੇ ਗੈਸ ਦੇ ਜਹਾਜ਼ਾਂ ਦੀ ਆਵਾਜਾਈ ਵਿੱਚ ਦੇਰੀ ਹੋ ਸਕਦੀ ਹੈ।

ਇਸ ਨਾਲ ਮਾਲ ਢੁਆਈ, ਬੀਮਾ ਅਤੇ ਆਵਾਜਾਈ ਦੀ ਲਾਗਤ ਵਧੇਗੀ ਅਤੇ ਦੁਨੀਆ ਭਰ ਵਿੱਚ ਐੈਲ.ਪੀ.ਜੀ. ਦੀ ਉਪਲਬਧਤਾ ਵੀ ਘੱਟ ਹੋ ਸਕਦੀ ਹੈ, ਕਿਉਂਕਿ ਭਾਰਤ ਦੀ ਐੈਲ.ਪੀ.ਜੀ. ਦਰਾਮਦ ਦਾ ਵੱਡਾ ਹਿੱਸਾ ਇਸੇ ਰਾਹੀਂ ਆਉਂਦਾ ਹੈ। ਭਾਰਤ ਆਪਣੀ ਲੋੜ ਦੀ ਲਗਭਗ 80 ਤੋਂ 85 ਫ਼ੀਸਦੀ ਐੈਲ.ਪੀ.ਜੀ. ਅਤੇ ਕਰੀਬ 60 ਫ਼ੀਸਦੀ ਐੈਲ.ਐੈਨ.ਜੀ. ‘ਹੋਰਮੁਜ਼’ ਦੇ ਰਾਹੀਂ ਦਰਾਮਦ ਕਰਦਾ ਹੈ। ਅਜਿਹੇ ਵਿੱਚ ਜੇ ਇਸ ਮਾਰਗ ਵਿੱਚ ਰੁਕਾਵਟ ਆਉਂਦੀ ਹੈ ਤਾਂ ਗੈਸ ਦੇ ਜਹਾਜ਼ ਦੇਰ ਨਾਲ ਪਹੁੰਚ ਸਕਦੇ ਹਨ ਅਤੇ ਬੀਮਾ ਪ੍ਰੀਮੀਅਮ ਬਹੁਤ ਵੱਧ ਸਕਦਾ ਹੈ, ਜੋ ਪਹਿਲਾਂ ਹੀ ਲਗਭਗ 50 ਫ਼ੀਸਦੀ ਤੱਕ ਵੱਧ ਚੁੱਕਾ ਹੈ।

ਇਸ ਦਾ ਅਸਰ ਸਿਰਫ਼ ਦਰਾਮਦ ’ਤੇ ਹੀ ਨਹੀਂ, ਸਗੋਂ ਭਾਰਤ ਦੀ ਬਰਾਮਦ ’ਤੇ ਵੀ ਪੈ ਰਿਹਾ ਹੈ। ਭਾਰਤ ਦੇ ਬਾਸਮਤੀ ਚੌਲਾਂ ਦੀ ਕੁੱਲ ਬਰਾਮਦ ਵਿੱਚ ਈਰਾਨ ਦੀ ਹਿੱਸੇਦਾਰੀ ਲਗਭਗ 25 ਫ਼ੀਸਦੀ ਹੈ। ਜੇ ਇਰਾਕ ਨੂੰ ਵੀ ਜੋੜ ਲਿਆ ਜਾਵੇ ਤਾਂ ਇਨ੍ਹਾਂ ਦੋਵੇਂ ਦੇਸ਼ਾਂ ਨਾਲ ਭਾਰਤ ਦਾ ਵਪਾਰ 2 ਅਰਬ ਡਾਲਰ ਤੋਂ ਵੱਧ ਦਾ ਹੈ। ਤਣਾਅ ਕਾਰਨ ਬੰਦਰ ਅੱਬਾਸ ਵਰਗੇ ਬੰਦਰਗਾਹਾਂ ’ਤੇ ਜਹਾਜ਼ਾਂ ਦੀ ਆਵਾਜਾਈ ਰੁਕਣ ਨਾਲ ਭਾਰਤੀ ਸਮਾਨ ਦੀਆਂ ਕਈ ਖੇਪਾਂ ਫਸ ਗਈਆਂ ਹਨ।

ਈਰਾਨ ਨੂੰ ਭਾਰਤ ਵੱਲੋਂ ਕੀਤੀ ਜਾਣ ਵਾਲੀ ਚਾਹ ਦੀ ਬਰਾਮਦ ਵੀ ਪ੍ਰਭਾਵਿਤ ਹੋ ਸਕਦੀ ਹੈ। ਭਾਰਤ ਹਰ ਸਾਲ ਲਗਭਗ 7 ਅਰਬ ਰੁਪਏ ਦੀ ਚਾਹ ਈਰਾਨ ਨੂੰ ਬਰਾਮਦ ਕਰਦਾ ਹੈ, ਪਰ ਭੁਗਤਾਨ ਵਿੱਚ ਦੇਰੀ ਅਤੇ ਸਮੁੰਦਰੀ ਮਾਰਗਾਂ ਵਿੱਚ ਰੁਕਾਵਟਾਂ ਕਾਰਨ ਵਪਾਰ ’ਤੇ ਅਸਰ ਪੈ ਰਿਹਾ ਹੈ।

ਭਾਰਤ ਵਿੱਚ 2 ਮਾਰਚ 2026 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਬਿਨੇਟ ਕਮੇਟੀ ਆਨ ਸਿਕਿਊਰਿਟੀ ਦੀ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਤਿੰਨ ਮੁੱਖ ਮਸਲਿਆਂ ’ਤੇ ਚਰਚਾ ਹੋਈ: ਪਹਿਲਾ, ਪੱਛਮੀ ਏਸ਼ੀਆ ਵਿੱਚ ਰਹਿੰਦੇ ਲਗਭਗ 90 ਲੱਖ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ। ਦੂਜਾ, ਸਮੁੰਦਰੀ ਵਪਾਰ ਮਾਰਗਾਂ ਨੂੰ ਸੁਰੱਖਿਅਤ ਰੱਖਣਾ। ਤੀਜਾ, ਲੋੜ ਪੈਣ ’ਤੇ ਰੂਸ ਜਾਂ ਦੱਖਣੀ ਅਮਰੀਕਾ ਵਰਗੇ ਬਦਲਵੇਂ ਸਰੋਤਾਂ ਤੋਂ ਤੇਲ ਅਤੇ ਗੈਸ ਦੀ ਸਪਲਾਈ ਦਾ ਪ੍ਰਬੰਧ ਕਰਨਾ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਥਿਤੀ ਭਾਰਤ ਲਈ ਇੱਕ ਚੇਤਾਵਨੀ ਹੈ। ਤੇਲ ਦੀਆਂ ਕੀਮਤਾਂ ਨੂੰ ਲੈ ਕੇ ਵਾਰ-ਵਾਰ ਬਣਦੀ ਭੂ-ਰਾਜਨੀਤਿਕ ਨਿਰਭਰਤਾ ਤੋਂ ਬਚਣ ਲਈ ਭਾਰਤ ਨੂੰ ਬਿਜਲੀ ਆਧਾਰਿਤ ਆਵਾਜਾਈ ਅਤੇ ਐਥਨਾਲ ਮਿਸ਼ਰਣ ਵਰਗੇ ਬਦਲਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਪਵੇਗਾ। ਫ਼ਿਲਹਾਲ ਭਾਰਤ ਦੀ ਆਰਥਿਕ ਤਰੱਕੀ ਕਾਫ਼ੀ ਹੱਦ ਤੱਕ ਇਸੇ ਇੱਕ ਤੰਗ ਸਮੁੰਦਰੀ ਰਾਹ ਦੀ ਸਥਿਰਤਾ ’ਤੇ ਨਿਰਭਰ ਕਰਦੀ ਹੈ।

# ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੀ ਅਸਥਾਈ ਛੋਟ

ਅਮਰੀਕਾ ਦੇ ਵਿੱਤ ਮੰਤਰੀ ਸਕਾਟ ਬੇਸੇਂਟ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ ‘ਤੇ ਲਿਖਿਆ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀ ਸਪਲਾਈ ਬਣਾਈ ਰੱਖਣ ਲਈ ਅਮਰੀਕੀ ਵਿੱਤ ਮੰਤਰਾਲੇ ਨੇ ਭਾਰਤੀ ਰਿਫ਼ਾਈਨਰੀਆਂ ਨੂੰ ਰੂਸ ਤੋਂ ਤੇਲ ਖਰੀਦਣ ਲਈ 30 ਦਿਨਾਂ ਦੀ ਛੋਟ ਦਿੱਤੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਰੂਸ ਤੋਂ ਤੇਲ ਖਰੀਦਣ ਉੱਤੇ ਭਾਰਤ ‘ਤੇ ਵਾਧੂ 25 ਫ਼ੀਸਦ ਟੈਰਿਫ਼ ਲਗਾ ਦਿੱਤਾ ਸੀ। ਇਸ ਪਿਛੇ ਮਕਸਦ ਯੂਕਰੇਨ ਖ਼ਿਲਾਫ਼ ਜੰਗ ਲੜ ਰਹੇ ਰੂਸ ‘ਤੇ ਦਬਾਅ ਵਧਾਉਣਾ ਸੀ। ਅਮਰੀਕਾ ਦੇ ਇਸ ਐਲਾਨ ਤੋਂ ਬਾਅਦ ਭਾਰਤ ਵਿੱਚ ਵਿਰੋਧੀ ਪਾਰਟੀਆਂ ਨੇ ਮੋਦੀ ਸਰਕਾਰ ਨੂੰ ਘੇਰ ਲਿਆ ਹੈ। ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਐਕਸ ‘ਤੇ ਲਿਖਿਆ, “ਭਾਰਤ ਲੋਕਤੰਤਰ ਦੀ ਜਣਨੀ। ਅਮਰੀਕਾ ਭਾਰਤ ਨੂੰ 30 ਦਿਨਾਂ ਲਈ ਤੇਲ ਖਰੀਦਣ ਦੀ ਇਜਾਜ਼ਤ ਦੇ ਰਿਹਾ ਹੈ। ਸਾਡਾ ਆਤਮਨਿਰਭਰ ਭਾਰਤ। ਸਾਡੀ ਸੁਤੰਤਰ ਵਿਦੇਸ਼ ਨੀਤੀ।”

ਹਾਲਾਂਕਿ, ਭਾਰਤ ਨੇ ਕਿਹਾ ਸੀ ਕਿ ਦੇਸ਼ ਦੇ 1.4 ਅਰਬ ਲੋਕਾਂ ਦੀਆਂ ਊਰਜਾ ਲੋੜਾਂ ਅਤੇ ਸੁਰੱਖਿਆ ਉਸਦੀ ਸਭ ਤੋਂ ਵੱਡੀ ਤਰਜੀਹ ਰਹੇਗੀ। ਚੇਤੇ ਰਹੇ, ਭਾਰਤ ਵਿੱਚ ਤੇਲ ਰਿਫ਼ਾਈਨਰੀ ਕੰਪਨੀਆਂ ਰੂਸੀ ਤੇਲ ਕਈ ਦੇਸ਼ਾਂ ਨੂੰ ਬਰਾਮਦ ਕਰਦੀਆਂ ਰਹੀਆਂ ਹਨ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਹੁਣ ਭਾਰਤ ਦੀਆਂ ਤੇਲ ਰਿਫ਼ਾਈਨਰੀਆਂ ਨੂੰ 30 ਦਿਨਾਂ ਲਈ ਤੇਲ ਖਰੀਦ ਦੀ ਛੋਟ ਦਾ ਐਲਾਨ ਕਰਦੇ ਹੋਏ ਅਮਰੀਕੀ ਵਿੱਤ ਮੰਤਰੀ ਸਕਾਟ ਬੇਸੇਂਟ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਲਿਖਿਆ, “ਵਿਸ਼ਵ ਬਾਜ਼ਾਰ ਵਿੱਚ ਤੇਲ ਦੀ ਸਪਲਾਈ ਜਾਰੀ ਰੱਖਣ ਲਈ ਅਮਰੀਕੀ ਟ੍ਰੇਜ਼ਰੀ ਵਿਭਾਗ (ਵਿੱਤ ਮੰਤਰਾਲਾ) ਭਾਰਤੀ ਰਿਫ਼ਾਈਨਰੀਆਂ ਨੂੰ ਰੂਸੀ ਤੇਲ ਖਰੀਦਣ ਦੀ ਇਜਾਜ਼ਤ ਦੇਣ ਵਾਲੀ 30 ਦਿਨਾਂ ਦੀ ਅਸਥਾਈ ਛੋਟ ਜਾਰੀ ਕਰ ਰਿਹਾ ਹੈ।” ਨਾਲ ਹੀ ਲਿਖਿਆ ਗਿਆ ਹੈ ਕਿ “ਇਹ ਛੋਟ ਜਾਣ-ਬੁੱਝ ਕੇ ਬਹੁਤ ਘੱਟ ਸਮੇਂ ਲਈ ਦਿੱਤੀ ਗਈ ਹੈ, ਇਸ ਲਈ ਇਸ ਨਾਲ ਰੂਸੀ ਸਰਕਾਰ ਨੂੰ ਕੋਈ ਵੱਡਾ ਵਿੱਤੀ ਫ਼ਾਇਦਾ ਨਹੀਂ ਹੋਵੇਗਾ, ਕਿਉਂਕਿ ਇਹ ਸਿਰਫ਼ ਉਨ੍ਹਾਂ ਤੇਲ ਸੌਦਿਆਂ ਦੀ ਇਜਾਜ਼ਤ ਦਿੰਦੀ ਹੈ, ਜੋ ਪਹਿਲਾਂ ਹੀ ਸਮੁੰਦਰ ਵਿੱਚ ਫਸੇ ਹੋਏ ਤੇਲ ਨਾਲ ਜੁੜੇ ਹਨ।... ਅਸਥਾਈ ਕਦਮ ਉਸ ਦਬਾਅ ਨੂੰ ਘਟਾਉਣ ਲਈ ਚੁੱਕਿਆ ਗਿਆ ਹੈ, ਜੋ ਈਰਾਨ ਵੱਲੋਂ ਵਿਸ਼ਵ ਪੱਧਰੀ ਊਰਜਾ ਸਪਲਾਈ ਨੂੰ ਬੰਦੀ ਬਣਾਉਣ ਦੀ ਕੋਸ਼ਿਸ਼ ਨਾਲ ਪੈਦਾ ਹੋਇਆ ਹੈ।”




ਜ਼ਿਕਰਯੋਗ ਹੈ ਕਿ ਈਰਾਨ ਜੰਗ ਨੇ ਪਹਿਲਾਂ ਹੀ ਤੇਲ ਦੀ ਵਿਸ਼ਵ ਪੱਧਰੀ ਊਰਜਾ ਸਪਲਾਈ ਚੇਨ ‘ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਖੇਤਰ ਵਿੱਚ ਲਗਾਤਾਰ ਹੋ ਰਹੇ ਹਮਲੇ ਅਤੇ ਹੋਰਮੁਜ਼ ਸਟ੍ਰੇਟ ਦੇ ਆਲੇ-ਦੁਆਲੇ ਵਧਦੇ ਤਣਾਅ ਨੇ ਅੰਤਰਰਾਸ਼ਟਰੀ ਤੇਲ ਬਾਜ਼ਾਰ ਨੂੰ ਅਸਥਿਰ ਕਰ ਦਿੱਤਾ ਹੈ। ਅਮਰੀਕਾ ਅਤੇ ਇਜ਼ਰਾਈਲ ਦੇ ਈਰਾਨ ‘ਤੇ ਹਮਲਿਆਂ ਤੋਂ ਬਾਅਦ ਈਰਾਨ ਨੇ ਹੋਰਮੁਜ਼ ਸਟ੍ਰੇਟ ਬੰਦ ਕਰਨ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਉਹ ਇੱਥੋਂ ਕਿਸੇ ਜਹਾਜ਼ ਨੂੰ ਨਹੀਂ ਲੰਘਣ ਦੇਵੇਗਾ।

ਹੋਰਮੁਜ਼ ਸਟ੍ਰੇਟ ਦੇ ਆਲੇ-ਦੁਆਲੇ ਚੱਲ ਰਹੀ ਜੰਗ ਨੇ ਸਾਫ਼ ਕਰ ਦਿੱਤਾ ਹੈ ਕਿ ਭਾਰਤ ਦੀ ਊਰਜਾ ਸੁਰੱਖਿਆ ਕਿਸ ਤਰ੍ਹਾਂ ਸਮੁੰਦਰੀ ਰਸਤੇ ਉੱਤੇ ਨਿਰਭਰ ਹੈ। ਈਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਸ ਕਾਰਨ ਇਸ ਰਸਤੇ ਉੱਤੇ ਆਵਾਜਾਈ ਲਗਭਗ ਰੁਕ ਗਈ ਹੈ। ਭਾਰਤ ਦੇ ਲਈ ਇਹ ਜੋਖ਼ਮ ਕਾਫ਼ੀ ਵੱਡਾ ਹੈ, ਕਿਉਂਕਿ ਦੇਸ਼ ਆਪਣੀ ਲੋੜ ਦਾ ਲਗਭਗ 90 ਫ਼ੀਸਦ ਕੱਚਾ ਤੇਲ ਦਰਾਮਦ ਕਰਦਾ ਹੈ। ਭਾਰਤ ਦੇ ਕੁੱਲ ਕੱਚੇ ਤੇਲ ਦਰਾਮਦ ਦਾ ਕਰੀਬ 25 ਤੋਂ 27 ਲੱਖ ਬੈਰਲ ਪ੍ਰਤੀ ਦਿਨ ਇਸੇ ਰਸਤੇ ਤੋਂ ਹੋ ਕੇ ਆਉਂਦਾ ਹੈ। ਇਹ ਤੇਲ ਮੁੱਖ ਰੂਪ ਤੋਂ ਈਰਾਕ, ਸਾਊਦੀ, ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਕੁਵੈਤ ਤੋਂ ਆਉਂਦਾ ਹੈ।

ਇੰਟੈਲੀਜੈਂਸ ਕੰਪਨੀ ਕੇਪਲਰ ਦੇ ਵਿਸ਼ਲੇਸ਼ਕ ਸੁਮਿਤ ਰਿਤੋਲੀਆ ਅਨੁਸਾਰ, “ਭਾਰਤ ਕੋਲ ਰਿਫ਼ਾਈਨਰੀਆਂ ਅਤੇ ਕਮਰਸ਼ੀਅਲ ਸਟੋਰੇਜ ਵਿੱਚ ਲਗਭਗ 10 ਕਰੋੜ ਬੈਰਲ ਕੱਚਾ ਤੇਲ ਮੌਜੂਦ ਹੈ। ਇਨ੍ਹਾਂ ਵਿੱਚੋਂ ਕਰੀਬ 80 ਫ਼ੀਸਦ ਦਾ ਇਸਤੇਮਾਲ ਹੋ ਸਕਦਾ ਹੈ, ਜੋ ਲਗਭਗ 30 ਤੋਂ 35 ਦਿਨਾਂ ਦੀ ਲੋੜ ਪੂਰੀ ਕਰ ਸਕਦਾ ਹੈ। ਇਸ ਤੋਂ ਇਲਾਵਾ ਭਾਰਤ ਡੀਜ਼ਲ ਤੇ ਜਹਾਜ਼ ਇੰਧਨ ਵਰਗੇ ਰਿਫਾਇੰਡ ਪੈਟਰੋਲੀਅਮ ਪ੍ਰੋਡਕਟ ਦਾ ਵੀ ਵੱਡਾ ਐਕਸਪੋਰਟਰ ਹੈ। ਇਸ ਲਈ ਲੋੜ ਪੈਣ ਉੱਤੇ ਘਰੇਲੂ ਸਪਲਾਈ ਬਣਾਈ ਰੱਖਣ ਲਈ ਇਨ੍ਹਾਂ ਦੇ ਦਰਾਮਦ ਨੂੰ ਘੱਟ ਕਰ ਸਕਦਾ ਹੈ।”

ਕੁਦਰਤੀ ਗੈਸ ਦੇ ਸਭ ਤੋਂ ਵੱਡੇ ਅਪੂਰਤੀਕਰਤਾ ਕਤਰ ਨੇ ਇੱਕ ਈਰਾਨੀ ਡਰੋਨ ਹਮਲੇ ਤੋਂ ਬਾਅਦ ਕੁਝ ਹਾਲਾਤਾਂ ਦਾ ਹਵਾਲਾ ਦਿੰਦੇ ਹੋਏ ਉਤਪਾਦਨ ਰੋਕਣ ਦੀ ਗੱਲ ਆਖੀ ਹੈ। ਭਾਰਤ ਦੇ ਕਰੀਬ 2.7 ਕਰੋੜ ਟਨ ਲਿਕਵਫਾਈਡ ਨੈਚੁਰਲ ਗੈਸ (ਐੈਲ.ਐੈਨ.ਜੀ.) ਦੀ 40 ਫ਼ੀਸਦ ਅਪੂਰਤੀ ਕਤਰ ਤੋਂ ਹੁੰਦੀ ਹੈ। ਗੈਸ ਇੰਪੋਰਟ ਕਰਨ ਵਾਲੀ ਕੰਪਨੀ ਪੈਟਰੋਨੇਟ ਐੈਲ.ਐੈਨ.ਜੀ. ਲਿਮਿਟਡ ਨੇ ਵੀ ਆਪਣੇ ਗਾਹਕਾਂ, ਗੇਲ ਇੰਡੀਆ ਤੇ ਇੰਡੀਅਨ ਆਇਲ ਕਾਰਪੋਰੇਸ਼ਨ ਨੂੰ ਸਪਲਾਈ ਰੁਕਣ ਦੀ ਜਾਣਕਾਰੀ ਦਿੱਤੀ ਹੈ।

**ਜ਼ਰੂਰੀ**

‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh
**Punjab Incharge:**
Jasvir Singh Mangat

‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਰਣਜੀਤ ਸਿੰਘ ਦੇ ਪੁਲਿਸ ਮੁਕਾਬਲੇ ਖਿਲਾਫ ਸੰਘਰਸ਼ ਲਾਮਬੰਦ

## *ਇਨਸਾਫ ਮਿਲਣ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ

**ਜਸਵੀਰ ਸਿੰਘ ਮਾਂਗਟ**



ਰਣਜੀਤ ਸਿੰਘ

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਆਦੀਆਂ ਦੀ ਪੁਲਿਸ ਚੌਕੀ ਵਿਚ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਬੀਤੇ ਦਿਨੀਂ ਮਾਰ ਦਿੱਤੇ ਗਏ ਦੋ ਪੁਲਿਸ ਮੁਲਾਜ਼ਮਾਂ ਤੋਂ ਇੱਕ-ਦੋ ਦਿਨ ਬਾਅਦ ਆਦੀਆਂ ਦੇ ਹੀ ਇੱਕ 19 ਸਾਲਾ ਨੌਜਵਾਨ ਰਣਜੀਤ ਸਿੰਘ ਨੂੰ ਘਰੋਂ ਗ੍ਰਿਫਤਾਰ ਕਰਕੇ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਵਿਖਾ ਦਿੱਤਾ ਗਿਆ।

ਇਸ ਮਾਮਲੇ ਵਿੱਚ ਪੁਲਿਸ ਵੱਲੋਂ ਦੋ ਹੋਰ ਕਥਿਤ ਮੁਲਜ਼ਮਾਂ- ਦਿਲਾਵਰ ਸਿੰਘ ਅਤੇ ਇੰਦਰਜੀਤ ਸਿੰਘ ਨੂੰ ਵੀ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਇੰਦਰਜੀਤ ਸਿੰਘ ਖਿਲਾਫ ਪਹਿਲਾਂ ਵੀ ਨਸ਼ੇ ਦੇ ਮਾਮਲੇ ਵਿੱਚ ਦੋ ਕੇਸ ਚੱਲ ਰਹੇ ਹਨ; ਜਦਕਿ ਦਿਲਾਵਰ ਸਿੰਘ ਅਤੇ ਰਣਜੀਤ ਸਿੰਘ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਇਹ ਦੋਨੋਂ ਨੌਜੁਆਨ ਅਲ੍ਹੜ ਉਮਰ (ਟੀਨ ਏਜਰ) ਸਨ/ਹਨ। ਜਦੋਂ ਕਿ ਇੰਦਰਜੀਤ ਸਿੰਘ ਦੀ ਉਮਰ 21 ਸਾਲ ਹੈ। ਰਣਜੀਤ ਸਿੰਘ ਨੂੰ 27 ਫਰਵਰੀ ਨੂੰ ਤੜਕੇ ਇੱਕ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਦੱਸਿਆ ਗਿਆ ਹੈ। ਸਰਹੱਦੀ ਖੇਤਰ ਦੇ ਪੰਜਾਬ ਪੁਲਿਸ ਦੇ ਡੀ.ਆਈ.ਜੀ. ਸੰਦੀਪ ਗੋਇਲ ਨੇ ਬਾਅਦ ਵਿੱਚ ਕੀਤੀ ਗਈ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕੇ ਇਹ ਨੌਜਵਾਨ ਗੁਆਂਢੀ ਦੇਸ਼ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੀ ਪੰਜਾਬ ਵਿੱਚ ਬਦਅਮਨੀ ਫੈਲਾਉਣ ਦੀ ਸਾਜ਼ਿਸ਼ ਦਾ ਸ਼ਿਕਾਰ ਹੋਏ ਹਨ।

ਪੁਲਿਸ ਅਨੁਸਾਰ ਇਨ੍ਹਾਂ ਮੁੰਡਿਆਂ ਨੂੰ 2-5 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ। ਦਿਲਾਵਰ ਸਿੰਘ ਨੂੰ ਵੀਹ ਹਜ਼ਾਰ ਰੁਪਏ ਮਿਲਣੇ ਸਨ। ਰਣਜੀਤ ਸਿੰਘ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਬੱਚੇ ਨੂੰ 26 ਫਰਵਰੀ ਨੂੰ ਤੜਕੇ ਚਾਰ ਵਜੇ ਘਰੋਂ ਪੁੱਛ-ਗਿੱਛ ਲਈ ਦੋਰਾਂਗਲਾ ਥਾਣੇ ਲਿਆਂਦਾ ਗਿਆ ਅਤੇ ਸੀ.ਆਈ.ਏ. ਸਟਾਫ ਵੱਲੋਂ ਉਸ 'ਤੇ ਭਾਰੀ ਤਸ਼ੱਦਦ ਕੀਤਾ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ; ਬਾਅਦ ਵਿੱਚ ਉਸ ਦੇ ਪੁਲਿਸ ਮੁਕਾਬਲੇ ਦੀ ਰਵਾਇਤੀ ਕਹਾਣੀ ਘੜ ਦਿੱਤੀ ਗਈ। ਪਰਿਵਾਰ ਦਾ ਇਹ ਵੀ ਆਖਣਾ ਹੈ ਕਿ ਪੁਲਿਸ ਰਾਤ ਨੂੰ ਦਸ ਵਜੇ ਦੇ ਕਰੀਬ ਪਿੰਡ ਵਿੱਚ ਦੁਬਾਰਾ ਆਈ ਅਤੇ ਆਂਢ ਗੁਆਂਢ ਦੇ ਕੈਮਰੇ ਉਤਾਰ ਕੇ ਲੈ ਗਈ। ਗੁਰਦੁਆਰੇ ਦਾ ਕੈਮਰਾ ਵੀ ਡੀ.ਵੀ.ਆਰ. ਸਮੇਤ ਪੁਲਿਸ ਲਾਹ ਕੇ ਲੈ ਗਈ। ਇਹ ਰਣਜੀਤ ਸਿੰਘ ਦੀ ਗ੍ਰਿਫਤਾਰੀ ਦੇ ਸਬੂਤਾਂ ਨੂੰ ਮਿਟਾਉਣ ਦਾ ਯਤਨ ਸੀ।

ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਉਹ ਰਣਜੀਤ ਸਿੰਘ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾ ਰਹੇ ਸਨ ਤੇ ਰਸਤੇ ਵਿੱਚ ਉਹ ਗੱਡੀ ਪਲਟ ਗਈ, ਜਿਸ ਵਿੱਚ ਮੁਲਾਜ਼ਮ ਬੈਠੇ ਸਨ। ਮੌਕਾ ਤਾੜ ਕੇ ਕਥਿਤ ਮੁਲਜ਼ਮ ਹਿਰਾਸਤ ਵਿੱਚੋਂ ਦੌੜ ਗਿਆ ਅਤੇ ਆਪਣਾ ਲੁਕੋਇਆ ਹੋਇਆ ਹਥਿਆਰ ਵੀ ਮਿੱਥੇ ਥਾਂ ਤੋਂ ਚੁੱਕ ਕੇ ਲੈ ਗਿਆ। ਕੁਝ ਘੰਟੇ ਬਾਅਦ ਪੁਰਾਣਾ ਸ਼ਾਲਾ ਪਿੰਡ ਲਾਗੇ ਪੁਲਿਸ ਵੱਲੋਂ ਲਗਾਏ ਗਏ ਇੱਕ ਨਾਕੇ 'ਤੇ ਮੁਕਾਬਲੇ ਵਿੱਚ ਮਾਰਿਆ ਗਿਆ। ਮੁਕਾਬਲੇ ਮੌਕੇ ਉਹ ਮੋਟਰਸਾਈਕਲ 'ਤੇ ਸਵਾਰ ਸੀ ਅਤੇ ਉਸ ਕੋਲੋਂ ਵਾਰਦਾਤ ਲਈ ਵਰਤਿਆ ਗਿਆ ਹਥਿਆਰ ਵੀ ਬਰਾਮਦ ਕੀਤਾ ਗਿਆ।

ਪੁਲਿਸ ਵੱਲੋਂ ਘੜੀ ਗਈ ਕਹਾਣੀ ਆਮ ਤੌਰ 'ਤੇ ਬਣਾਏ ਜਾਂਦੇ ਫਰਜ਼ੀ ਪੁਲਿਸ ਮੁਕਾਬਲਿਆਂ ਨਾਲ ਮਿਲਦੀ-ਜੁਲਦੀ ਹੀ ਹੈ। ਕੁਝ ਅਧਿਕਾਰਿਕ ਤੌਰ 'ਤੇ ਅਪੁਸ਼ਟ ਅੰਕੜਿਆਂ ਅਨੁਸਾਰ ਪੰਜਾਬ ਵਿੱਚ 2023 ਤੋਂ ਬਾਅਦ 42 ਪੁਲਿਸ ਮੁਕਾਬਲੇ ਹੋਏ ਹਨ ਅਤੇ ਪਿਛਲੇ ਤਿੰਨ ਮਹੀਨੇ ਵਿੱਚ ਪੰਜਾਬ ਵਿੱਚ ਹੋਏ ਪੁਲਿਸ ਮੁਕਾਬਲਿਆਂ ਦੀ ਗਿਣਤੀ 34 ਦੱਸੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਰਣਜੀਤ ਸਿੰਘ ਦੋ ਭਰਾਵਾਂ ਦੇ ਘਰ ਇਕਲੌਤਾ ਪੁੱਤਰ ਸੀ। ਉਂਝ ਉਸ ਦੇ ਘਰ ਵਾਲੇ ਇਹ ਸਵੀਕਾਰ ਕਰਦੇ ਹਨ ਕਿ ਮੁੰਡਾ ਉਸ ਰਾਤ ਘਰ ਨਹੀਂ ਸੀ, ਜਿਸ ਰਾਤ ਪੁਲਿਸ ਵਾਲੇ ਮਾਰੇ ਗਏ ਸਨ। ਉਹ ਆਪਣੇ ਇੱਕ ਦੋਸਤ ਕੋਲ ਗਿਆ ਹੋਇਆ ਸੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਕੇਸ ਦਾ ਸੂ-ਮੋਟੋ ਨੋਟਿਸ ਲੈਂਦਿਆਂ ਪੁਲਿਸ ਤੋਂ ਮਾਮਲੇ ਬਾਰੇ ਜਵਾਬ ਮੰਗ ਲਿਆ ਹੈ। ਪੁਲਿਸ ਵਾਲਿਆਂ ਦੀ ਪਹਿਲੀ ਪੇਸ਼ੀ ਵੇਲੇ ਅਦਾਲਤ ਨੇ ਪੁਲਿਸ ਨੂੰ ਝਾੜਦਿਆਂ ਕਿਹਾ ਕਿ ਜੇ ਮੁੰਡਾ ਦੋਸ਼ੀ ਵੀ ਸੀ ਤਾਂ ਉਸ ਨੂੰ ਮਾਰਨ ਦੀ ਇਜਾਜ਼ਤ ਤੁਹਾਨੂੰ ਕਿਸ ਨੇ ਦਿੱਤੀ ਹੈ? ਪੰਜਾਬ ਦੇ ਕਾਰਜਕਾਰੀ ਡੀ.ਜੀ.ਪੀ. ਗੌਰਵ ਯਾਦਵ ਨੇ ਵੀ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਆਪਣਾ ਪੱਖ ਰੱਖਿਆ, ਪਰ ਇਹ ਜੱਜ ਨੂੰ ਸੰਤੁਸ਼ਟ ਨਾ ਕਰ ਸਕਿਆ।

ਰਣਜੀਤ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਚੀਫ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਤਿੰਨ ਡਾਕਟਰਾਂ ਦੇ ਇੱਕ ਪੈਨਲ ਵੱਲੋਂ ਕੀਤਾ ਗਿਆ। ਇਸ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ ਹੈ। ਇਸ ਮਾਮਲੇ ਨੂੰ ਚੁੱਕਣ ਲਈ ਪਰਿਵਾਰ ਨੇ ਕੁਝ ਵਿਦਿਆਰਥੀ ਅਤੇ ਕਿਸਾਨ ਸੰਗਠਨਾਂ ਨਾਲ ਮਿਲ ਕੇ ਇੱਕ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਵੀ ਰਣਜੀਤ ਸਿੰਘ ਦੇ ਮਾਪਿਆਂ ਨੇ ਉਸ ਦਾ ਸਸਕਾਰ ਨਹੀਂ ਕੀਤਾ ਅਤੇ 'ਜਦੋਂ ਤੱਕ ਇਨਸਾਫ ਨਹੀਂ ਮਿਲਦਾ' ਮੁੰਡੇ ਦੀ ਮ੍ਰਿਤਕ ਦੇਹ ਦਾ ਸਸਕਾਰ ਨਾ ਕਰਨ ਲਈ ਬਜ਼ਿੱਦ ਹਨ।

ਇਸ ਮਾਮਲੇ ਵਿੱਚ ਦਿਲਚਸਪ ਤੱਥ ਇਹ ਵੀ ਹੈ ਕਿ ਮੁੱਢ ਵਿੱਚ ਪੁਲਿਸ ਅਤੇ ਪੰਜਾਬ ਦੇ ਮੁੱਖ ਮੰਤਰੀ ਦਾ ਆਖਣਾ ਸੀ ਕਿ ਪੁਲਿਸ ਵਾਲੇ ਆਪਸ ਵਿੱਚ ਚੱਲੀ ਗੋਲੀ ਵਿੱਚ ਮਾਰੇ ਗਏ ਹਨ। ਹਮਲਾਵਰ ਅਸਲ ਵਿੱਚ ਪੁਲਿਸ ਮੁਲਾਜ਼ਮਾਂ ਦੇ ਹਥਿਆਰ 'ਮੌਕਾ-ਏ-ਵਾਰਦਾਤ' 'ਤੇ ਹੀ ਛੱਡ ਗਏ ਸਨ। ਜਿਸ ਤੋਂ ਲਗਦਾ ਸੀ ਕਿ ਇਹ ਮਾਰਨ ਵਾਲੇ ਕੋਈ ਹੰਢੇ ਹੋਏ ਅਪਰਾਧੀ ਨਹੀਂ ਹਨ। ਇਸ ਪੁਲਿਸ ਮੁਕਾਬਲੇ ਦੇ ਖਿਲਾਫ ਲੋਕ ਆਪ ਮੁਹਾਰੇ ਸੰਘਰਸ਼ ਵਿੱਚ ਉਤਰ ਆਏ ਹਨ ਅਤੇ ਕੇਸ ਉੱਚ ਅਦਾਲਤ ਕੋਲ ਵੀ ਚਲਾ ਗਿਆ ਹੈ। ਰਣਜੀਤ ਸਿੰਘ ਦੀ ਮਾਤਾ ਨੇ ਵੀ ਹਾਈਕੋਰਟ ਵਿੱਚ ਆਪਣੀ ਇੱਕ ਰਿੱਟ ਦਾਇਰ ਕੀਤੀ ਹੈ। ਇਸ ਨਾਲ ਇਸ ਕੇਸ ਵਿੱਚ ਕੋਈ ਨਾ ਕੋਈ ਕਾਰਵਾਈ ਦੀ ਆਸ ਲੋਕਾਂ ਨੂੰ ਬੱਝ ਗਈ ਹੈ। ਕਾਂਗਰਸ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ, ਅਕਾਲੀ ਦਲ ਪੁਨਰਸੁਰਜੀਤ ਦੇ ਸੁੱਚਾ ਸਿੰਘ ਛੋਟੇਪੁਰ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਮ੍ਰਿਤਕ ਨੌਜਵਾਨ ਨਾਲ ਵਾਪਰੀ ਹੋਣੀ ਲਈ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ।






# ਪੰਜਾਬ ਵਿੱਚ 'ਫਰਜ਼ੀ ਪੁਲਿਸ ਮੁਕਾਬਲਿਆਂ' ਦਾ ਇਤਿਹਾਸ

ਪੰਜਾਬ/ਭਾਰਤ ਵਿੱਚ ਹੁੰਦੇ ਝੂਠੇ ਪੁਲਿਸ ਮੁਕਾਬਲੇ ਆਧੁਨਿਕ ਹਿੰਦੋਸਤਾਨੀ ਸਟੇਟ ਦੇ ਅਗਸਤ 1947 ਵਿੱਚ ਹੋਂਦ ਵਿੱਚ ਆਉਣ ਤੋਂ ਬਾਅਦ ਖੱਬੇ ਪੱਖੀ (ਨਕਸਲੀ) ਕਾਰਕੁੰਨਾਂ ਨਾਲ ਨਜਿੱਠਣ ਲਈ ਇਜਾਦ ਕੀਤੀ ਗਈ ਇੱਕ ਨਿਰਦਈ, ਗੈਰ-ਕਾਨੂੰਨੀ ਰਣਨੀਤੀ ਦਾ ਹਿੱਸਾ ਹਨ। ਹਿੰਦੋਸਤਾਨ ਦੇ ਸੰਵਿਧਾਨ ਮੁਤਾਬਕ ਤੇ ਕੌਮਾਂਤਰੀ ਕਾਨੂੰਨਾਂ ਦੇ ਮੱਦੇਨਜ਼ਰ ਵੀ ਇਸ ਰਣਨੀਤੀ ਤਹਿਤ ਕੀਤੇ ਗਏ ਕਤਲਾਂ ਨੂੰ ਕਤਈ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਫਿਰ ਵੀ ਇਨ੍ਹਾਂ ਸਰਕਾਰੀ ਹਿਰਾਸਤੀ ਕਤਲਾਂ ਦੀ ਲੜੀ ਨੂੰ ਭਾਰਤ ਵਿੱਚ ਮੌਜੂਦ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੇ ਹਾਲੇ ਤੱਕ ਜਾਰੀ ਰੱਖਿਆ ਹੋਇਆ ਹੈ। ਅੱਜ ਦੇ ਉਸ ਸੰਸਾਰ ਹਾਲਤ ਵਿੱਚ, ਜਿੱਥੇ ਅਮਰੀਕਾ-ਇਜ਼ਰਾਇਲ ਦੇ ਲਿੰਗ ਪੂਜਕ 'ਐਪਸਟੀਨ ਗੈਂਗ' ਸਮੇਤ ਸਾਰੀ ਸਿਆਸੀ ਦੁਨੀਆਂ ਧੱਕੜ ਰਾਜ ਸ਼ਕਤੀ ਨੂੰ ਜਾਇਜ਼ ਕਰਾਰ ਦੇਣ ਵਿੱਚ ਰੁਝੀ ਹੋਈ ਹੈ, ਉਥੇ ਭਾਰਤੀ ਹਕੂਮਤ ਵੀ ਆਪਣੇ ਇਹੋ ਜਿਹੇ ਕੁਕਰਮ ਨੂੰ ਜਾਇਜ਼ ਠਹਿਰਾਉਣ ਦੀ ਵਾਹ ਲਗਾ ਰਹੀ ਹੈ। ਖਾਸ ਕਰਕੇ ਧਾਰਮਿਕ ਤੇ ਨਸਲੀ ਘੱਟਗਿਣਤੀ ਵਾਲੇ ਰਾਜਾਂ ਵਿੱਚ ਅਤੇ ਦੱਖਣੀ ਤੇ ਮੱਧ ਭਾਰਤ ਦੇ ਆਦਿਵਾਸੀ ਆਧਾਰਤ ਜੰਗਲੀ ਖੇਤਰਾਂ ਵਿੱਚ। ਇਸ ਖੇਤਰ ਦੇ ਕੁਦਰਤੀ ਸੋਮਿਆਂ 'ਤੇ ਕਬਜ਼ਾ ਕਰਨ ਲਈ ਬਾਕਾਇਦਾ ਇੱਕ ਮੁਹਿੰਮ ਚੱਲ ਰਹੀ ਹੈ।

ਪੰਜਾਬ ਦੀ ਨਕਸਲਬਾੜੀ ਲਹਿਰ ਬਾਰੇ ਲੇਖਕ ਬਲਬੀਰ ਪ੍ਰਵਾਨਾ ਵੱਲੋਂ ਲਿਖੀ ਗਈ ਇੱਕ ਕਿਤਾਬ ਅਨੁਸਾਰ ਪੰਜਾਬ ਵਿੱਚ ਫਰਜ਼ੀ ਪੁਲਿਸ ਮੁਕਾਬਲਿਆਂ ਦਾ ਰਿਵਾਜ਼ ਵੀ ਗਰਮਖਿਆਲੀ ਖੱਬੇ-ਪੱਖੀ ਲਹਿਰ (ਨਕਸਲੀ) ਖਿਲਾਫ ਮਾਰਚ-1970 ਵਿੱਚ ਪਾਇਆ ਗਿਆ ਸੀ, ਜਦਕਿ ਦੱਖਣੀ ਭਾਰਤੀ ਰਾਜ ਆਂਧਰਾ ਪ੍ਰਦੇਸ਼ ਵਿੱਚ ਹਿਰਾਸਤੀ ਕਤਲਾਂ ਦਾ ਇਹ ਸਿਲਸਲਾ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਾ ਸੀ। ਇਸ ਲਹਿਰ ਵਿਰੁੱਧ ਪੰਜਾਬ ਵਿੱਚ ਪਹਿਲਾ ਪੁਲਿਸ ਮੁਕਾਬਲਾ 25 ਮਾਰਚ 1970 ਨੂੰ ਪਟਿਆਲਾ ਜ਼ਿਲ੍ਹੇ ਦੇ ਵਸਨੀਕ ਪਿੰਡ ਖੇੜਾ ਦੇ ਵਾਸੀ 30 ਸਾਲਾ ਨੌਜਵਾਨ ਬਲਵੰਤ ਸਿੰਘ ਦਾ ਕੀਤਾ ਗਿਆ ਸੀ। ਬਲਵੰਤ ਸਿੰਘ ਨੂੰ ਬਡਵਾਲੀ ਪਿੰਡ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਰੋਪੜ ਜ਼ਿਲ੍ਹੇ ਦੇ ਪਿੰਡ ਖੇੜੀ ਸਲਾਬਤਪੁਰ ਲਾਗੇ ਲਿਜਾ ਕੇ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਸੀ। ਇਸੇ ਮੁਕਾਬਲੇ ਵਿੱਚ ਦੋ ਹੋਰ ਨਕਸਲੀ ਨੌਜਵਾਨਾਂ- ਉਜਾਗਰ ਸਿੰਘ ਬਡਵਾਲੀ (ਰੋਪੜ) ਅਤੇ ਦਰਬਾਰਾ ਸਿੰਘ ਰਸ਼ੀਦਪੁਰ ਨੂੰ ਵੀ ਮਾਰ ਦਿੱਤਾ ਗਿਆ ਸੀ।

ਇਸ ਦਮਨ ਚੱਕਰ ਦਾ (ਅ)ਸ਼ੁੱਭ ਆਰੰਭ ਕਰਨ ਵੇਲੇ ਪੰਜਾਬ ਦੇ ਮੁੱਖ ਮੰਤਰੀ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਸਨ। ਨਕਸਲਬਾੜੀ ਲਹਿਰ ਦੀ ਸਰਗਰਮੀ ਦੌਰਾਨ ਤਕਰੀਬਨ 80 ਵਿਅਕਤੀਆਂ ਦੇ ਪੁਲਿਸ ਮੁਕਾਬਲੇ ਬਣਾਏ ਗਏ। ਇਸ ਤੋਂ ਮਗਰੋਂ 1978 ਵਿੱਚ ਨਿਰੰਕਾਰੀ ਕਤਲ ਕਾਂਡ ਤੋਂ ਬਾਅਦ ਆਰੰਭ ਹੋਈ ਸਿੱਖ ਖਾੜਕੂ ਲਹਿਰ ਦੌਰਾਨ ਫਰਜ਼ੀ ਪੁਲਿਸ ਮੁਕਾਬਲਿਆਂ ਦੇ ਇਸ ਪਰਖੇ ਪ੍ਰਤਿਆਏ ਅਮਲ ਨੂੰ ਮੁੜ ਦੁਹਰਾਇਆ ਗਿਆ। ਖਾੜਕੂ ਲਹਿਰ ਵੇਲੇ ਸਭ ਤੋਂ ਪਹਿਲਾ ਪੁਲਿਸ ਮੁਕਾਬਲਾ ਕੁਲਵੰਤ ਸਿੰਘ ਨਾਗੋਕੇ ਦਾ ਹੋਇਆ ਸੀ ਅਤੇ ਬਾਅਦ ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਫਰਜ਼ੀ ਪੁਲਿਸ ਮੁਕਾਬਲੇ ਬਣਾਏ ਗਏ। ਸ਼ਹੀਦ ਜਸਵੰਤ ਸਿੰਘ ਖਾਲੜਾ ਸਮੇਤ ਬਹੁਤ ਸਾਰੇ ਲੋਕਾਂ ਨੂੰ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਖੁਰਦ-ਬੁਰਦ ਕਰ ਦਿੱਤਾ ਗਿਆ ਸੀ। ਇਸ ਦੌਰ ਵਿੱਚ ਹੋਏ ਪੁਲਿਸ ਮੁਕਾਬਲਿਆਂ ਬਾਰੇ ਮੁਕੰਮਲ ਤੱਥਾਂ ਦੀ ਪਛਾਣ ਕਰਨ ਅਤੇ ਨਿਆਂ ਹਾਸਲ ਕਰਨ ਦਾ ਕਾਰਜ ਹਾਲੇ ਵੀ ਅਧੂਰਾ ਪਿਆ ਹੈ।

1978 ਤੋਂ 1996 ਦੌਰਾਨ ਪੰਜਾਬ ਵਿੱਚ ਹੋਏ ਪੁਲਿਸ ਤਸ਼ੱਦਦ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਅਤੇ ਲੋਕਾਂ ਨੂੰ ਨਿਆਂ ਦਿਵਾਉਣ ਦੇ ਵਾਅਦੇ ਨਾਲ ਹੀ 1997 ਵਿੱਚ ਪੰਜਾਬ 'ਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸਰਕਾਰ ਹੋਂਦ ਵਿੱਚ ਆਈ ਸੀ; ਪਰ ਜਦੋਂ ਇਨ੍ਹਾਂ ਵਾਅਦਿਆਂ ਨੂੰ ਅਮਲ ਵਿੱਚ ਲਿਆਉਣ ਦਾ ਸਵਾਲ ਉੱਠਿਆ ਤਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਵਾਬ ਦਿੱਤਾ ਸੀ ਕਿ 'ਹੁਣ ਦੱਬੇ ਮੁਰਦੇ ਮੁੜ ਕੇ ਉਖਾੜਨ ਦਾ ਕੋਈ ਫਾਇਦਾ ਨਹੀਂ। ਬੀਤੇ 'ਤੇ ਮਿੱਟੀ ਪਾਉਣੀ ਹੀ ਬੇਹਤਰ ਹੈ।' ਇਨਾ ਹੀ ਨਹੀਂ, ਅਕਾਲੀਆਂ ਦੀ ਅਗਵਾਈ ਵਾਲੀ ਇਹ ਪੰਜਾਬ ਸਰਕਾਰ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਪੀੜਤਾਂ ਲਈ ਇਨਸਾਫ ਦੇ ਕੀਤੇ ਜਾ ਰਹੇ ਯਤਨਾਂ ਦੇ ਰਾਹ ਵਿੱਚ ਰੋੜੇ ਅਟਕਾਉਂਦੀ ਰਹੀ। ਇਸ ਤੋਂ ਵੀ ਅੱਗੇ ਜਾ ਕੇ ਅਕਾਲੀ ਸਰਕਾਰ ਨੇ ਨਾ ਸਿਰਫ ਫਰਜ਼ੀ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਅਫਸਰਾਂ ਦਾ ਅਦਾਲਤਾਂ ਵਿੱਚ ਪੱਖ ਪੂਰਿਆ, ਉਨ੍ਹਾਂ ਨੂੰ ਤਰੱਕੀਆਂ ਦਿੱਤੀਆਂ। ਸਿੱਖ ਨੌਜਵਾਨਾਂ 'ਤੇ ਭਿਆਨਕ ਤਸ਼ੱਦਦ ਅਤੇ ਉਨ੍ਹਾਂ ਨੂੰ ਕਤਲ ਕਰਨ ਲਈ ਜ਼ਿੰਮੇਵਾਰ ਪੁਲਿਸ ਅਫਸਰ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ. ਨਿਯੁਕਤ ਕੀਤਾ। ਇਸ ਰਾਹ 'ਤੇ ਤੁਰਦਿਆਂ ਅਕਾਲੀ ਦਲ ਨੇ ਆਪਣੇ ਮੂਲ (ਸਿੱਖ ਆਵਾਮ ਅਤੇ ਸਿੱਖ ਧਰਮ/ਸਿਧਾਂਤ) ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ। ਸਿੱਖ ਰੂਹ ਤੋਂ ਅਲਗਾਵ ਦੇ ਇਸੇ ਵਿਛੋੜੇ ਕਾਰਨ ਅਕਾਲੀ ਦਲ (ਬਾਦਲ) ਅੱਜ ਉੱਖੜਿਆ ਫਿਰਦਾ ਹੈ।

ਇਸ ਦੌਰਾਨ ਰਾਮ ਨਰਾਇਣ ਕੁਮਾਰ ਦੀ ਅਗਵਾਈ ਵਿੱਚ ਸਥਾਪਤ ਕੀਤੀ ਗਈ 'ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ' ਵੱਲੋਂ ਪੀੜਤ ਪਰਿਵਾਰਾਂ ਲਈ ਇਨਸਾਫ ਹਾਸਲ ਕਰਨ ਦੇ ਯਤਨ ਆਰੰਭੇ ਗਏ। ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ ਵੱਲੋਂ ਪੰਜਾਬ ਵਿੱਚ ਖਾੜਕੂ ਸੰਘਰਸ਼ ਦੌਰਾਨ ਪੁਲਿਸ ਵੱਲੋਂ ਲਾਪਤਾ ਕਹਿ ਕੇ ਮਾਰ ਦਿੱਤੇ ਗਏ ਲੋਕਾਂ ਬਾਰੇ ਛਾਪੀ ਗਈ ਰਿਪੋਰਟ 'ਰਡੀਊਸਡ ਟੂ ਦਾ ਐਸ਼ਿਜ਼' ਦੇ ਪੰਜਾਬੀ ਅਨੁਵਾਦ 'ਜੋ ਰਾਖ ਹੋ ਗਏ' ਦੀ ਭੂਮਿਕਾ ਵਿੱਚ ਅਮਰੀਕ ਸਿੰਘ ਮੁਕਤਸਰ ਨੇ ਲਿਖਿਆ, "31 ਦਸੰਬਰ 1995 ਨੂੰ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਇੱਕ ਬੰਬ ਧਮਾਕੇ ਵਿੱਚ ਹੱਤਿਆ ਤੋਂ ਬਾਅਦ ਸਾਨੂੰ ਡਰ ਸੀ ਕਿ ਪੰਜਾਬ ਪੁਲਿਸ ਇਸ ਦਹਿਸ਼ਤ ਭਰੇ ਮਾਹੌਲ ਦੇ ਬਹਾਨੇ ਸਾਡੀ ਟੀਮ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਸਾਡੀ ਸ਼ੱਕ ਉਸ ਵੇਲੇ ਸੱਚ ਸਾਬਤ ਹੋਇਆ ਜਦੋਂ 6 ਸਤੰਬਰ 1995 ਨੂੰ ਸਾਡੀ ਟੀਮ ਦੇ ਇੱਕ ਮੈਂਬਰ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰ ਲਿਆ ਗਿਆ।" ਬਾਅਦ ਵਿੱਚ ਜਸਵੰਤ ਸਿੰਘ ਖਾਲੜਾ ਦੀ ਕੋਈ ਉੱਘ-ਸੁੱਘ ਨਹੀਂ ਸੀ ਮਿਲੀ। ਉਨ੍ਹਾਂ ਸੰਬੰਧੀ ਉਨ੍ਹਾਂ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ। ਜਸਟਿਸ ਕੁਲਦੀਪ ਸਿੰਘ ਨੇ ਇਸ ਕੇਸ ਨੂੰ ਵੀ ਲਾਵਾਰਸ ਲਾਸ਼ਾਂ ਦੇ ਕੇਸ ਦੇ ਨਾਲ ਹੀ ਆਪਣੇ ਕੋਲ ਤਲਬ ਕਰ ਲਿਆ ਸੀ ਅਤੇ ਸਮੁੱਚੇ ਕੇਸ ਦੀ ਪੜਤਾਲ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ।

ਇਸੇ ਕਿਤਾਬ ਦੀ ਭੂਮਿਕਾ ਵਿੱਚ ਅਮਰੀਕ ਸਿੰਘ ਦਰਜ ਕਰਦੇ ਹਨ ਕਿ 12 ਦਸੰਬਰ 1996 ਨੂੰ ਸੀ.ਬੀ.ਆਈ. ਵੱਲੋਂ ਲਾਵਾਰਸ ਲਾਸ਼ਾਂ ਸੰਬੰਧੀ 12 ਦਸੰਬਰ 1996 ਨੂੰ ਫਾਈਨਲ ਰਿਪੋਰਟ ਦਰਜ ਕੀਤੀ ਗਈ। ਇਸ ਰਿਪੋਰਟ ਵਿੱਚ ਪੇਸ਼ ਕੀਤੇ ਗਏ ਤੱਥਾਂ ਮੁਤਾਬਕ ਪੰਜਾਬ ਪੁਲਿਸ ਨੇ 1984 ਤੋਂ 1994 ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨ ਸਿਵਿਆਂ- ਪੱਟੀ, ਤਰਨਤਾਰਨ ਅਤੇ ਦੁਰਗਿਆਨਾ ਮੰਦਿਰ ਅੰਮ੍ਰਿਤਸਰ ਵਿੱਚ ਕੁੱਲ 2097 ਲਾਸ਼ਾਂ ਦਾ ਲਾਵਾਰਸ ਆਖ ਕੇ ਸਸਕਾਰ ਕੀਤਾ ਸੀ। ਏਜੰਸੀ ਨੇ ਇਨ੍ਹਾਂ ਵਿੱਚੋਂ 582 ਲਾਸ਼ਾਂ ਦੀ ਪੂਰੀ ਤੇ 278 ਲਾਸ਼ਾਂ ਦੀ ਅਧੂਰੀ ਪਛਾਣ ਅਤੇ 1238 ਲਾਸ਼ਾਂ ਨੂੰ ਅਣਪਛਾਤੇ ਕਰਾਰ ਦਿੱਤਾ ਸੀ। ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਸੀ.ਬੀ.ਆਈ. ਵੱਲੋਂ ਕੀਤੀ ਗਈ ਇਸ ਪੜਤਾਲ ਤੋਂ ਬਾਅਦ ਵੀ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਪੌਣੇ ਦੋ ਲੱਖ ਤੋਂ ਲੈ ਕੇ ਢਾਈ ਲੱਖ ਰੁਪਏ ਤੱਕ ਦਾ ਮੁਆਵਜ਼ਾ ਦੇ ਕੇ ਮਾਮਲਾ ਖਤਮ ਕਰ ਦਿੱਤਾ ਗਿਆ ਸੀ। ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰਨ ਵਾਲੇ ਪੁਲਿਸ ਅਫਸਰਾਂ ਨੂੰ ਸਜ਼ਾ ਦੇਣ ਤੋਂ ਹਿੰਦੁਸਤਾਨ ਦੀ ਸਰਬਉੱਚ ਅਦਾਲਤ ਨੇ ਵੀ ਇਨਕਾਰ ਕਰ ਦਿੱਤਾ ਸੀ।

ਲਾਪਤਾ ਲੋਕਾਂ ਲਈ ਤਾਲਮੇਲ ਕਮੇਟੀ ਦੇ ਮੈਂਬਰ ਰਹੇ ਅਮਰੀਕ ਸਿੰਘ ਮੁਕਤਸਰ ਅਨੁਸਾਰ ਜਦੋਂ ਇਨ੍ਹਾਂ ਮਾਮਲਿਆਂ ਬਾਰੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸੁਣਵਾਈ ਚੱਲ ਰਹੀ ਸੀ ਤਾਂ ਸਾਡੇ ਉਲਟ ਲੜ ਰਹੇ ਸਰਕਾਰੀ ਵਕੀਲ ਨੇ ਦਲੀਲ ਦਿੱਤੀ, "ਇਹ ਤਾਂ 25 ਹਜ਼ਾਰ ਨੌਜੁਆਨਾਂ ਨੂੰ ਮਾਰਨ ਦੀ ਗੱਲ ਕਰਦੇ ਹਨ, ਜੇ 10 ਲੱਖ ਵੀ ਮਾਰਨੇ ਪੈਂਦੇ ਤਾਂ ਮਾਰੇ ਜਾ ਸਕਦੇ ਸਨ; ਕਿਉਂਕਿ ਇਹ ਦੇਸ਼ ਦੀ 'ਏਕਤਾ ਅਤੇ ਅਖੰਡਤਾ' ਦਾ ਸਵਾਲ ਸੀ।" ਬਕੌਲ ਅਮਰੀਕ ਸਿੰਘ ਮੁਕਤਸਰ, "ਸਰਕਾਰੀ ਪੱਖ ਦੇ ਇਸ ਬਿਆਨ ਨੂੰ ਅਸੀਂ ਰਿਕਾਰਡ ਵਿੱਚ ਲਿਆਉਣ ਲਈ ਜੱਜ ਨੂੰ ਕਿਹਾ; ਪਰ ਇਹ ਬਿਆਨ ਬਾਅਦ ਵਿੱਚ ਅਦਾਲਤੀ ਰਿਕਾਰਡ ਵਿੱਚ ਨਹੀਂ ਸੀ ਲਿਆਂਦਾ ਗਿਆ।"

*ਈਰਾਨੀ ਮੂਲ ਦੀ ਕੈਨੇਡੀਅਨ ਸਿਮਾ ਅਤਰੀ ਟੋਰਾਂਟੋ ਦੀ ਕਮਿਊਨਿਟੀ ਜਸਟਿਸ ਕੁਲੈਕਟਿਵ (ਸੀ.ਜੇ.ਸੀ.) ਵਿਖੇ ਮਨੁੱਖੀ ਅਧਿਕਾਰਾਂ ਦੀ ਵਕੀਲ ਅਤੇ ਆਰਗੇਨਾਈਜ਼ਰ ਹੈ। ਇਸ ਤੋਂ ਪਹਿਲਾਂ ਉਹ ਸੇਂਟ ਲੂਇਸ, ਮਿਜ਼ੌਰੀ ਵਿੱਚ ਸਿਵਲ ਅਧਿਕਾਰਾਂ ਦੀ ਵਕੀਲ ਦੀ ਸੇਵਾ ਨਿਭਾਅ ਚੁੱਕੀ ਹੈ। ਉਸ ਵੱਲੋਂ ਇਹ ਆਰਟੀਕਲ ਕੈਨੇਡੀਅਨ ਡਾਇਮੈਨਸ਼ਨ ਮੈਗਜ਼ੀਨ ਦੇ ਸਾਈਟ 'ਤੇ 3 ਮਾਰਚ ਨੂੰ ਛਪਿਆ ਸੀ। ਪੇਸ਼ ਹੈ, ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ...*

# ਵਿਦੇਸ਼ੀ ਬੰਬ ਈਰਾਨ ਲਈ ਆਜ਼ਾਦੀ ਨਹੀਂ ਲਿਆਉਣਗੇ

**ਲੇਖਕ: ਸਿਮਾ ਅਤਰੀ**
**ਅਨੁਵਾਦ: ਸੁਖਵੰਤ ਹੁੰਦਲ**

28 ਫਰਵਰੀ ਨੂੰ ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਇਲ ਨੇ ਰਲ ਕੇ ਈਰਾਨ 'ਤੇ ਫੌਜੀ ਹਮਲਾ ਕਰ ਦਿੱਤਾ, ਜਿਸ ਵਿੱਚ ਸੁਪਰੀਮ ਲੀਡਰ ਆਇਆਤੋਲਾ ਅਲੀ ਖਾਮਨੇਈ ਦੀ ਮੌਤ ਹੋ ਗਈ ਅਤੇ ਨਿਜ਼ਾਮ ਬਦਲੀ ਦੀ ਬੇਸ਼ਰਮ ਮੁਹਿੰਮ ਦੀ ਸ਼ੁਰੂਆਤ। ਹਮਲੇ ਦੇ ਤੀਜੇ ਦਿਨ ਤੱਕ 780 ਤੋਂ ਵੱਧ ਈਰਾਨੀ ਮਾਰੇ ਗਏ, ਜਿਨ੍ਹਾਂ ਵਿੱਚ ਇੱਕ ਪ੍ਰਾਇਮਰੀ ਸਕੂਲ ਵਿੱਚ ਮਾਰੇ ਗਏ 175 ਬੱਚੇ ਵੀ ਸ਼ਾਮਲ ਹਨ। ਇਜ਼ਰਾਇਲ ਵੱਲੋਂ ਇਸ ਖੇਤਰ ਵਿੱਚ ਆਪਣੀ ਜੰਗ ਨੂੰ ਵਧਾਉਂਦਿਆਂ ਬੈਰੂਤ 'ਤੇ ਕੀਤੀ ਬੰਬਾਰੀ ਨਾਲ ਲੈਬਨਾਨ ਵਿੱਚ ਵੀ 50 ਤੋਂ ਵੱਧ ਲੋਕ ਮਾਰੇ ਗਏ। ਗਾਜ਼ਾ ਇੱਕ ਵਾਰ ਫਿਰ ਪੂਰੀ ਤਰ੍ਹਾਂ ਘੇਰਾਬੰਦੀ ਅਧੀਨ ਹੈ, ਜਿੱਥੇ ਖਾਣੇ ਅਤੇ ਮਨੁੱਖੀ ਲੋੜਾਂ ਲਈ ਜ਼ਰੂਰੀ ਵਸਤਾਂ ਦੀ ਸਪਲਾਈ ਲਈ ਸਰਹੱਦਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਜਦੋਂ ਈਰਾਨ ਦੇ ਉਨ੍ਹਾਂ ਸ਼ਹਿਰਾਂ 'ਤੇ ਬੰਬ ਡਿੱਗ ਰਹੇ ਹਨ, ਜਿੱਥੇ ਮੇਰੇ ਪਰਿਵਾਰ ਵਾਲੇ ਰਹਿੰਦੇ ਹਨ, ਡੋਨਾਲਡ ਟਰੰਪ ਇਸ ਨੂੰ ਈਰਾਨ ਦੀ ਆਜ਼ਾਦੀ ਦਾ ਮੌਕਾ ਕਹਿ ਰਿਹਾ ਹੈ। ਈਰਾਨ ਤੋਂ ਬਾਹਰ ਵਸਦੇ ਈਰਾਨੀ ਲੋਕਾਂ (ਈਰਾਨੀ ਡਾਇਆਸਪੋਰਾ) ਵਿੱਚ ਕੁਝ ਲੋਕ ਖੁਸ਼ ਹੋ ਰਹੇ ਹਨ ਅਤੇ ਅਮਰੀਕੀ ਦੂਤਘਰਾਂ ਅੱਗੇ ਗੁਲਾਬ ਦੇ ਫੁੱਲ ਰੱਖ ਰਹੇ ਹਨ। ਸਾਬਕਾ ਸ਼ਾਹ ਦੇ ਪੁੱਤਰ ਰੇਜ਼ਾ ਪਹਿਲਵੀ ਨੇ ਐਲਾਨ ਕੀਤਾ ਹੈ ਕਿ ਈਰਾਨ ਦੇ ਲੋਕ ਅਮਰੀਕੀ ਸੈਨਿਕਾਂ ਦੇ 'ਹਮੇਸ਼ਾ ਕਰਜ਼ਦਾਰ' ਰਹਿਣਗੇ।

ਮੈਂ ਆਜ਼ਾਦੀ ਤੇ ਮੁਕਤੀ ਲਈ ਲੜ ਰਹੇ ਅਤੇ ਮੌਜੂਦਾ ਨਿਜ਼ਾਮ ਦੇ ਦਮਨ ਤੇ ਭ੍ਰਿਸ਼ਟਾਚਾਰ ਦਾ ਵਿਰੋਧ ਕਰ ਰਹੇ ਈਰਾਨੀ ਪ੍ਰਦਰਸ਼ਨਕਾਰੀਆਂ ਦੇ ਸਮਰਥਨ ਵਿੱਚ ਮਾਰਚ ਕੀਤੇ ਹਨ। ਪਰ ਜਦੋਂ ਵਿਸ਼ਵ ਦੀਆਂ ਦੋ ਸਾਮਰਾਜਵਾਦੀ ਤਾਕਤਾਂ ਜੰਗ ਦਾ ਨਵਾਂ ਮੋਰਚਾ ਖੋਲ੍ਹ ਰਹੀਆਂ ਹਨ ਤਾਂ ਸਾਨੂੰ ਆਪਣੇ ਆਪ ਨੂੰ ਠੱਗੇ ਜਾਣ ਤੋਂ ਬਚਾਉਣਾ ਚਾਹੀਦਾ ਹੈ। ਨਾ ਹੀ ਅਸੀਂ ਉਸ ਰਾਜਨੀਤਕ ਮਸ਼ੀਨਰੀ ਨੂੰ ਨਜ਼ਰਅੰਦਾਜ਼ ਕਰ ਸਕਦੇ ਹਾਂ, ਜੋ ਅਮਰੀਕਾ ਦੇ ਸਮਰਥਨ ਵਾਲੇ ਸ਼ਾਹ ਨੂੰ ਈਰਾਨ ਦੇ ਨਿਜ਼ਾਮ ਦੀ ਥਾਂ ਲੈਣ ਲਈ ਤਿਆਰ ਕਰ ਰਹੀ ਹੈ- ਉਸ ਸ਼ਾਹ ਦੇ ਪੁੱਤਰ ਨੂੰ ਜਿਸ ਨੇ ਵਿਰੋਧ ਨੂੰ ਦਬਾਇਆ, ਅਮੀਰਾਂ ਲਈ ਰਾਜ ਕੀਤਾ, ਖੇਤਰ ਵਿਚਲੀਆਂ ਵਿਰੋਧ ਦੀਆਂ ਲਹਿਰਾਂ 'ਤੇ ਦਮਨ ਕੀਤਾ ਅਤੇ ਸਾਮਰਾਜਵਾਦੀਆਂ ਨੂੰ ਈਰਾਨ ਦੇ ਵਸੀਲਿਆਂ ਤੱਕ ਪਹੁੰਚ ਪ੍ਰਦਾਨ ਕੀਤੀ ਸੀ।

ਇਹ ਹਮਲਾ ਕਦਾਚਿਤ ਹੀ ਈਰਾਨ ਦੇ ਲੋਕਾਂ ਦੇ ਹੱਕਾਂ ਬਾਰੇ ਨਹੀਂ ਹੈ। ਜੇ ਅਸੀਂ ਸੱਚਮੁੱਚ ਈਰਾਨ ਦੀ ਆਜ਼ਾਦੀ ਅਤੇ ਮੁਕਤੀ ਦੇ ਪੱਖ ਵਿੱਚ ਹਾਂ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ: ਈਰਾਨ ਨੂੰ ਕੌਣ ਆਜ਼ਾਦ ਕਰਾ ਸਕਦਾ ਹੈ- ਇਸ ਦੇ ਆਪਣੇ ਲੋਕ, ਵਿਦੇਸ਼ੀ ਬੰਬ ਜਾਂ ਬਹਾਲ ਕੀਤਾ ਸ਼ਾਹ?

## ਕੀ ਇਹ ਸੱਚਮੁੱਚ ਹੀ ਆਜ਼ਾਦੀ ਬਾਰੇ ਹੈ?

ਅਮਰੀਕਾ ਦੀਆਂ ਦਖਲਅੰਦਾਜ਼ੀਆਂ ਦਾ ਰਿਕਾਰਡ ਸਪੱਸ਼ਟ ਕਰਦਾ ਹੈ ਕਿ ਆਜ਼ਾਦੀ, ਮਨੁੱਖੀ ਅਧਿਕਾਰ ਅਤੇ ਕਥਿਤ ਖ਼ਤਰੇ ਵਾਰ-ਵਾਰ ਅਜਿਹੀਆਂ ਜੰਗਾਂ ਨੂੰ ਜਾਇਜ਼ ਠਹਿਰਾਉਣ ਲਈ ਵਰਤੇ ਜਾਂਦੇ ਹਨ, ਜੋ ਅਮਰੀਕਾ ਦੇ ਰਣਨੀਤਕ ਹਿੱਤਾਂ ਦੀ ਸੇਵਾ ਕਰਦੀਆਂ ਹਨ।

ਗੁਆਟੇਮਾਲਾ ਤੋਂ ਚਿਲੀ ਅਤੇ ਇਰਾਕ ਤੱਕ ਅਮਰੀਕਾ ਦੀਆਂ ਫੌਜੀ ਦਖਲਅੰਦਾਜ਼ੀਆਂ ਦੌਰਾਨ ਕੀਤੇ ਮੁਕਤੀ ਦੇ ਵਾਅਦੇ ਮੌਤ, ਤਬਾਹੀ ਅਤੇ ਵਿਦੇਸ਼ੀ ਕੰਟਰੋਲ ਲੈ ਕੇ ਆਏ ਸਨ। ਇਨ੍ਹਾਂ ਦਖਲਅੰਦਾਜ਼ੀਆਂ ਨੇ ਅਮਰੀਕਾ ਦੇ ਰਣਨੀਤਕ ਲਾਭ ਨੂੰ ਸੁਰੱਖਿਅਤ ਕੀਤਾ ਅਤੇ ਪੱਛਮੀ ਪੂੰਜੀ ਦੇ ਹਿੱਤਾਂ ਨੂੰ ਵਧਾਇਆ। ਟਰੰਪ ਵੱਲੋਂ ਤਬਾਹ ਹੋਏ ਗਾਜ਼ਾ ਨੂੰ 'ਮੱਧ ਪੂਰਬ ਦੇ ਰਿਵੇਰਾ' ਵਜੋਂ ਮੁੜ ਵਿਕਸਤ ਕਰਨ ਦਾ ਵਾਅਦਾ ਇਸ ਦੀ ਇਕ ਤਾਜ਼ਾ ਮਿਸਾਲ ਹੈ। ਇਹ ਜੰਗਾਂ ਅਮਰੀਕਾ ਦੇ ਆਮ ਲੋਕਾਂ ਨੂੰ ਲਾਭ ਨਹੀਂ ਪਹੁੰਚਾਉਂਦੀਆਂ; ਇਹ ਤੇਲ, ਖਾਣੇ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਾਉਂਦੀਆਂ ਹਨ, ਜਦ ਕਿ ਡਿਫੈਂਸ ਕੰਟਰੈਕਟਰ ਅਤੇ ਐਨਰਜੀ (ਤੇਲ ਅਤੇ ਊਰਜਾ ਦੇ ਹੋਰ ਸ੍ਰੋਤਾਂ) ਨਾਲ ਸੰਬੰਧਿਤ ਕਾਰਪੋਰੇਸ਼ਨਾਂ ਮੁਨਾਫੇ ਕਮਾਉਂਦੀਆਂ ਹਨ।

ਈਰਾਨ ਦੀ ਇੱਕ ਡੂੰਘੀ ਲੋਕਤੰਤਰੀ ਪਰੰਪਰਾ ਹੈ। 20ਵੀਂ ਸਦੀ ਦੇ ਸ਼ੁਰੂ ਵਿੱਚ ਇਸ ਨੇ ਸੰਵਿਧਾਨਕ ਪ੍ਰਬੰਧ ਸਥਾਪਿਤ ਕੀਤਾ ਅਤੇ 1953 ਵਿੱਚ ਇਸ ਦੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਮੁਹੰਮਦ ਮੋਸਾਦੇਗ ਨੂੰ ਸੀ.ਆਈ.ਏ. ਅਤੇ ਐੱਮ 16 ਵੱਲੋਂ ਰਚੇ ਰਾਜ ਪਲਟੇ ਵਿੱਚ ਗੱਦੀਓਂ ਲਾਹ ਦਿੱਤਾ ਗਿਆ, ਜਦੋਂ ਉਸ ਨੇ ਦੇਸ਼ ਦੇ ਤੇਲ ਉਦਯੋਗ ਦਾ ਰਾਸ਼ਟਰੀਕਰਨ ਕਰਕੇ ਲੋਕਾਂ ਦੇ ਕੰਟਰੋਲ ਵਿੱਚ ਲਿਆਂਦਾ ਸੀ। ਪੱਛਮੀ ਸ਼ਕਤੀਆਂ ਨੇ ਆਪਣੇ ਰਣਨੀਤਕ ਅਤੇ ਆਰਥਿਕ ਹਿੱਤ ਸੁਰੱਖਿਅਤ ਕਰਨ ਲਈ ਸ਼ਾਹ ਮੁਹੰਮਦ ਰੇਜ਼ਾ ਪਹਿਲਵੀ ਨੂੰ ਵਾਪਸ ਗੱਦੀ 'ਤੇ ਬਿਠਾਇਆ। ਇਸ ਨਾਲ ਪੱਛਮੀ ਪੂੰਜੀ ਖੁਸ਼ਹਾਲ ਹੋਈ, ਜਦੋਂ ਕਿ ਈਰਾਨ ਵਿੱਚ ਨਾਬਰਾਬਰੀ ਵਧੀ ਅਤੇ ਲੋਕਤੰਤਰੀ ਸੰਭਾਵਨਾਵਾਂ ਘਟੀਆਂ। 1979 ਵਿੱਚ ਇੱਕ ਜਨਤਕ ਇਨਕਲਾਬ ਨੇ ਰਾਜਸ਼ਾਹੀ ਨੂੰ ਲਾਹ ਦਿੱਤਾ, ਪਰ ਅਖੀਰ ਵਿੱਚ ਇਸ ਕ੍ਰਾਂਤੀ ਨੂੰ ਧਾਰਮਿਕ (ਥੀਓਕਰੈਟਿਕ) ਲੀਡਰਸ਼ਿੱਪ ਨੇ ਕੰਟਰੋਲ ਕਰ ਲਿਆ ਅਤੇ ਇਸ ਵਿਚਲੀਆਂ ਖੱਬੇਪੱਖੀ ਅਤੇ ਹੋਰ ਵਿਰੋਧੀ ਤਾਕਤਾਂ ਨੂੰ ਕੁਚਲ ਦਿੱਤਾ।

ਬੈਂਜਾਮਿਨ ਨੇਤਨਯਾਹੂ ਨੇ ਹਾਲ ਹੀ ਵਿੱਚ ਈਰਾਨੀ ਲੋਕਾਂ ਨੂੰ ਸਿੱਧਾ ਸੰਬੋਧਨ ਕਰਦਿਆਂ ਕਿਹਾ: "ਤੁਹਾਡੇ ਦੁੱਖ ਅਤੇ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ। ਜਿਸ ਮਦਦ ਦੀ ਤੁਸੀਂ ਇੱਛਾ ਕਰ ਰਹੇ ਸੀ, ਉਹ ਹੁਣ ਆ ਗਈ ਹੈ।" ਉਸ ਨੇ ਇਹ ਐਲਾਨ ਉਸ ਸਮੇਂ ਕੀਤਾ, ਜਦੋਂ ਹਵਾਈ ਹਮਲੇ ਈਰਾਨ ਭਰ ਵਿੱਚ ਸ਼ਹਿਰੀ (ਸਿਵਲੀਅਨ) ਇਲਾਕਿਆਂ ਨੂੰ ਤਬਾਹ ਕਰ ਰਹੇ ਸਨ।

ਈਰਾਨ ਦੇ ਇਸਲਾਮੀ ਨਿਜ਼ਾਮ ਦਾ ਤਖਤਾ ਉਲਟਾਉਣ ਪਿੱਛੇ ਇਜ਼ਰਾਇਲ ਦਾ ਉਦੇਸ਼ ਇਸ ਖੇਤਰ ਵਿੱਚ ਆਪਣੀ ਸੱਤਾ ਨੂੰ ਮਜ਼ਬੂਤ ਕਰਨ ਨਾਲ ਜੁੜਿਆ ਹੋਇਆ ਹੈ, ਖਾਸ ਕਰਕੇ ਈਰਾਨ ਦੀ ਫੌਜੀ ਸਮਰੱਥਾ ਅਤੇ ਉਸ ਵੱਲੋਂ ਇਜ਼ਰਾਇਲ ਦੇ ਗਲਬੇ ਦਾ ਵਿਰੋਧ ਕਰਨ ਵਾਲੇ ਹਮਾਸ ਤੇ ਹਿਜ਼ਬੁੱਲਾਹ ਵਰਗੇ ਗਰੁੱਪਾਂ ਨੂੰ ਸਹਾਇਤਾ ਪ੍ਰਦਾਨ ਕਰਨ ਨੂੰ ਧਿਆਨ ਵਿੱਚ ਰੱਖਦਿਆਂ। ਇਜ਼ਰਾਇਲ ਦੇ ਖੇਤਰੀ ਏਜੰਡੇ ਦੀ ਈਰਾਨ ਦੀ ਆਜ਼ਾਦੀ ਨਾਲ ਤੁਲਨਾ ਕਰਨਾ ਗਲਤ ਹੈ।

## ਬੰਬ ਲੋਕਤੰਤਰ ਨਹੀਂ ਲਿਆਉਂਦੇ

ਇਸ ਜੰਗ ਤੋਂ ਬਾਅਦ ਕੀ ਹੋਵੇਗਾ, ਇਸ ਬਾਰੇ ਟਰੰਪ ਨੇ ਕੋਈ ਉਚਿਤ ਯੋਜਨਾ ਪੇਸ਼ ਨਹੀਂ ਕੀਤੀ।

ਇਜ਼ਰਾਇਲੀ ਸਰਕਾਰ ਦੇ ਸਾਬਕਾ ਸਲਾਹਕਾਰ ਡੇਨੀਅਲ ਲੇਵੀ ਨੇ ਅਲ ਜਜ਼ੀਰਾ ਨੂੰ ਦੱਸਿਆ: "ਇਜ਼ਰਾਇਲ ਨੂੰ ਨਿਜ਼ਾਮ ਅਤੇ ਰਾਜ (ਸਟੇਟ) ਦੇ ਖਾਤਮੇ ਵਿੱਚ ਵੱਧ ਦਿਲਚਸਪੀ ਹੈ। ਉਹ ਚਾਹੁੰਦੇ ਹਨ ਕਿ ਈਰਾਨ ਅੰਦਰੋਂ ਫਟ ਜਾਵੇ ਅਤੇ ਜੇ ਇਸ ਦਾ ਅਸਰ ਇਰਾਕ, ਖਾੜੀ ਤੇ ਖੇਤਰ ਦੇ ਬਹੁਤੇ ਹਿੱਸੇ ਵਿੱਚ ਫੈਲ ਜਾਵੇ ਤਾਂ ਹੋਰ ਵੀ ਵਧੀਆ ਹੋਵੇਗਾ।"

ਨਿਜ਼ਾਮ ਦੀ ਬਦਲੀ ਤੇਜ਼ੀ ਨਾਲ ਜਾਂ ਖੂਨ-ਖਰਾਬੇ ਤੋਂ ਬਿਨਾ ਨਹੀਂ ਹੋਵੇਗੀ। 190,000 ਦੇ ਲਗਭਗ ਐਕਟਿਵ ਜਵਾਨਾਂ ਅਤੇ ਵਿਸ਼ਾਲ ਪੈਰਾਮਿਲਟਰੀ ਤੇ ਆਰਥਿਕ ਨੈੱਟਵਰਕ ਨਾਲ, ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਪਸ ਈਰਾਨ ਦੇ ਰਾਜਨੀਤਕ ਅਤੇ ਆਰਥਿਕ ਬੁਨਿਆਦੀ ਢਾਂਚੇ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਬਾਹਰੀ ਹਮਲਾ ਨਿਜ਼ਾਮ ਲਈ ਸਮਰਥਨ ਨੂੰ ਮਜ਼ਬੂਤ ਕਰ ਰਿਹਾ ਹੈ, ਕਿਉਂਕਿ ਦੇਸ਼ ਘੇਰਾਬੰਦੀ ਦੀ ਸਥਿਤੀ ਵਿੱਚ ਇਕੱਠਾ ਹੋ ਰਿਹਾ ਹੈ।

ਇਸ ਦੇ ਨਾਲ ਹੀ ਇਹ ਜੰਗ ਅਜਿਹੇ ਵਿਸ਼ਵ ਪ੍ਰਸੰਗ ਵਿੱਚ ਵਾਪਰ ਰਹੀ ਹੈ, ਜਿਸ ਵਿੱਚ ਅੰਤਰਰਾਸ਼ਟਰੀ ਕਾਨੂੰਨ ਸੱਤਾ ਨੂੰ ਰੋਕਣ ਵਿੱਚ ਅਸਫਲ ਹੈ। ਜਿਵੇਂ ਫਲਿਸਤੀਨ ਵਿੱਚ ਨਸਲਕੁਸ਼ੀ ਦੌਰਾਨ ਨਾਗਰਿਕਾਂ 'ਤੇ ਹਮਲਿਆਂ ਕਾਰਨ ਪੱਛਮ ਦੇ ਨੇੜਲੇ ਸਹਿਯੋਗੀਆਂ ਨੂੰ ਕਿਸੇ ਕਿਸਮ ਦੇ ਨਤੀਜਿਆਂ ਦਾ ਸਾਹਮਣਾ ਨਹੀਂ ਕਰਨਾ ਪਿਆ। ਕਾਨੂੰਨੀ ਮਾਪਦੰਡ ਜਦੋਂ ਵੀ ਭੂ-ਰਾਜਨੀਤਕ ਹਿੱਤਾਂ ਲਈ ਰੁਕਾਵਟ ਬਣਦੇ ਹਨ ਤਾਂ ਉਨ੍ਹਾਂ ਨੂੰ ਤਿਆਗ ਦਿੱਤਾ ਜਾਂਦਾ ਹੈ।

ਇਤਿਹਾਸ ਇਸ ਤਰ੍ਹਾਂ ਦੀ ਲੋਕਤੰਤਰੀ ਤਬਦੀਲੀ ਦੇ ਨਜ਼ਰੀਏ ਬਾਰੇ ਸੰਜੀਦਾ ਸਬਕ ਦਿੰਦਾ ਹੈ। ਵਿਨਸੈਂਟ ਬੇਵਿਨਜ਼ ਆਪਣੀ ਤਾਜ਼ਾ ਕਿਤਾਬ (ਇਫ ਵੀ ਬਰਨ: ਦੀ ਮਾਸ ਪ੍ਰੋਟੈਸਟ ਡੈਕੇਡ ਐਂਡ ਦੀ ਮਿਸਿੰਗ ਰੈਵੋਲੂਸ਼ਨ) ਵਿੱਚ ਕਹਿੰਦਾ ਹੈ ਕਿ ਜਦੋਂ ਸਰਕਾਰਾਂ ਪਹਿਲਾਂ ਤੋਂ ਮੌਜੂਦ ਸੰਗਠਨਾਂ, ਲੀਡਰਸ਼ਿਪ ਦੇ ਢਾਂਚਿਆਂ ਜਾਂ ਸਪਸ਼ਟ ਬਦਲਾਂ ਦੇ ਬਿਨਾ ਡਿਗਦੀਆਂ ਹਨ ਜਾਂ ਅਸਥਿਰ ਹੋ ਜਾਂਦੀਆਂ ਹਨ ਤਾਂ ਲਹਿਰਾਂ ਸੱਤਾ ਦੇ ਖਲਾਵਾਂ ਨੂੰ ਭਰਨ ਜਾਂ ਸਥਾਈ ਤਬਦੀਲੀ ਲਿਆਉਣ ਦੇ ਯੋਗ ਨਹੀਂ ਹੁੰਦੀਆਂ ਅਤੇ ਬਹੁਤੇ ਮਾਮਲਿਆਂ ਵਿੱਚ ਨਤੀਜੇ ਉਨ੍ਹਾਂ ਦੀਆਂ ਮੰਗਾਂ ਦੇ ਉਲਟ ਨਿਕਲਦੇ ਹਨ। ਲਹਿਰਾਂ ਨੂੰ ਵਰਤ ਲਿਆ ਜਾਂਦਾ ਹੈ ਜਾਂ ਰਾਜ ਪ੍ਰਬੰਧ ਨੂੰ ਨਵੇਂ ਰੂਪ ਵਿੱਚ ਬਰਕਰਾਰ ਰੱਖਿਆ ਜਾਂਦਾ ਹੈ।




*ਈਰਾਨ ਦੀ ਇੱਕ ਡੂੰਘੀ ਲੋਕਤੰਤਰੀ ਪਰੰਪਰਾ ਹੈ। 20ਵੀਂ ਸਦੀ ਦੇ ਸ਼ੁਰੂ ਵਿੱਚ ਇਸ ਨੇ ਸੰਵਿਧਾਨਕ ਪ੍ਰਬੰਧ ਸਥਾਪਿਤ ਕੀਤਾ ਅਤੇ 1953 ਵਿੱਚ ਇਸ ਦੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਮੁਹੰਮਦ ਮੋਸਾਦੇਗ ਨੂੰ ਸੀ.ਆਈ.ਏ. ਅਤੇ ਐੱਮ 16 ਵੱਲੋਂ ਰਚੇ ਰਾਜ ਪਲਟੇ ਵਿੱਚ ਗੱਦੀਓਂ ਲਾਹ ਦਿੱਤਾ ਗਿਆ, ਜਦੋਂ ਉਸ ਨੇ ਦੇਸ਼ ਦੇ ਤੇਲ ਉਦਯੋਗ ਦਾ ਰਾਸ਼ਟਰੀਕਰਨ ਕਰਕੇ ਲੋਕਾਂ ਦੇ ਕੰਟਰੋਲ ਵਿੱਚ ਲਿਆਂਦਾ ਸੀ। ਪੱਛਮੀ ਸ਼ਕਤੀਆਂ ਨੇ ਆਪਣੇ ਰਣਨੀਤਕ ਅਤੇ ਆਰਥਿਕ ਹਿੱਤ ਸੁਰੱਖਿਅਤ ਕਰਨ ਲਈ ਸ਼ਾਹ ਮੁਹੰਮਦ ਰੇਜ਼ਾ ਪਹਿਲਵੀ ਨੂੰ ਵਾਪਸ ਗੱਦੀ 'ਤੇ ਬਿਠਾਇਆ। ਇਸ ਨਾਲ ਪੱਛਮੀ ਪੂੰਜੀ ਖੁਸ਼ਹਾਲ ਹੋਈ, ਜਦੋਂ ਕਿ ਈਰਾਨ ਵਿੱਚ ਨਾਬਰਾਬਰੀ ਵਧੀ ਅਤੇ ਲੋਕਤੰਤਰੀ ਸੰਭਾਵਨਾਵਾਂ ਘਟੀਆਂ।*

## ਝੂਠੇ ਮੁਕਤੀਦਾਤਾ ਵਜੋਂ ਸਥਾਪਤ ਕੀਤਾ ਜਾ ਰਿਹਾ ਸ਼ਾਹ

ਰੇਜ਼ਾ ਪਹਿਲਵੀ 1979 ਵਿੱਚ ਜਨਤਕ ਇਨਕਲਾਬ ਦੁਆਰਾ ਤਖਤੇ ਤੋਂ ਲਾਹੇ ਗਏ ਸ਼ਾਹ ਦਾ ਪੁੱਤਰ ਹੈ। ਅਮਰੀਕਾ ਤੋਂ ਸਮਰਥਨ ਪ੍ਰਾਪਤ ਰਾਜਸ਼ਾਹੀ ਨੇ ਪੱਛਮੀ ਸੁਰੱਖਿਆ ਦੇ ਬੁਨਿਆਦੀ ਢਾਂਚੇ (ਵੈਸਟਰਨ ਸਿਕਿਉਰਿਟੀ ਇਨਫਰਾਸਟ੍ਰਕਚਰ) ਦੇ ਸਮਰਥਨ ਨਾਲ ਤਾਨਾਸ਼ਾਹੀ ਤਾਕਤ ਨਾਲ ਰਾਜ ਕੀਤਾ। ਇਸ ਦੇ ਨਿਜ਼ਾਮ ਨੇ ਸਵਾਕ ਦੇ ਨਾਂ ਨਾਲੋਂ ਜਾਣੇ ਜਾਂਦੇ ਬਦਨਾਮ ਸੁਰੱਖਿਆ ਬਲਾਂ (ਜਿਨ੍ਹਾਂ ਨੂੰ ਇਜ਼ਰਾਇਲ ਵੱਲੋਂ ਸਿਖਲਾਈ ਅਤੇ ਹਿਮਾਇਤ ਦਿੱਤੀ ਜਾਂਦੀ ਸੀ) ਰਾਹੀਂ ਵਿਰੋਧੀਆਂ ਨੂੰ ਕੈਦ ਕੀਤਾ, ਤਸੀਹੇ ਦਿੱਤੇ ਤੇ ਗੁੰਮ ਕਰ ਦਿੱਤਾ।

ਪਹਿਲਵੀ ਆਪਣੀ ਰਾਜਨੀਤਕ ਵਚਨਬੱਧਤਾਵਾਂ ਨੂੰ ਲੁਕਾਉਂਦਾ ਨਹੀਂ। ਉਹ ਇੱਕ ਨਸਲੀ-ਰਾਸ਼ਟਰਵਾਦੀ, ਪੂਰੀ ਤਰ੍ਹਾਂ ਪੂੰਜੀਵਾਦ ਪੱਖੀ ਨਜ਼ਰੀਏ ਦਾ ਸਮਰਥਨ ਕਰਦਾ ਹੈ ਜੋ ਪੱਛਮੀ ਕਾਰਪੋਰੇਟ ਹਿੱਤਾਂ ਦਾ ਈਰਾਨ ਵਿੱਚ ਵਾਪਸ ਸਵਾਗਤ ਕਰੇਗਾ ਅਤੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਫਲਿਸਤੀਨੀਆਂ ਨਾਲ ਇਕਜੁੱਟਤਾ ਤੋਂ ਦੂਰ ਲੈ ਜਾਵੇਗਾ। ਈਰਾਨੀ ਲੋਕਾਂ ਨੇ 1979 ਵਿੱਚ ਇਸ ਪ੍ਰਬੰਧ ਵਿਰੁੱਧ ਬਗਾਵਤ ਕੀਤੀ ਸੀ ਅਤੇ ਰਾਜਨੀਤਕ ਆਜ਼ਾਦੀ, ਆਰਥਿਕ ਵੰਡ ਅਤੇ ਮੱਧ ਪੂਰਬ ਵਿੱਚ ਵਿਸਤਾਰੀ ਸ਼ਕਤੀਆਂ ਤੋਂ ਮੁਸਲਮਾਨਾਂ ਦੀ ਸੁਰੱਖਿਆ ਲਈ ਸਾਮਰਾਜ ਵਿਰੋਧੀ ਕੇਂਦਰੀ ਅਸੂਲਾਂ (ਐਂਟੀ ਇੰਪੀਅਰਲਿਸਟ ਕੋਰ) ਦੀ ਮੰਗ ਕੀਤੀ ਸੀ।

ਤਾਂ ਫਿਰ ਉਸ ਨੂੰ ਈਰਾਨ ਤੋਂ ਬਾਹਰ ਵਸਦੇ ਈਰਾਨੀ ਭਾਈਚਾਰੇ ਵਿੱਚ ਜਨਤਕ ਸਮਰਥਨ ਕਿਉਂ ਮਿਲ ਰਿਹਾ ਹੈ? ਉਸ ਦੀ ਪ੍ਰਮੁੱਖਤਾ ਨੂੰ ਪੱਛਮੀ ਮੀਡੀਏ, ਲਾਬੀ ਗਰੁੱਪਾਂ ਅਤੇ ਰਾਜਨੀਤਕ ਐਕਟਰਾਂ ਦੇ ਚੰਗੀ ਤਰ੍ਹਾਂ ਫੰਡ ਕੀਤੇ ਗਏ ਨੈੱਟਵਰਕ ਨੇ ਵਧਾਇਆ ਹੈ ਜੋ ਅਤੀਤ ਦੇ ਸੱਚ, ਲੋਕ ਲਹਿਰਾਂ ਦੀ ਤਾਕਤ ਅਤੇ ਈਰਾਨੀਆਂ ਵੱਲੋਂ ਚਾਹੀ ਜਾ ਰਹੀ ਪੂਰੀ ਤਬਦੀਲੀ ਨੂੰ ਦਬਾਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਰਾਜਨੀਤਕ ਦਾਇਰੇ ਨੂੰ ਇੰਨਾ ਸੌੜਾ ਕਰ ਦਿੱਤਾ ਹੈ ਕਿ ਸਿਰਫ ਅਤਿ-ਸੱਜੀਆਂ ਚੋਣਾਂ ਹੀ ਵਿਹਾਰਕ ਲੱਗਦੀਆਂ ਹਨ।

ਸ਼ਾਹ ਦੇ ਕੁਝ ਪਰਵਾਸੀ ਸਮਰਥਕ ਇਨਕਲਾਬ ਕਾਰਨ ਉੱਜੜੇ ਹੋਏ ਅਮੀਰ ਵਰਗਾਂ ਦੇ ਹਿੱਸੇ ਸਨ। ਦੂਸਰੇ ਉਸ ਦਾ ਵਿਰੋਧ ਕਰਨ ਕਾਰਨ ਸਮਾਜਿਕ ਜਾਂ ਰਾਜਨੀਤਕ ਤੌਰ 'ਤੇ ਅਲਹਿਦਾ ਕੀਤੇ ਜਾਣ (ਆਈਸੋਲੇਸ਼ਨ) ਤੋਂ ਡਰਦੇ ਹਨ। ਇਹੀ ਪੈਟਰਨ ਹੋਰ ਥਾਵਾਂ 'ਤੇ ਵੀ ਦਿਖਾਈ ਦਿੰਦੇ ਹਨ: ਜਾਇਜ਼ ਸ਼ਿਕਾਇਤਾਂ ਦਾ ਰੁਖ ਪੈਸੇ, ਮੀਡੀਏ ਅਤੇ ਧਮਕੀਆਂ ਨਾਲ ਮੋੜਿਆ ਜਾ ਰਿਹਾ ਹੈ ਅਤੇ ਰਾਜਨੀਤਕ ਦਿਸਹੱਦੇ ਨੂੰ ਤਿੱਖੀ ਤਰ੍ਹਾਂ ਸੱਜੇ ਪਾਸੇ ਨੂੰ ਧੱਕਿਆ ਜਾ ਰਿਹਾ ਹੈ।

ਇਹ ਕਦਮ ਇਸਲਾਮੀ ਨਿਜ਼ਾਮ ਵਿਰੁੱਧ ਗੁੱਸੇ ਨੂੰ ਮੁਕਤੀ ਦੀਆਂ ਸਹੀ ਸੰਭਾਵਨਾਵਾਂ ਤੋਂ ਭਟਕਾਉਂਦਾ ਹੈ। ਇਹ ਆਰਥਿਕ ਨਿਆਂ ਦੀਆਂ ਮੰਗਾਂ, ਘੱਟ ਗਿਣਤੀ ਦੇ ਸੰਘਰਸ਼ਾਂ ਅਤੇ ਮੁਸਲਮਾਨਾਂ ਤੇ ਫਲਿਸਤੀਨੀਆਂ ਦੀਆਂ ਏਕਤਾਵਾਂ ਨੂੰ ਮੇਟ ਦਿੰਦਾ ਹੈ, ਜੋ ਲੰਮੇ ਸਮੇਂ ਤੋਂ ਈਰਾਨੀ ਸਰਗਰਮੀਆਂ ਨੂੰ ਪ੍ਰੇਰਿਤ ਕਰਦੀਆਂ ਰਹੀਆਂ ਹਨ।

ਸਾਨੂੰ ਵਿਦੇਸ਼ੀਆਂ ਦੀ ਹਮਾਇਤ ਵਾਲੇ ਸ਼ਾਹ ਤੋਂ ਸੱਤਾ ਖੋਹ ਲੈਣੀ ਚਾਹੀਦੀ ਹੈ ਅਤੇ ਇਸ ਨੂੰ ਈਰਾਨ ਦੇ ਲੋਕਾਂ ਕੋਲ ਵਾਪਸ ਲਿਆਉਣਾ ਚਾਹੀਦਾ ਹੈ।

## ਲੋਕ ਮੁਕਤੀ ਦੀ ਲਹਿਰ ਲਈ ਜ਼ਰੂਰੀ ਸਥਿਤੀਆਂ

ਪਿਛਲੇ ਦਸੰਬਰ ਵਿੱਚ ਜਦੋਂ ਈਰਾਨ ਦੀ ਮੁਦਰਾ ਡਿੱਗ ਰਹੀ ਸੀ ਅਤੇ ਪਾਬੰਦੀਆਂ ਤੇ ਘਰੇਲੂ ਭ੍ਰਿਸ਼ਟਾਚਾਰ ਕਾਰਨ ਖਾਣੇ ਦੀਆਂ ਕੀਮਤਾਂ ਵਧ ਰਹੀਆਂ ਸਨ- ਰੋਸ ਪ੍ਰਦਰਸ਼ਨ ਪੂਰੇ ਦੇਸ਼ ਵਿੱਚ ਫੈਲ ਗਏ। ਮਜ਼ਦੂਰਾਂ, ਵਿਦਿਆਰਥੀਆਂ, ਪੈਨਸ਼ਨਰਾਂ, ਅਨਿਯਮਤ (ਇਨਫੌਰਮਲ) ਸੈਕਟਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਪੇਂਡੂ ਪਰਿਵਾਰਾਂ ਨੇ ਸੜਕਾਂ ਭਰ ਦਿੱਤੀਆਂ। ਉਹ ਵਿਦੇਸ਼ੀ ਬੰਬਾਂ ਦੀ ਮੰਗ ਨਹੀਂ ਕਰ ਰਹੇ ਸਨ। ਸਗੋਂ, ਉਹ ਜੀਵਨ ਦੀ ਬਰਕਰਾਰੀ (ਸਰਵਾਈਵਲ) ਦੀ ਮੰਗ ਕਰ ਰਹੇ ਸਨ। ਉਹੀ ਭਾਈਚਾਰੇ ਹੁਣ ਸਭ ਤੋਂ ਵੱਧ ਜੰਗ ਦਾ ਭਾਰ ਝੱਲਣਗੇ। ਅਮੀਰਾਂ ਕੋਲ ਨਿਕਾਸੀ ਦੇ ਰਸਤੇ ਹਨ। ਉਨ੍ਹਾਂ ਕੋਲ ਦੋ ਦੋ ਦੇਸ਼ਾਂ ਦੇ ਪਾਸਪੋਰਟ (ਡੂਅਲ ਪਾਸਪੋਰਟ) ਹਨ। ਪੂੰਜੀ ਚੁੱਪ-ਚਾਪ ਬਾਹਰ ਨਿਕਲ ਜਾਂਦੀ ਹੈ। ਕੰਮਕਾਜੀ ਗਰੀਬ ਅਤੇ ਮੱਧ ਵਰਗ ਦੇ ਬਹੁਤੇ ਲੋਕ ਬਾਹਰ ਨਹੀਂ ਨਿਕਲ ਸਕਦੇ।

ਫਿਰ ਵੀ ਲੋਕਤੰਤਰੀ ਸੰਘਰਸ਼ ਦੇ ਧਰਾਤਲ ਨੂੰ ਦਹਾਕਿਆਂ ਦੇ ਪੱਛਮੀ ਦਬਾਅ ਅਤੇ ਦਮਨ ਨੇ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਵਿਆਪਕ ਪਾਬੰਦੀਆਂ ਨੇ ਆਮ ਲੋਕਾਂ ਨੂੰ ਤਬਾਹ ਕਰ ਦਿੱਤਾ ਹੈ। ਪਾਬੰਦੀਆਂ ਦੇ ਮੁੜ ਲਾਗੂ ਹੋਣ ਤੋਂ ਬਾਅਦ ਤੇਲ ਨਿਰਯਾਤ ਬਹੁਤ ਜ਼ਿਆਦਾ ਘਟਿਆ ਹੈ। ਪਿਛਲੇ ਦਹਾਕੇ ਦੌਰਾਨ ਪ੍ਰਤੀ ਵਿਅਕਤੀ ਜੀ.ਡੀ.ਪੀ. ਵਿੱਚ ਭਾਰੀ ਕਮੀ ਆਈ ਹੈ। ਈਰਾਨੀ ਮੁਦਰਾ ਡਿੱਗ ਗਈ, ਜਿਸ ਨੇ ਖਰੀਦ ਸ਼ਕਤੀ ਖਤਮ ਕਰ ਦਿੱਤੀ ਅਤੇ ਈਰਾਨ ਦੇ ਮੱਧ ਵਰਗ ਨੂੰ ਤਬਾਹ ਕਰ ਦਿੱਤਾ। ਇਸ ਦੌਰਾਨ ਸੱਤਾ ਨਾਲ ਜੁੜੇ ਨੈੱਟਵਰਕ ਤਬਦੀਲ ਹੋਏ ਅਤੇ ਉਨ੍ਹਾਂ ਆਰਥਿਕਤਾ ਨੂੰ ਸਮਗਲਿੰਗ ਤੇ ਸਰਪ੍ਰਸਤੀ ਵਾਲੇ ਪ੍ਰਬੰਧਾਂ (ਪੈਟਰਨੇਜ ਸਿਸਟਮਜ਼) ਨਾਲ ਮੁੜ ਸੰਗਠਿਤ ਕੀਤਾ, ਜੋ ਨਿਜ਼ਾਮ ਨਾਲ ਵਫ਼ਾਦਾਰੀ ਨੂੰ ਮਜ਼ਬੂਤ ਕਰਦੇ ਹਨ।

ਜੇ ਟੀਚਾ ਈਰਾਨ ਦੀ ਆਜ਼ਾਦੀ ਹੈ, ਤਾਂ ਰਣਨੀਤੀ ਦਾ ਉਸ ਟੀਚੇ ਨਾਲ ਮੇਲ ਖਾਣਾ ਜ਼ਰੂਰੀ ਹੈ: ਬੰਬਾਰੀ ਰੋਕੋ; ਨਾਗਰਿਕਾਂ ਨੂੰ ਸਮੂਹਿਕ ਸਜ਼ਾ ਦੇਣ ਵਾਲੀਆਂ ਵਿਆਪਕ ਪਾਬੰਦੀਆਂ ਖਤਮ ਕਰੋ; ਮਜ਼ਦੂਰਾਂ, ਔਰਤਾਂ, ਵਿਦਿਆਰਥੀਆਂ ਅਤੇ ਘੱਟ ਗਿਣਤੀਆਂ ਦੇ ਆਜ਼ਾਦ ਸੰਗਠਨਾਂ ਦਾ ਸਮਰਥਨ ਕਰੋ- ਕਿਸੇ ਵੀ ਤਰ੍ਹਾਂ ਦੀਆਂ ਫੌਜੀ ਸ਼ਰਤਾਂ ਤੋਂ ਬਿਨਾ।

ਸਾਡੇ ਵਰਗੇ ਪਰਵਾਸੀਆਂ ਲਈ ਇਸ ਦਾ ਮਤਲਬ ਬਚਾਅ ਵਜੋਂ ਪੇਸ਼ ਕੀਤੇ ਜਾ ਰਹੇ ਵਿਦੇਸ਼ੀ ਹਮਲੇ ਦਾ ਜਨਤਕ ਵਿਰੋਧ ਹੈ। ਇਸ ਦਾ ਮਤਲਬ ਦੁੱਖ ਨੂੰ ਰਾਜਸ਼ਾਹੀ ਜਾਂ ਜੰਗ ਦੇ ਸਮਰਥਨ ਵੱਲ ਮੋੜਨ ਤੋਂ ਇਨਕਾਰ ਕਰਨਾ ਹੈ। ਇਸ ਦਾ ਮਤਲਬ ਮੁਕਤੀ ਦੇ ਉਸ ਨਜ਼ਰੀਏ ਦੀ ਰੱਖਿਆ ਕਰਨਾ ਹੈ, ਜੋ ਰਾਜਨੀਤਕ ਅਤੇ ਆਰਥਿਕ ਨਿਆਂ ਨਾਲ ਜੁੜਿਆ ਹੋਇਆ ਹੈ।

ਇਤਿਹਾਸ ਸਪਸ਼ਟ ਹੈ: ਬਰਕਰਾਰ ਰਹਿ ਸਕਣ ਵਾਲੀ ਆਜ਼ਾਦੀ ਉਨ੍ਹਾਂ ਲੋਕਾਂ ਵੱਲੋਂ ਸਥਾਪਤ ਕੀਤੀ ਜਾਂਦੀ ਹੈ, ਜੋ ਸੰਗਠਿਤ ਹੁੰਦੇ ਹਨ, ਹੜਤਾਲਾਂ ਕਰਦੇ ਹਨ, ਲਿਖਦੇ ਹਨ, ਸਿਖਾਉਂਦੇ ਹਨ ਅਤੇ ਵਿਰੋਧ ਕਰਦੇ ਹਨ- ਨਾ ਕਿ ਵਿਦੇਸ਼ੀ ਜੈੱਟਾਂ, ਪਾਬੰਦੀਆਂ ਦੇ ਨਿਜ਼ਾਮਾਂ ਜਾਂ ਤਾਜਾਂ ਵੱਲੋਂ।

ਈਰਾਨ ਦੇ ਲੋਕ ਤਬਾਹੀ ਅਤੇ ਤਾਨਾਸ਼ਾਹੀ ਵਿੱਚੋਂ ਇੱਕ ਦੀ ਚੋਣ ਕਰਨ ਤੋਂ ਵੱਧ ਦੇ ਹੱਕਦਾਰ ਹਨ।

# ਸੋਸ਼ਲ ਮੀਡੀਆ ਦੀ ਹਮਦਰਦੀ ਅਤੇ ਗਾਜ਼ਾ ਦੇ ਬੱਚੇ

## *ਇੱਕ ਬਾਂਦਰ ਲਈ ਦੁਨੀਆ ਦੇ ਹੰਝੂ, ਪਰ ਹਜ਼ਾਰਾਂ ਬੱਚਿਆਂ ਲਈ ਖ਼ਾਮੋਸ਼ੀ

**ਪੰਜਾਬੀ ਪਰਵਾਜ਼ ਬਿਊਰੋ**

ਅੱਜ ਦੇ ਡਿਜ਼ੀਟਲ ਦੌਰ ਵਿੱਚ ਸੋਸ਼ਲ ਮੀਡੀਆ ਸਿਰਫ਼ ਜਾਣਕਾਰੀ ਸਾਂਝੀ ਕਰਨ ਦਾ ਸਾਧਨ ਨਹੀਂ ਰਿਹਾ, ਇਹ ਲੋਕਾਂ ਦੀ ਹਮਦਰਦੀ, ਗੁੱਸੇ ਅਤੇ ਜਜ਼ਬਾਤਾਂ ਨੂੰ ਵੀ ਤੇਜ਼ੀ ਨਾਲ ਦੁਨੀਆ ਭਰ ਵਿੱਚ ਫੈਲਾ ਦਿੰਦਾ ਹੈ। ਪਰ ਕਈ ਵਾਰ ਇਹ ਸਵਾਲ ਵੀ ਖੜ੍ਹਾ ਕਰਦਾ ਹੈ ਕਿ ਸਾਡੀ ਹਮਦਰਦੀ ਕਿਹੜੀਆਂ ਘਟਨਾਵਾਂ ਲਈ ਜਾਗਦੀ ਹੈ ਅਤੇ ਕਿਹੜੀਆਂ ਲਈ ਚੁੱਪ ਹੋ ਜਾਂਦੀ ਹੈ। ਹਾਲ ਹੀ ਵਿੱਚ ਇੱਕ ਛੋਟੇ ਬਾਂਦਰ ਦੀ ਕਹਾਣੀ ਨੇ ਇਸ ਮਾਮਲੇ ਨੂੰ ਇੱਕ ਵਾਰ ਫਿਰ ਚਰਚਾ ਵਿੱਚ ਲੈ ਆਂਦਾ ਹੈ।

ਕੁਝ ਸਮਾਂ ਪਹਿਲਾਂ ਜਾਪਾਨ ਦੇ ਇਕ ਚਿੜੀਆ ਘਰ ਵਿੱਚ ਰਹਿੰਦੇ ਇੱਕ ਛੋਟੇ ਬਾਂਦਰ ਦੀਆਂ ਤਸਵੀਰਾਂ/ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਫੈਲ ਗਈਆਂ। ਇਸ ਬਾਂਦਰ ਦੀ ਮਾਂ ਗੁਜ਼ਰ ਗਈ ਸੀ ਅਤੇ ਉਹ ਇੱਕ ਕੱਪੜੇ ਦੀ ਗੁੱਡੀ 'ਟੈਡੀ ਬੀਅਰ' ਨੂੰ ਛਾਤੀ ਨਾਲ ਲਗਾ ਕੇ ਬੈਠਾ ਰਹਿੰਦਾ ਸੀ। ਇਹ ਦ੍ਰਿਸ਼ ਬਹੁਤ ਹੀ ਦਰਦਨਾਕ ਸੀ। ਬਾਂਦਰ ਦਾ ਉਹ ਇਕੱਲਾਪਨ ਅਤੇ ਉਸ ਦਾ ਗੁੱਡੀ ਨਾਲ ਲਗਾਅ ਲੋਕਾਂ ਦੇ ਦਿਲਾਂ ਨੂੰ ਛੂਹ ਗਿਆ। ਦੁਨੀਆ ਭਰ ਦੇ ਲੋਕਾਂ ਨੇ ਇਸ ਤਸਵੀਰ 'ਤੇ ਹਮਦਰਦੀ ਜਤਾਈ।

ਬਰਤਾਨੀਆ ਦੇ ਅਖ਼ਬਾਰ 'ਡੇਲੀ ਮੇਲ' ਅਤੇ ਅੰਤਰਰਾਸ਼ਟਰੀ ਮੀਡੀਆ ਸੰਸਥਾ ਬੀ.ਬੀ.ਸੀ. ਵਰਗੀਆਂ ਪ੍ਰਮੁੱਖ ਮੀਡੀਆ ਸੰਸਥਾਵਾਂ ਨੇ ਵੀ ਇਸ ਬਾਂਦਰ ਦੀ ਕਹਾਣੀ ਨੂੰ ਵਿਸਥਾਰ ਨਾਲ ਛਾਪਿਆ। ਰਿਪੋਰਟਾਂ ਵਿੱਚ ਦੱਸਿਆ ਗਿਆ ਕਿ ਆਪਣੀ ਮਾਂ ਦੇ ਗੁਜ਼ਰ ਜਾਣ ਤੋਂ ਬਾਅਦ ਉਹ ਗੁੱਡੀ ਉਸ ਲਈ ਸੁਰੱਖਿਆ ਅਤੇ ਮਨੋਵਿਗਿਆਨਕ ਸਹਾਰੇ ਦਾ ਇਕੱਲਾ ਆਸਰਾ ਬਣ ਗਈ ਹੈ।

ਇਸ ਕਹਾਣੀ ਨੇ ਸੋਸ਼ਲ ਮੀਡੀਆ 'ਤੇ ਲੱਖਾਂ ਲੋਕਾਂ ਨੂੰ ਭਾਵੁਕ ਕਰ ਦਿੱਤਾ। ਕਈ ਦਿਨ ਤੱਕ ਇਹ ਖ਼ਬਰ ਟਵਿੱਟਰ (ਹੁਣ ਐਕਸ), ਫੇਸਬੁੱਕ ਅਤੇ ਇੰਸਟਾਗ੍ਰਾਮ ਵਰਗੇ ਪਲੈਟਫ਼ਾਰਮਾਂ 'ਤੇ ਚਰਚਾ ਦਾ ਵਿਸ਼ਾ ਬਣੀ ਰਹੀ। ਲੋਕਾਂ ਨੇ ਟਿੱਪਣੀਆਂ ਵਿੱਚ ਲਿਖਿਆ ਕਿ ਜਾਨਵਰ ਵੀ ਮਨੁੱਖਾਂ ਵਾਂਗ ਦੁੱਖ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਨੂੰ ਵੀ ਹਮਦਰਦੀ ਦੀ ਲੋੜ ਹੁੰਦੀ ਹੈ।

ਇਹ ਸੱਚ ਹੈ ਕਿ ਜਾਨਵਰ ਵੀ ਭਾਵਨਾਵਾਂ ਰੱਖਦੇ ਹਨ। ਵਿਗਿਆਨਕ ਅਧਿਐਨ ਦੱਸਦੇ ਹਨ ਕਿ ਬਾਂਦਰ, ਹਾਥੀ, ਡਾਲਫਿਨ ਅਤੇ ਕਈ ਹੋਰ ਜਾਨਵਰ ਆਪਣੇ ਸਾਥੀਆਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹਨ। ਕੈਂਬ੍ਰਿਜ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਇੱਕ ਰਿਪੋਰਟ ਮੁਤਾਬਕ ਬਾਂਦਰਾਂ ਅਤੇ ਚਿਪੈਂਜੀਆਂ ਵਿੱਚ ਪਰਿਵਾਰਕ ਰਿਸ਼ਤੇ ਅਤੇ ਸਮਾਜਿਕ ਸੰਬੰਧ ਕਾਫ਼ੀ ਮਜਬੂਤ ਹੁੰਦੇ ਹਨ। ਜਦੋਂ ਉਹ ਆਪਣੇ ਕਿਸੇ ਨਜ਼ਦੀਕੀ ਸਾਥੀ ਤੋਂ ਵਿੱਛੜ ਜਾਂਦੇ ਹਨ ਤਾਂ ਉਨ੍ਹਾਂ ਦੇ ਵਿਹਾਰ ਵਿੱਚ ਉਦਾਸੀ ਅਤੇ ਤਨਹਾਈ ਸਪਸ਼ਟ ਤੌਰ 'ਤੇ ਵੇਖੀ ਜਾ ਸਕਦੀ ਹੈ।

ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਇਸ ਲਈ ਹੀ ਬਾਂਦਰ ਦੀ ਤਸਵੀਰ ਨੇ ਲੋਕਾਂ ਨੂੰ ਭਾਵੁਕ ਕਰ ਦਿੱਤਾ; ਪਰ ਇਸ ਕਹਾਣੀ ਦੇ ਨਾਲ ਇੱਕ ਹੋਰ ਹਕੀਕਤ ਵੀ ਮੌਜੂਦ ਹੈ, ਜੋ ਕਈ ਵਾਰ ਮੀਡੀਆ ਦੀ ਚਮਕ ਵਿੱਚ ਦਬ ਜਾਂਦੀ ਹੈ। ਜਦੋਂ ਇਹ ਬਾਂਦਰ ਵਾਲੀ ਕਹਾਣੀ ਦੁਨੀਆ ਭਰ ਵਿੱਚ ਫੈਲ ਰਹੀ ਸੀ, ਉਸੇ ਸਮੇਂ ਪੱਛਮੀ ਏਸ਼ੀਆ ਦੇ ਗਾਜ਼ਾ ਖੇਤਰ ਵਿੱਚ ਇੱਕ ਭਿਆਨਕ ਮਨੁੱਖੀ ਸੰਕਟ ਚੱਲ ਰਿਹਾ ਸੀ।

ਸੰਯੁਕਤ ਰਾਸ਼ਟਰ ਦੇ ਬਾਲ ਫੰਡ ਯੂਨੀਸੇਫ਼ ਅਤੇ ਕਈ ਅੰਤਰਰਾਸ਼ਟਰੀ ਸਿਹਤ ਸੰਸਥਾਵਾਂ ਦੀਆਂ ਰਿਪੋਰਟਾਂ ਮੁਤਾਬਕ



ਗਾਜ਼ਾ ਵਿੱਚ ਹਜ਼ਾਰਾਂ ਬੱਚੇ ਜੰਗ, ਭੁੱਖ ਅਤੇ ਠੰਢ ਕਾਰਨ ਭਾਰੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਕਈ ਰਿਪੋਰਟਾਂ ਅਨੁਸਾਰ 2023 ਤੋਂ ਬਾਅਦ ਦੀ ਜੰਗ ਵਿੱਚ 20,000 ਤੋਂ ਵੱਧ ਬੱਚਿਆਂ ਦੀ ਮੌਤ ਜਾਂ ਗੰਭੀਰ ਜ਼ਖ਼ਮੀ ਹੋਣ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

ਸਿਰਫ਼ ਮੌਤਾਂ ਹੀ ਨਹੀਂ, ਸਗੋਂ ਲੱਖਾਂ ਬੱਚੇ ਘਰੋਂ ਬੇਘਰ ਹੋ ਚੁੱਕੇ ਹਨ। ਯੂਨੀਸੇਫ਼ ਦੇ ਅੰਦਾਜ਼ੇ ਮੁਤਾਬਕ ਗਾਜ਼ਾ ਵਿੱਚ ਲਗਭਗ 10 ਲੱਖ ਤੋਂ ਵੱਧ ਬੱਚੇ ਅਜਿਹੇ ਹਨ ਜੋ ਲਗਾਤਾਰ ਜੰਗੀ ਹਾਲਾਤਾਂ ਵਿੱਚ ਜੀਅ ਰਹੇ ਹਨ। ਉਨ੍ਹਾਂ ਵਿੱਚੋਂ ਕਈਆਂ ਨੇ ਆਪਣੇ ਮਾਪਿਆਂ, ਭੈਣ-ਭਰਾਵਾਂ ਜਾਂ ਪੂਰੇ ਪਰਿਵਾਰ ਨੂੰ ਗੁਆ ਦਿੱਤਾ ਹੈ। ਕਈ ਬੱਚਿਆਂ ਨੂੰ ਇਲਾਜ ਦੀ ਵੀ ਢੰਗ ਦੀ ਸਹੂਲਤ ਨਹੀਂ ਮਿਲ ਰਹੀ। ਹਸਪਤਾਲਾਂ ਦੀ ਘਾਟ, ਦਵਾਈਆਂ ਦੀ ਕਮੀ ਅਤੇ ਖਾਣ-ਪੀਣ ਦੀ ਤੰਗੀ ਨੇ ਹਾਲਾਤ ਹੋਰ ਵੀ ਭਿਆਨਕ ਬਣਾ ਦਿੱਤੇ ਹਨ।

ਇੱਥੇ ਇੱਕ ਵੱਡਾ ਸਵਾਲ ਆ ਖੜ੍ਹਦਾ ਹੈ। ਜਦੋਂ ਇੱਕ ਬਾਂਦਰ ਦੀ ਤਸਵੀਰ ਨੇ ਦੁਨੀਆ ਨੂੰ ਭਾਵੁਕ ਕਰ ਦਿੱਤਾ, ਤਾਂ ਕੀ ਕਾਰਨ ਹੈ ਕਿ ਹਜ਼ਾਰਾਂ ਬੱਚਿਆਂ ਦੀਆਂ ਦਰਦਨਾਕ ਕਹਾਣੀਆਂ ਇੰਨੀ ਹੀ ਤਾਕਤ ਨਾਲ ਦੁਨੀਆ ਦੇ ਦਿਲਾਂ ਤੱਕ ਨਹੀਂ ਪਹੁੰਚਦੀਆਂ? ਸੋਸ਼ਲ ਮੀਡੀਆ ਅਤੇ ਅੰਤਰਰਾਸ਼ਟਰੀ ਮੀਡੀਆ ਵਿੱਚ ਕਈ ਵਾਰ ਕੁਝ ਕਹਾਣੀਆਂ ਨੂੰ ਬਹੁਤ ਜ਼ਿਆਦਾ ਤਵੱਜੋ ਮਿਲਦੀ ਹੈ, ਜਦਕਿ ਹੋਰ ਵੱਡੀਆਂ ਮਨੁੱਖੀ ਤ੍ਰਾਸਦੀਆਂ ਪਿੱਛੇ ਰਹਿ ਜਾਂਦੀਆਂ ਹਨ।

ਫ਼ਲਿਸਤੀਨੀ ਬੱਚਿਆਂ ਦੀਆਂ ਕਈ ਕਹਾਣੀਆਂ- ਜਿਨ੍ਹਾਂ ਵਿੱਚ ਕਈਆਂ ਨੇ ਆਪਣੇ ਪਰਿਵਾਰ ਗੁਆ ਦਿੱਤੇ ਜਾਂ ਜੰਗ ਵਿੱਚ ਅੰਗ ਗੁਆ ਬੈਠੇ, ਅਕਸਰ ਸਿਰਫ਼ ਅੰਕੜਿਆਂ ਤੱਕ ਸੀਮਿਤ ਰਹਿ ਜਾਂਦੀਆਂ ਹਨ। ਟੀ.ਵੀ. ਖ਼ਬਰਾਂ ਵਿੱਚ ਉਹ ਇੱਕ ਛੋਟੀ ਜਿਹੀ ਖ਼ਬਰ ਬਣ ਕੇ ਰਹਿ ਜਾਂਦੀਆਂ ਹਨ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅੱਜ ਦੇ ਮੀਡੀਆ ਦੌਰ ਵਿੱਚ ਭਾਵਨਾਤਮਕ ਅਤੇ ਦ੍ਰਿਸ਼ਾਤਮਕ ਕਹਾਣੀਆਂ ਜ਼ਿਆਦਾ ਤੇਜ਼ੀ ਨਾਲ ਫੈਲਦੀਆਂ ਹਨ। ਜਿਹੜੀਆਂ ਤਸਵੀਰਾਂ ਦਿਲ ਨੂੰ ਤੁਰੰਤ ਛੂਹਦੀਆਂ ਹਨ, ਉਹ ਤੁਰੰਤ ਵਾਇਰਲ ਹੋ ਜਾਂਦੀਆਂ ਹਨ। ਪਰ ਇਸ ਦੇ ਨਾਲ ਇਹ ਖ਼ਤਰਾ ਵੀ ਹੁੰਦਾ ਹੈ ਕਿ ਦੁਨੀਆ ਦੀ ਹਮਦਰਦੀ ਕਈ ਵਾਰ ਚੁਣੀਂਦਾ ਹੋ ਜਾਂਦੀ ਹੈ। ਉਹ ਉਸ ਦਰਦ ਨੂੰ ਵੱਧ ਵੇਖਦੀ ਹੈ, ਜੋ ਮੀਡੀਆ ਵਿੱਚ ਜ਼ਿਆਦਾ ਦਿਖਾਇਆ ਜਾਂਦਾ ਹੈ, ਨਾ ਕਿ ਉਸ ਦਰਦ ਨੂੰ ਜੋ ਅਸਲ ਵਿੱਚ ਸਭ ਤੋਂ ਵੱਡਾ ਹੈ।

ਅਸਲ ਵਿੱਚ ਹਮਦਰਦੀ ਦੀ ਕਸੌਟੀ ਇਹ ਨਹੀਂ ਹੋਣੀ ਚਾਹੀਦੀ ਕਿ ਦੁੱਖ ਸਹਿਣ ਵਾਲਾ ਕੌਣ ਹੈ। ਹਮਦਰਦੀ ਦੀ ਅਸਲੀ ਕਸੌਟੀ ਇਹ ਹੋਣੀ ਚਾਹੀਦੀ ਹੈ ਕਿ ਦੁੱਖ ਕਿੰਨਾ ਵੱਡਾ ਹੈ ਅਤੇ ਉਸ ਨੂੰ ਘਟਾਉਣ ਲਈ ਅਸੀਂ ਕੀ ਕਰ ਸਕਦੇ ਹਾਂ! ਜਾਨਵਰਾਂ ਲਈ ਦਇਆ ਰੱਖਣਾ ਇੱਕ ਚੰਗੀ ਗੱਲ ਹੈ। ਇਹ ਮਨੁੱਖੀ ਸੰਵੇਦਨਾ ਦੀ ਨਿਸ਼ਾਨੀ ਹੈ, ਪਰ ਜਦੋਂ ਮਨੁੱਖੀ ਬੱਚਿਆਂ ਦੀ ਤ੍ਰਾਸਦੀ ਦੇ ਸਾਹਮਣੇ ਦੁਨੀਆ ਚੁੱਪ ਰਹਿ ਜਾਂਦੀ ਹੈ, ਤਾਂ ਇਹ ਇੱਕ ਗੰਭੀਰ ਨੈਤਿਕ ਸਵਾਲ ਖੜ੍ਹਾ ਕਰਦਾ ਹੈ।

ਅੱਜ ਦੀ ਦੁਨੀਆ ਵਿੱਚ ਜੰਗਾਂ, ਭੁੱਖ ਅਤੇ ਗਰੀਬੀ ਕਾਰਨ ਲੱਖਾਂ ਬੱਚੇ ਪੀੜਾ ਝੱਲ ਰਹੇ ਹਨ। ਯੂਨੀਸੇਫ਼ ਦੀ ਇੱਕ ਹੋਰ ਰਿਪੋਰਟ ਮੁਤਾਬਕ ਦੁਨੀਆ ਭਰ ਵਿੱਚ ਲਗਭਗ



4.5 ਕਰੋੜ ਬੱਚੇ ਅਜਿਹੇ ਹਨ, ਜੋ ਜੰਗੀ ਹਾਲਾਤਾਂ ਕਾਰਨ ਆਪਣੇ ਘਰਾਂ ਤੋਂ ਬੇਘਰ ਹੋ ਚੁੱਕੇ ਹਨ। ਇਹ ਅੰਕੜੇ ਦੱਸਦੇ ਹਨ ਕਿ ਮਨੁੱਖੀ ਸੰਕਟ ਕਿੰਨਾ ਵੱਡਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸਿਰਫ਼ ਉਹੀ ਕਹਾਣੀਆਂ ਨਾ ਵੇਖੀਏ ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਹਨ, ਸਗੋਂ ਉਹ ਹਕੀਕਤਾਂ ਵੀ ਵੇਖੀਏ ਜੋ ਕਈ ਵਾਰ ਰੌਲ਼ੇ ਵਿੱਚ ਦਬ ਜਾਂਦੀਆਂ ਹਨ।

ਸੋ! ਆਪਣੀ ਮਾਂ ਨੂੰ ਗੁਆ ਬੈਠੇ ਬਾਂਦਰ ਲਈ ਹੰਝੂ ਵਹਾਉਣਾ ਮਨੁੱਖਤਾ ਹੈ, ਪਰ ਉਸੇ ਸਮੇਂ ਜੰਗ ਵਿੱਚ ਪੀੜਤ ਬੱਚਿਆਂ ਲਈ ਚੁੱਪ ਰਹਿਣਾ ਮਨੁੱਖਤਾ ਦੀ ਸਭ ਤੋਂ ਵੱਡੀ ਕਮੀ ਹੈ। ਸੱਚੀ ਹਮਦਰਦੀ ਉਹ ਹੁੰਦੀ ਹੈ, ਜੋ ਹਰ ਪੀੜਤ ਤੱਕ ਪਹੁੰਚੇ- ਚਾਹੇ ਉਹ ਜਾਨਵਰ ਹੋਵੇ ਜਾਂ ਮਨੁੱਖ। ਦੁਨੀਆ ਨੂੰ ਅੱਜ ਸਭ ਤੋਂ ਵੱਧ ਲੋੜ ਇਸ ਗੱਲ ਦੀ ਹੈ ਕਿ ਸਾਡੀ ਹਮਦਰਦੀ ਕਿਸੇ ਪਛਾਣ ਜਾਂ ਰਾਜਨੀਤੀ ਨਾਲ ਨਹੀਂ, ਸਿਰਫ਼ ਮਨੁੱਖਤਾ ਨਾਲ ਤੈਅ ਹੋਵੇ।

# ਹਵਾ ਦੀ ਵਧਦੀ ਕੀਮਤ: ਹਰ ਰੋਜ਼ ਚੁੱਪਚਾਪ ਦਮ ਤੋੜਦੀ ਹੈ ਜ਼ਿੰਦਗੀ

## *ਏਅਰ ਪਿਊਰੀਫਾਇਰ ਖਰੀਦਣਾ ਹੁਣ ਅਮੀਰੀ ਨਹੀਂ ਰਿਹਾ, ਸਗੋਂ ਇੱਕ ਲੋੜ ਬਣ ਗਿਆ ਹੈ

**ਸੱਚੋ-ਸੱਚ**



**ਈਸ਼ਾ ਬੈਨਰਜੀ***

ਪਿਛਲੇ ਕੁਝ ਸਾਲਾਂ ਵਿੱਚ ਕਿਤੇ ਨਾ ਕਿਤੇ, ਏਅਰ ਪਿਊਰੀਫਾਇਰ ਖਰੀਦਣਾ ਹੁਣ ਅਮੀਰੀ ਦੀ ਚੀਜ਼ ਨਹੀਂ ਰਹਿ ਗਿਆ, ਸਗੋਂ ਇਹ ਇੱਕ ਲੋੜੀਂਦਾ ਸਹਾਰਾ ਦੇਣ ਵਾਲਾ ਯੰਤਰ ਬਣ ਗਿਆ ਹੈ। ਹੁਣ ਅਸੀਂ ਕਦੇ ਜਗਿਆਸਾ ਨਾਲ ਅਤੇ ਜ਼ਿਆਦਾਤਰ ਬੇਚੈਨੀ ਵਿੱਚ ਏਅਰ ਕੁਆਲਿਟੀ ਇੰਡੈਕਸ ਚੈੱਕ ਕਰਦੇ ਹਾਂ। ਇਹ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਕਦੇ ਸਾਡੇ ਮਾਤਾ-ਪਿਤਾ ਮੌਸਮ ਦਾ ਅੰਦਾਜ਼ਾ ਲਾਇਆ ਕਰਦੇ ਸਨ। ਜਿਵੇਂ ਹੀ ਪਤਾ ਲੱਗਦਾ ਹੈ ਕਿ "ਅੱਜ ਹਵਾ ਖਰਾਬ ਹੈ", ਮੈਂ ਆਪਣੀ ਭੈਣ ਨੂੰ ਸੁਨੇਹਾ ਭੇਜ ਕੇ ਉਸਨੂੰ ਚੇਤਾਵਨੀ ਦਿੰਦੀ ਹਾਂ ਕਿ "ਕੈਬ ਲੈ ਲੈਣਾ, ਆਟੋ ਨਾ ਫੜੀਂ, ਨਹੀਂ ਤਾਂ ਤੈਨੂੰ ਦਿੱਕਤ ਹੋਵੇਗੀ।" ਅਸੀਂ ਇਕੱਠੇ ਬੈਠ ਕੇ ਸਾਫ਼ ਹਵਾ ਦੀ ਵਧਦੀ ਕੀਮਤ ਉਤੇ ਅਤੇ ਜ਼ਿੰਦਗੀ ਦੀ ਵਧਦੀ ਕੀਮਤ ਉਤੇ ਅਫ਼ਸੋਸ ਕਰਦੇ ਹਾਂ।

ਪਿਛਲੀ ਸਰਦੀਆਂ ਵਿੱਚ ਕੰਮ ਤੋਂ ਬਾਅਦ ਖੰਘ ਦੇ ਦੌਰੇ ਮੈਨੂੰ ਉਲਟੀ ਤੱਕ ਕਰਵਾ ਦਿੰਦੇ ਸਨ। ਸਿਰਫ਼ ਇੱਕ ਮਹੀਨਾ ਪਹਿਲਾਂ ਹੀ, ਥੀਏਟਰ ਫੈਸਟੀਵਲ ਜਾਣ ਵਾਲੀ ਕੈਬ ਦੀ ਸਵਾਰੀ ਇੰਝ ਲੱਗੀ ਜਿਵੇਂ ਧੂੰਏਂ ਵਾਲੀ ਚਿਮਨੀ ਵਿੱਚ ਸਾਹ ਲੈ ਰਹੀ ਹਾਂ। ਇੱਕ ਕਾਰ ਵਿੱਚ ਚੁੱਪਚਾਪ ਅਤੇ ਮਾਸਕ ਪਾ ਕੇ ਬੈਠੇ ਹੋਏ ਐਸਾ ਲੱਗਦਾ ਸੀ ਜਿਵੇਂ ਅਸੀਂ ਸਾਰੇ ਦਿੱਲੀ ਦੇ ਭਵਿੱਖ ਨੂੰ ਲੈ ਕੇ ਇੱਕੋ ਡਰ ਸਾਂਝਾ ਕਰ ਰਹੇ ਹੋਈਏ। ਮੈਂ ਉਵੱਤ ਲੈ ਰਹੀ ਸੀ, ਦਿਲ ਤੇਜ਼ੀ ਨਾਲ ਧੜਕ ਰਿਹਾ ਸੀ ਅਤੇ ਆਪਣੇ ਆਪ ਨੂੰ ਸੋਸ਼ਲ ਮੀਡੀਆ ਵਿੱਚ ਡੁਬੋ ਕੇ ਧਿਆਨ ਭਟਕਾ ਰਹੀ ਸੀ, ਜਿੱਥੇ ਲੋਕ ਸ਼ਹਿਰ ਛੱਡਣ ਦੀਆਂ ਗੱਲਾਂ ਕਰ ਰਹੇ ਸਨ।

ਜਿਵੇਂ ਪਹਿਲਾਂ ਹੀ ਪਤਾ ਸੀ ਕਿ ਹਵਾ ਦਾ ਖਰਾਬ ਹੋਣਾ ਤੈਅ ਹੈ, ਉਸ ਤੋਂ ਕੁਝ ਮਹੀਨੇ ਪਹਿਲਾਂ ਹੀ ਮੈਂ ਦੂਜਾ ਏਅਰ ਪਿਊਰੀਫਾਇਰ ਖਰੀਦ ਲਿਆ। ਇਸ ਤੋਂ ਬਾਅਦ ਫਿਰ ਇੱਕ ਹੋਰ ਖਰੀਦ ਲਿਆ, ਮਤਲਬ ਕੁੱਲ ਮਿਲਾ ਕੇ ਹੁਣ ਸਾਡੇ ਕੋਲ ਹਰ ਕਮਰੇ ਲਈ ਇੱਕ ਏਅਰ ਪਿਊਰੀਫਾਇਰ ਹੈ। ਮੈਂ ਆਪਣੇ ਆਪ ਨੂੰ ਕਿਹਾ-ਇਹ ਲੋੜੀਂਦਾ ਹੈ। ਜਿੱਥੇ ਮੈਂ ਕੰਮ ਕਰਦੀ ਹਾਂ, ਉੱਥੇ ਜੀਉਣ ਦੀ ਕੀਮਤ ਇਹੀ ਹੈ। ਪਰ ਹੌਲ਼ੀ-ਹੌਲ਼ੀ ਇਹ ਅਹਿਸਾਸ ਹੋਣ ਲੱਗਾ ਕਿ ਕਿਤੇ ਨਾ ਕਿਤੇ ਕੋਈ ਨਾ ਕੋਈ ਦੋਸ਼ੀ ਅਤੇ ਨਾਕਾਮ ਹੈ। ਮੈਂ ਇਸਨੂੰ ਝੱਲ ਸਕਦੀ ਹਾਂ, ਪਰ ਬਹੁਤ ਸਾਰੇ ਲੋਕ ਨਹੀਂ ਕਰ ਸਕਦੇ। ਸਾਡੇ ਘਰ ਕੰਮ ਕਰਨ ਵਾਲੀ ਔਰਤ ਇੱਕ ਦਿਨ ਬਹੁਤ ਛਿੱਕਾਂ ਮਾਰਦੀ ਹੋਈ ਆਈ। ਅਸੀਂ ਉਸਨੂੰ ਕਿਹਾ ਕਿ ਪਹਿਲਾਂ ਠੀਕ ਤਰ੍ਹਾਂ ਆਰਾਮ ਕਰ ਲੈ। ਪਰ ਪਤਾ ਲੱਗਾ ਕਿ ਕੁਝ ਹੀ ਸਮੇਂ ਬਾਅਦ ਉਹ ਬੀਮਾਰ ਪੈ ਗਈ। ਇਸ 'ਤੇ ਮੈਂ ਫਿਰ ਸੋਚਣ ਲਈ ਬੈਠ ਗਈ। ਸੋਚਦੇ-ਸੋਚਦੇ ਘੜੀ ਦੀ ਸੂਈ ਵਾਂਗ ਦਿਲ ਦੀ ਧੜਕਣ ਵੀ ਤੇਜ਼ ਹੋਣ ਲੱਗੀ।

ਨਾਕਾਮ ਸਰਕਾਰਾਂ ਦੀ ਲਗਾਤਾਰ ਆਉਂਦੀ-ਜਾਂਦੀ ਲੜੀ ਨੇ ਨਾਕਾਮੀ ਦੀ ਭਾਸ਼ਾ ਨੂੰ ਲਗਭਗ ਲਾਜ਼ਮੀ ਬਣਾ ਦਿੱਤਾ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਅਧਿਕਾਰਾਂ ਦੀਆਂ ਗੱਲਾਂ ਹਮੇਸ਼ਾ ਹੁੰਦੀਆਂ ਰਹਿੰਦੀਆਂ ਹਨ। ਫਿਰ ਵੀ ਸੰਵਿਧਾਨ ਵਿੱਚ ਦਰਜ ਸਭ ਤੋਂ ਮੂਲ ਅਧਿਕਾਰ- ਜੀਵਨ ਦਾ ਅਧਿਕਾਰ- ਇੱਥੇ ਹਰ ਰੋਜ਼ ਚੁੱਪਚਾਪ ਦਮ ਤੋੜਦਾ ਹੈ।

ਅਜਿਹੇ ਸ਼ਹਿਰ ਵਿੱਚ ਇਸ ਅਧਿਕਾਰ ਦੀ ਮੰਗ ਕਰਨਾ ਬੇਮਤਲਬ ਜਿਹਾ ਲੱਗਦਾ ਹੈ, ਜਿੱਥੇ ਚੁਣੇ ਹੋਏ ਨੇਤਾ ਆਪਣੇ ਲਈ ਪਿਊਰੀਫਾਇਰ ਖਰੀਦਦੇ ਹਨ ਅਤੇ ਟੀ.ਵੀ. 'ਤੇ ਕਹਿੰਦੇ ਹਨ ਕਿ ਹਵਾ ਸਾਫ਼ ਹੈ। ਇੱਥੇ ਜ਼ਹਿਰੀਲੀ ਹਵਾ ਦੇ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਨਾਗਰਿਕਾਂ ਖ਼ਿਲਾਫ਼ ਐਫ਼.ਆਈ.ਆਰ. ਦਰਜ ਕੀਤੀਆਂ ਜਾਂਦੀਆਂ ਹਨ।

ਇਹ ਗੱਲ ਦੁਹਰਾਉਣ ਤੋਂ ਇਲਾਵਾ ਮੈਂ ਹੋਰ ਕੀ ਕਰ ਸਕਦੀ ਹਾਂ? ਕੀ ਇਹੀ ਹਰ ਨਾਗਰਿਕ ਨਹੀਂ ਪੁੱਛਦਾ ਕਿ ਹੱਲ ਲੱਭੋ? ਉਹ ਕਹਿੰਦੇ ਹਨ ਕਿ ਕਿਸਾਨ ਵੱਡੇ ਪੱਧਰ 'ਤੇ ਪਰਾਲੀ



ਸਾੜਦੇ ਹਨ, ਜਾਂ ਇਹ ਸਭ ਭੂਗੋਲਿਕ ਹਾਲਾਤ ਕਰ ਕੇ ਹੋ ਰਿਹਾ ਹੈ, ਜਾਂ ਮੌਸਮ ਕਰ ਕੇ ਹੋ ਰਿਹਾ ਹੈ; ਪਰ ਇਹ ਗੱਲ ਹੁਣ ਤੱਕ ਨਹੀਂ ਕੀਤੀ ਜਾਂਦੀ ਕਿ ਸਰਕਾਰ ਆਪਣੇ ਕੰਮ ਵਿੱਚ ਕਈ ਸਾਲਾਂ ਤੋਂ ਨਾਕਾਮ ਰਹੀ ਹੈ।

ਮੈਂ ਵਾਰ-ਵਾਰ ਇਸੇ ਚੱਕਰ ਵਿੱਚ ਫਸ ਜਾਂਦੀ ਹਾਂ। ਸ਼ਾਇਦ ਪਿਊਰੀਫਾਇਰ ਉਦਯੋਗ ਵਿੱਚ ਮੁਨਾਫ਼ਾ ਕਮਾ ਰਹੇ ਅਰਬਪਤੀ, ਆਪਣੀਆਂ ਬੇਅੰਤ ਟੈਕਸ ਛੋਟਾਂ ਨਾਲ, ਕੋਈ ਰਾਹ ਕੱਢ ਲੈਣ। ਜੇ ਸਾਫ਼ ਪਾਣੀ ਨੂੰ ਵਿਲਾਸਤਾ ਵਾਂਗ ਵੇਚਿਆ ਜਾ ਸਕਦਾ ਹੈ ਤਾਂ ਸ਼ਾਇਦ ਇਹ ਤੈਅ ਸੀ ਕਿ ਹਵਾ ਵੀ ਉਸੇ ਰਾਹ 'ਤੇ ਚਲੇਗੀ। ਇੱਕ ਡਰਾਉਣੇ ਤਰੀਕੇ ਨਾਲ ਸੜ ਰਹੀ ਦੇਸ਼ ਦੀ ਵਿਵਸਥਾ ਸਾਨੂੰ ਇਹ ਸਿਖਾਉਂਦੀ ਹੈ ਕਿ ਜੋ ਝੱਲ ਸਕਦਾ ਹੈ, ਉਹ ਬਚ ਜਾਵੇਗਾ; ਅਤੇ ਜੋ ਨਹੀਂ ਝੱਲ ਸਕਦਾ ਉਸਨੂੰ ਸਹਿਣਾ ਪਵੇਗਾ। ਇਹ ਹਾਲਤ ਬਹੁਤ ਹੀ ਅਸਧਾਰਨ ਹੈ। ਮੇਰਾ ਪਿਊਰੀਫਾਇਰ ਹੌਲ਼ੀ-ਹੌਲ਼ੀ ਗੁਣਗੁਣਾਉਂਦਾ ਰਹਿੰਦਾ ਹੈ। ਇਹ ਲਾਲ ਚਮਕਦਾ ਹੈ, ਫਿਰ ਨਾਰੰਗੀ ਹੋ ਜਾਂਦਾ ਹੈ ਅਤੇ ਫਿਰ ਹਰ ਰੰਗ ਦਿਖਾਉਣ ਲੱਗਦਾ ਹੈ ਜੋ ਇਸ ਦੇ ਵੱਸ ਦੀ ਗੱਲ ਹੈ। ਬਾਹਰ ਦੀ ਹਵਾ ਹੋਰ ਵੀ ਗਾੜ੍ਹੀ ਹੁੰਦੀ ਜਾ ਰਹੀ ਹੈ। ਫਿਲਹਾਲ ਮੈਂ ਹੁਣ ਲਈ ਸਾਹ ਲੈਂਦੀ ਹਾਂ।

---

*(*ਲੇਖਿਕਾ 'ਹਾਰਪਰ ਕਾਲਿੰਗਜ਼' ਮੈਗਜ਼ੀਨ ਦੀ ਸੰਪਾਦਕ ਹੈ)*

# ਗੁਰਦੁਆਰਾ ਪੈਲਾਟਾਈਨ ਚੋਣਾਂ ਸਬੰਧੀ ਪ੍ਰਚਾਰ ਦਾ ਮੁੱਢ ਬੱਝਾ

## *ਇਲੈਕਸ਼ਨ ਦੀ ਥਾਂ ਸਿਲੈਕਸ਼ਨ ਕੀਤੇ ਜਾਣ ਦੀ ਉਮੀਦ ਟੁੱਟੀ *ਇੱਕ ਧਿਰ ਵੱਲੋਂ ਚੋਣ ਜਾਂ ਚੋਣ ਪ੍ਰਕਿਰਿਆ ਬਾਰੇ ਚਰਚਾ ਮੀਟਿੰਗ

**ਕੁਲਜੀਤ ਸਿੰਘ**

ਜਿਸ ਤਰ੍ਹਾਂ ਵਿਆਹ ਦੀ ਤਾਰੀਖ ਪੱਕੀ ਹੋਣ ਪਿੱਛੋਂ ਗਹਿਣਾ-ਗੱਟਾ, ਟੂਮ-ਛੱਲਾ ਆਦਿ ਬਣਵਾਉਣ; ਦਾਜ-ਵਰੀ ਸਬੰਧੀ ਸਲਾਹ-ਮਸ਼ਵਰਾ ਤੇ ਖਰੀਦੋ-ਫਰੋਖਤ ਕਰਨ; ਹਲਵਾਈ/ਕੈਟਰਿੰਗ ਵਾਲਿਆਂ ਨੂੰ ਮਿਠਾਈਆਂ/ਖਾਣੇ ਸਬੰਧੀ ਸਾਈ ਦੇਣ; ਕਾਰਡ ਛਪਵਾਉਣ/ਵੰਡਣ ਆਦਿ ਦਾ ਸਿਲਸਿਲਾ ਜ਼ੋਰਾਂ ਨਾਲ ਸ਼ੁਰੂ ਹੋ ਜਾਂਦਾ ਹੈ; ਜਾਂ ਜਿਸ ਤਰ੍ਹਾਂ ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ਦੇ ਮਾਹੌਲ ਵਿੱਚ ਹਲਚਲ ਹੋਣ ਲੱਗਦੀ ਹੈ ਤੇ ਰੁੱਸਿਆਂ ਨੂੰ ਮਨਾਉਣ ਦੇ ਨਿਮਰ-ਪੈਂਤੜੇ ਵਰਤਣੇ ਸ਼ੁਰੂ ਹੋ ਜਾਂਦੇ ਹਨ, ਇਵੇਂ ਹੀ ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਨੂੰ ਲੈ ਕੇ ਸਥਿਤੀ ਬਣੀ ਹੋਈ ਹੈ। ਜਿਨ੍ਹਾਂ ਨੂੰ ਜਿੱਤ ਦੀ ਉਮੀਦ ਹੈ, ਉਹ ਮਨੋ-ਮਨ ਬਾਘੀਆਂ ਪਾ ਰਹੇ ਹਨ ਅਤੇ ਜਿਨ੍ਹਾਂ ਦੇ ਪਾਲ਼ੇ ਵਿੱਚ ਦੋਚਿੱਤੀ ਪੱਸਰੀ ਹੋਈ ਹੈ, ਉਹ ਕੁਝ ਗੱਲਾਂ ਨੂੰ ਲੈ ਕੇ ਚਿੰਤਿਤ ਹਨ। ਉਂਜ ਇੱਕ ਗੱਲ ਸਪਸ਼ਟ ਹੈ ਕਿ ਗੁਰਦੁਆਰੇ ਵਿੱਚ ਸਿਆਸਤ ਦਾ ਪੂਰੀ ਤਰ੍ਹਾਂ ਬੋਲਬਾਲਾ ਹੈ। ਖ਼ੈਰ! ਚੋਣਾਂ ਸਬੰਧੀ ਪ੍ਰਚਾਰ ਦਾ ਮੁੱਢ ਬੱਝ ਗਿਆ ਹੈ ਅਤੇ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਤੇ ਵਿਰੋਧੀ ਧਿਰ ਦੇ ਉਮੀਦਵਾਰਾਂ ਦੇ ਬਰਖਿਲਾਫ ਵਿਰੋਧ ਦੀਆਂ ਸੁਰਾਂ ਗੂੰਜਣ ਲੱਗੀਆਂ ਹਨ।

ਦੂਜੇ ਪਾਸੇ, ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਸਬੰਧੀ ਸਿਲੈਕਸ਼ਨ ਦੀ ਥਾਂ ਇਲੈਕਸ਼ਨ ਕੀਤੇ ਜਾਣ ਦੀਆਂ ਚਾਰਾਜੋਈਆਂ ਧਰੀਆਂ-ਧਰਾਈਆਂ ਰਹਿ ਗਈਆਂ ਹਨ। ਚੋਣਾਂ ਲਈ ਉਮੀਦਵਾਰਾਂ ਤੇ ਕੁਝ ਭਾਈਚਾਰਕ ਨੁਮਾਇੰਦਿਆਂ ਦੀ 'ਇਲੈਕਸ਼ਨ ਜਾਂ ਸਿਲੈਕਸ਼ਨ' ਸਬੰਧੀ ਆਪਸੀ ਮੀਟਿੰਗ ਖਾਨਾਪੂਰਤੀ ਤੋਂ ਵਧ ਕੇ ਕੁਝ ਨਹੀਂ ਸੀ, ਕਿਉਂਕਿ ਕੁਝ ਉਮੀਦਵਾਰਾਂ ਦੇ ਹਮਾਇਤੀਆਂ ਵੱਲੋਂ ਚੋਣ ਪ੍ਰਚਾਰ ਨੂੰ ਪਹਿਲ ਦੇ ਕੇ ਸਿਲੈਕਸ਼ਨ ਦੀ ਉਮੀਦ ਨੂੰ ਬੂਰ ਨਾ ਪੈਣ ਦਿੱਤਾ ਗਿਆ। ਉਂਜ ਇਹ ਪਹਿਲਾਂ ਤੋਂ ਹੀ ਤੈਅ ਸੀ ਕਿ ਸਿਲੈਕਸ਼ਨ ਦੀ ਥਾਂ ਇਲੈਕਸ਼ਨ ਨੂੰ ਪਹਿਲ ਦਿੱਤੀ ਜਾਵੇਗੀ; ਇਸੇ ਲਈ 8 ਮਾਰਚ ਨੂੰ ਸਿਲੈਕਸ਼ਨ ਕੀਤੇ ਜਾਣ ਦੀ ਉਮੀਦ ਫਿਲਹਾਲ ਟੁੱਟ ਗਈ। ਬੋਰਡ ਆਫ ਟਰੱਸਟੀ (ਬੀ.ਓ.ਟੀ.) ਲਈ ਪੰਜ ਮੈਂਬਰਾਂ ਦੀ ਚੋਣ ਲਈ ਅੱਠ ਉਮੀਦਵਾਰ ਮੈਦਾਨ ਵਿੱਚ ਹਨ। ਪੰਜ ਉਮੀਦਵਾਰ ਪੰਥਕ ਸਲੇਟ ਦੇ ਹਨ, ਜਦਕਿ ਤਿੰਨ ਉਮੀਦਵਾਰ ਦੂਜੀ ਧਿਰ ਦੇ। ਪੰਥਕ ਸਲੇਟ ਤੋਂ ਨਾਰਾਜ਼ ਕਾਰਸੇਵਾ ਜਥੇ ਨਾਲ ਜੁੜੇ ਸੰਗਤ ਦੇ ਕੁਝ ਮੈਂਬਰ ਦੂਜੀ ਧਿਰ ਦੀ ਹਮਾਇਤ 'ਤੇ ਹਨ। ਦੂਜੇ ਪਾਸੇ, ਪੰਥਕ ਸਲੇਟ ਵਾਲੇ ਪੱਕੇ ਪੈਰੀਂ ਚੋਣ ਲੜਨ ਲਈ ਤਹੂ ਹਨ; ਕਿਉਂਕਿ ਮਸਲਾ ਆਪਣੀ ਪੈਂਠ ਬਣਾਏ ਰੱਖਣ ਦਾ ਵੀ ਆ ਜੁੜਿਆ ਹੈ।

ਗੁਰਦੁਆਰਾ ਚੋਣਾਂ ਦਾ ਅਸਰ ਇੰਨਾ ਹੈ ਕਿ ਲੰਘੇ ਐਤਵਾਰ ਨੂੰ ਜੁੜੀ ਸੰਗਤ ਵਿੱਚੋਂ ਬਹੁਤ ਘੱਟ ਸੰਗਤ ਦਾ ਧਿਆਨ ਕੀਰਤਨ ਜਾਂ ਕਥਾ-ਵਿਚਾਰ ਸੁਣਨ ਵਿੱਚ ਸੀ, ਜਦਕਿ ਚੋਣਾਂ ਸਬੰਧੀ ਸਿਆਸੀ ਪੈਂਤੜਿਆਂ ਅਤੇ ਚੋਣ ਮੈਦਾਨ ਫਤਿਹ ਕਰਨ ਦੀਆਂ ਵਿਉਂਤਾਂ ਨਾਲ ਲਬਰੇਜ ਮਾਹੌਲ ਪੂਰੀ ਤਰ੍ਹਾਂ ਭਖਿਆ ਹੋਇਆ ਸੀ; ਤੇ ਅਜਿਹਾ ਸਭ ਚੋਣਾਂ ਤੱਕ ਜਾਰੀ ਰਹਿਣ ਦੀ ਪੂਰੀ ਸੰਭਾਵਨਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਿਆਸਤ ਕਾਰਨ ਕੁਝ ਰਿਸ਼ਤੇਦਾਰੀਆਂ ਵਿੱਚ ਪਈਆਂ ਵਿਚਾਰਧਾਰਕ ਤਰੇੜਾਂ ਅਤੇ ਰੋਸੇ-ਗਿਲੇ ਗਹਿਰੇ ਹੋਣ ਲੱਗੇ ਹਨ; ਗੱਲ ਕਿਰਦਾਰਕੁਸ਼ੀ ਤੱਕ ਪਹੁੰਚ ਗਈ ਹੈ।

ਇਸੇ ਦੌਰਾਨ ਇੱਕ ਧਿਰ ਵੱਲੋਂ 'ਚੋਣ ਜਾਂ ਚੋਣ ਪ੍ਰਕਿਰਿਆ ਬਾਰੇ ਚਰਚਾ' ਸਬੰਧੀ ਇੱਕ ਮੀਟਿੰਗ ਲੰਘੇ ਸ਼ਨਿਚਰਵਾਰ ਨੂੰ ਇਟਾਸਕਾ ਦੇ 'ਟੱਚ ਆਫ ਸਪਾਈਸ' ਵਿੱਚ ਕੀਤੀ ਗਈ। ਮੀਟਿੰਗ ਦਾ ਏਜੰਡਾ 'ਸਾਡੇ ਗੁਰਦੁਆਰਾ ਸਾਹਿਬ ਅਤੇ ਅਗਲੀ ਪੀੜ੍ਹੀ ਦੇ ਭਵਿੱਖ' ਲਈ ਆਪਣੀ ਕੀਮਤੀ ਫੀਡਬੈਕ ਸਾਂਝੀ ਕਰਨ ਬਾਰੇ ਸੀ। ਇਸ ਮੌਕੇ ਕੁਝ ਬੁਲਾਰਿਆਂ ਦਾ ਵਿਚਾਰ ਸੀ ਕਿ ਗੁਰੂਘਰ ਦੀਆਂ ਸੇਵਾਵਾਂ ਲਈ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਕਿ ਸੰਗਤ ਦੀ ਆਵਾਜ਼ ਬਹੁਤ ਮਾਇਨੇ ਰੱਖਦੀ ਹੈ। ਉਨ੍ਹਾਂ ਕਾਰਨਾਂ ਨੂੰ ਹੱਲ ਕਰੀਏ, ਜਿਨ੍ਹਾਂ ਕਾਰਨ ਸਾਡੇ ਕੁਝ ਨੌਜਵਾਨ ਸਾਡੇ ਭਾਈਚਾਰੇ ਤੋਂ ਦੂਰ ਹੋ ਗਏ ਹਨ; ਪਰ ਮਸਲਾ ਇਹ ਹੈ ਕਿ ਕੁਝ ਚਾਹੁੰਦੇ ਹਨ ਕਿ ਲੱਡੂ ਉਨ੍ਹਾਂ ਦੇ ਹੱਥ ਰਹੇ।

ਇਸ ਮੌਕੇ ਗੁਰਦੁਆਰਾ ਕਮੇਟੀ ਕਾਰਨ ਪੈਦਾ ਹੋਈ ਕਥਿਤ ਗਰੁੱਪਬਾਜ਼ੀ 'ਤੇ ਵੀ ਕਿੰਤੂ-ਪ੍ਰੰਤੂ ਕੀਤੇ ਗਏ ਅਤੇ ਸੁਝਾਅ ਦਿੱਤਾ ਗਿਆ ਕਿ ਇੱਕ ਅਜਿਹੀ ਕਮੇਟੀ ਹੋਵੇ ਜੋ ਰਲ-ਮਿਲ ਕੇ ਚੱਲੇ। ਮੀਟਿੰਗ ਪ੍ਰਬੰਧਕਾਂ ਨੇ ਬਾਅਦ ਵਿੱਚ ਇੱਕ ਕਮੇਟੀ ਬਣਾਈ, ਜੋ ਕਿਸੇ ਵੀ ਤਰ੍ਹਾਂ ਦੇ ਮੁੱਦੇ ਬਾਰੇ ਸਾਂਝੇ ਤੌਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਾਬਤਾ ਬਣਾਏਗੀ। ਇਸ ਮੌਕੇ ਇਲੈਕਸ਼ਨ ਕਮੇਟੀ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਕੀਤੇ ਗਏ ਕਿ ਜਿਸ ਦਿਨ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਦੀ ਆਖਰੀ ਤਾਰੀਖ ਸੀ, ਉਸੇ ਸ਼ਾਮ ਨਾਵਾਂ ਦੀ ਸੂਚੀ ਉਮੀਦਵਾਰਾਂ ਜਾਂ ਸੰਗਤ ਨਾਲ ਸਾਂਝੀ ਕਿਉਂ ਨਹੀਂ ਕੀਤੀ ਗਈ? ਇਹ ਦੋਸ਼ ਲਾਇਆ ਗਿਆ ਕਿ ਪੰਥਕ ਸਲੇਟ ਨਾਲ ਮਿਲੀਭੁਗਤ ਕਾਰਨ ਅਜਿਹਾ ਹੋਇਆ (ਚੋਣ ਕਮੇਟੀ ਦੇ ਚੇਅਰਮੈਨ ਅਨੁਸਾਰ ਨਾਮਜ਼ਦਗੀਆਂ ਸਬੰਧੀ ਰਿਵਿਊ ਕਰਨ ਪਿੱਛੋਂ ਹੀ ਸੂਚੀ ਜਾਰੀ ਕਰਨੀ ਸੀ)।

ਇਸ ਮੌਕੇ ਮੰਚ ਸੰਚਾਲਨ ਕਰਦਿਆਂ ਸੁਖਵੰਤ ਸਿੰਘ ਨੇ ਕਿਹਾ ਕਿ ਸਾਰਿਆਂ ਦੀ ਰਜ਼ਾ ਇਹੋ ਹੈ ਕਿ ਸਿਲੈਕਸ਼ਨ ਹੋ ਜਾਵੇ, ਕਿਉਂਕਿ ਇਲੈਕਸ਼ਨ ਵਿੱਚ ਗੁੱਸੇ-ਰਾਜ਼ੀ ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ। ਮੌਜੂਦਾ ਸਥਿਤੀ ਇਹ ਹੈ ਕਿ ਜੇ ਕੋਈ ਗੁਰਦੁਆਰਾ ਪੈਲਾਟਾਈਨ ਦੀ ਕਮੇਟੀ ਨੂੰ ਸਵਾਲ ਕਰਦਾ ਹੈ ਤਾਂ ਉਸ ਦਾ ਕੋਈ ਸਪਸ਼ਟ ਜਵਾਬ ਨਹੀਂ ਮਿਲਦਾ। ਅਜਿਹੀਆਂ ਗੱਲਾਂ ਨੂੰ ਦਰੁਸਤ ਕਰਨ ਲਈ ਤਬਦੀਲੀ ਦੀ ਲੋੜ ਹੈ। ਉਨ੍ਹਾਂ ਆਪਣੀ ਧਿਰ ਦੇ ਉਮੀਦਵਾਰਾਂ ਨਾਲ ਜਾਣ-ਪਛਾਣ ਕਰਵਾਈ ਅਤੇ ਭਰੋਸਾ ਦਿੱਤਾ ਕਿ ਇਹ ਕਿਸੇ ਵੀ ਮੁੱਦੇ 'ਤੇ ਸੰਗਤ ਨਾਲ ਵਿਚਾਰ ਕਰ ਕੇ ਅੱਗੇ ਵਧਣਗੇ।

ਇਸ ਮੌਕੇ ਬੋਰਡ ਆਫ ਟਰੱਸਟੀ (ਬੀ.ਓ.ਟੀ.) ਲਈ ਉਮੀਦਵਾਰ ਸਵਰਨਜੀਤ ਸਿੰਘ ਨੇ ਆਪਣੀ ਤਕਰੀਰ ਵਿੱਚ ਗੁਰਦੁਆਰਾ ਸੰਵਿਧਾਨ ਦੇ ਹਵਾਲੇ ਨਾਲ ਦੱਸਿਆ ਕਿ ਇਲੈਕਸ਼ਨ ਰੋਕਣ ਲਈ ਕੋਈ ਵੀ ਵਿਧੀ ਅਪਨਾ ਸਕਦੇ ਹੋ, ਯਾਨੀ ਸਿਲੈਕਸ਼ਨ ਕਰ ਸਕਦੇ ਹੋ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਸੰਦਰਭ ਵਿੱਚ ਇਲੈਕਸ਼ਨ ਹੈ ਹੀ ਨਹੀਂ। ਇੱਥੋਂ ਤੱਕ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਕਿਸੇ ਵੀ ਗੁਰਦੁਆਰੇ ਵਿੱਚ ਇਲੈਕਸ਼ਨ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਜਦੋਂ ਇਲੈਕਸ਼ਨ ਹੁੰਦੀ ਹੈ ਤਾਂ ਚਾਰ ਗੱਲਾਂ ਮੁੱਖ ਹੁੰਦੀਆਂ ਹਨ- ਪਹਿਲੀ, ਪਰਿਵਾਰ ਇਕੱਠੇ ਹੋ ਜਾਂਦੇ ਹਨ; ਦੂਜੀ, ਇਲਾਕਾ ਇਕੱਠਾ ਹੋ ਜਾਂਦਾ ਹੈ; ਤੀਜੀ, ਜਿਹੜੇ ਕੰਮ ਇਕੱਠੇ ਕਰਦੇ ਹਨ, ਉਹ ਇਕੱਠੇ ਹੋ ਜਾਂਦੇ ਹਨ; ਤੇ ਅਖੀਰ ਵਿੱਚ ਜਾਤ-ਬਰਾਦਰੀ 'ਤੇ ਗੱਲ ਆ ਖੜ੍ਹਦੀ ਹੈ। ਗੁਰਦੁਆਰਾ ਸਾਹਿਬ ਦੇ ਉਦੇਸ਼ਾਂ ਵਿੱਚ ਇਹ ਚਾਰੇ ਨਹੀਂ ਹਨ, ਪਰ ਇਹ ਚਾਰੇ ਪ੍ਰੋਮੋਟ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਦੋ ਚੀਜ਼ਾਂ ਨੂੰ ਬਚਾਉਣ ਦੀ ਲੋੜ ਹੈ- ਇੱਕ ਹੈ ਅਸਲ (ਗੁਰੂ ਗ੍ਰੰਥ ਸਾਹਿਬ) ਅਤੇ ਦੂਜੀ ਨਸਲ। ਜੇ ਅਸਲ ਨਾਲ ਜੁੜਾਂਗੇ ਤਾਂ ਨਸਲ ਬਚੇਗੀ। ਉਨ੍ਹਾਂ ਕਿਹਾ ਕਿ ਗੁਰੂਘਰ ਵਿੱਚ ਕੰਮ ਕਰਨ ਦੇ ਢੰਗ ਅਤੇ ਸੁਭਾਅ ਕਾਰਨ ਟਕਰਾਅ ਪੈਦਾ ਹੋ ਰਿਹਾ ਹੈ। ਸਿਸਟਮ ਵਿੱਚ ਆ ਗਈਆਂ ਮਨਮਰਜ਼ੀਆਂ ਨੂੰ ਦੂਰ ਕਰਨ ਲਈ ਉਨ੍ਹਾਂ ਬੰਦਿਆਂ ਦੀ ਚੋਣ ਜ਼ਰੂਰੀ ਹੈ, ਜੋ ਨਿਰਪੱਖ ਰਹਿ ਕੇ ਗੁਰੂਘਰ ਦਾ ਪ੍ਰਬੰਧ ਚਲਾਉਣ।

ਸਤਨਾਮ ਸਿੰਘ ਗਿੱਲ (ਬੀ.ਓ.ਟੀ. ਲਈ ਉਮੀਦਵਾਰ) ਨੇ ਕਿਹਾ ਕਿ ਉਹ ਸਿਲੈਕਸ਼ਨ ਦੇ ਹੱਕ ਵਿੱਚ ਹਨ। ਉਹ ਚਾਹੁੰਦੇ ਹਨ ਕਿ ਗੁਰਦੁਆਰੇ ਵਿੱਚ ਸ਼ਾਂਤੀ ਵਾਲਾ ਮਾਹੌਲ ਹੋਣਾ ਚਾਹੀਦਾ ਹੈ, ਨਾ ਕਿ ਲੜਾਈ-ਝਗੜੇ! ਉਨ੍ਹਾਂ ਕਿਹਾ ਕਿ ਗੁਰਦੁਆਰੇ ਵਿੱਚ ਕਈ ਵਧੀਆ ਕੰਮ ਹੋਏ ਹਨ ਤੇ ਅਸੀਂ ਵੀ ਵੱਧ ਤੋਂ ਵੱਧ ਕੰਮ ਕਰਾਂਗੇ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਗੁਰੂਘਰ ਲਈ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਹਾਜ਼ਰ ਹਨ। ਇਸ ਮੌਕੇ ਸਤਨਾਮ ਸਿੰਘ ਗਿੱਲ ਨੇ ਪੁਰਾਣੇ ਸਮਿਆਂ 'ਚ ਗੁਰੂਘਰ ਬਣਾਏ ਜਾਣ ਲਈ ਤਰੱਦਦ ਕਰਨ ਵਾਲੇ ਭਾਈਚਾਰੇ ਦੇ ਉਨ੍ਹਾਂ ਲੋਕਾਂ ਨੂੰ ਵੀ ਯਾਦ ਕੀਤਾ, ਜਿਨ੍ਹਾਂ ਨੇ ਗੁਰਦੁਆਰਾ ਪੈਲਾਟਾਈਨ ਦੇ ਰੂਪ ਵਿੱਚ ਭਾਈਚਾਰੇ ਲਈ ਵਿਰਾਸਤ ਖੜ੍ਹੀ ਕੀਤੀ। ਉਨ੍ਹਾਂ ਸੁਝਾਅ ਦਿੱਤਾ ਕਿ ਜਿਨ੍ਹਾਂ ਦੀ ਸੇਵਾ ਸਦਕਾ ਗੁਰਦੁਆਰੇ ਵਿੱਚ ਵਿਕਾਸ ਹੋਏ ਹਨ, ਭਵਿੱਖ ਵਿੱਚ ਵੀ ਉਨ੍ਹਾਂ ਦੀ ਸਲਾਹ ਨਾਲ ਅੱਗੇ ਵਧਣਾ ਚਾਹੀਦਾ ਹੈ।

ਬੀ.ਓ.ਟੀ. ਲਈ ਇੱਕ ਹੋਰ ਉਮੀਦਵਾਰ ਤਰਲੋਚਨ ਸਿੰਘ ਨੇ ਦੋ-ਹਰਫ਼ੀ ਗੱਲ ਕਰਦਿਆਂ ਸਵਾਲ ਕੀਤਾ ਕਿ ਕੀ ਅਸੀਂ ਗੁਰਦੁਆਰਾ ਸਾਹਿਬ ਨੂੰ ਉਥੇ ਹੀ ਖੜ੍ਹਾ ਦੇਖਣਾ ਚਾਹੁੰਦੇ ਹਾਂ ਜਾਂ ਅੱਗੇ ਵਧਾਉਣਾ ਚਾਹੁੰਦੇ ਹਾ? ਉਨ੍ਹਾਂ ਕਿਹਾ ਕਿ ਹੁਣ ਜੋ ਮੈਂ ਦੇਖ ਰਿਹਾਂ, ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਿੱਚ ਯੂਥ ਬਹੁਤ ਘੱਟ ਹੈ, ਜਦਕਿ ਉਨ੍ਹਾਂ ਨੂੰ ਸ਼ਾਮਲ ਹੋ ਕੇ ਅੱਗੇ ਵਧਣਾ ਚਾਹੀਦਾ ਹੈ। ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਦੀ ਉਮੀਦਵਾਰ ਬੀਬੀ ਸੁਰਿੰਦਰ ਕੌਰ ਸੰਘਾ ਨੇ ਤੌਖਲਾ ਪ੍ਰਗਟਾਇਆ ਕਿ ਜੇ ਆਪਾਂ ਕੋਈ ਉਪਰਾਲਾ ਨਾ ਕੀਤਾ ਤਾਂ ਗੁਰਦੁਆਰਾ ਪੈਲਾਟਾਈਨ ਇੱਕ ਡੇਰਾ ਬਣ ਜਾਣਾ ਹੈ। ਉਨ੍ਹਾਂ ਕਿਹਾ ਕਿ ਜੋ ਅਸੀਂ ਪੁਰਾਣੇ ਆਏ ਸਨ ਤੇ ਗੁਰਦੁਆਰਾ ਸਾਹਿਬ ਕਿੰਨੀਆਂ ਤੰਗੀਆਂ ਨਾਲ ਬਣਾਇਆ, ਸਾਨੂੰ ਇਸ ਦੀ ਤਰੱਕੀ ਕਰਨੀ ਚਾਹੀਦੀ ਹੈ, ਨਾ ਕਿ ਇੱਥੇ ਡੇਰਾਵਾਦ ਨੂੰ ਵਧਾਇਆ ਜਾਵੇ।

ਡਾ. ਰਛਪਾਲ ਸਿੰਘ ਬਾਜਵਾ ਨੇ ਸੁਝਾਅ ਦਿੱਤਾ ਕਿ ਜਿਨ੍ਹੇ ਗੁਰੂਘਰ ਸੇਵਾ ਕਰਨੀ ਹੈ, ਉਹ ਸਿਸਟਮ ਜਾਂ ਕਾਇਦੇ-ਕਾਨੂੰਨ ਬਾਰੇ ਜਾਣੂ ਹੋਣਾ ਚਾਹੀਦਾ ਹੈ। ਸ਼ਿਕਾਗੋ ਦੀ ਸੰਗਤ ਵੱਖ-ਵੱਖ ਤਰ੍ਹਾਂ ਦੀ ਹੈ, ਕਿਉਂਕਿ ਗੁਰੂਘਰ ਦਾ ਕੰਮ ਸਾਂਝਾ ਹੁੰਦਾ ਹੈ, ਇਸ ਵਿੱਚ ਬਹੁਤੀ ਸਖਤਾਈ ਚੰਗਾ ਰੁਝਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਮੇਟੀਆਂ ਬਣਦੀਆਂ ਸਨ ਕੰਮ ਨੂੰ ਸੁਖਾਲਾ ਕਰਨ ਲਈ, ਪਰ ਰੋਡ ਬਲੌਕ (ਅੜਿੱਕੇ) ਲਾਉਣਾ ਠੀਕ ਨਹੀਂ। ਡਾ. ਬਾਜਵਾ ਨੇ ਮੌਜੂਦਾ ਪ੍ਰਬੰਧਕ ਕਮੇਟੀ 'ਤੇ ਤਨਜ਼ ਕੱਸੀ ਕਿ ਜਦੋਂ ਕਮੇਟੀ ਨੂੰ ਕਿਸੇ ਸੁਝਾਅ ਵਾਸਤੇ ਗੱਲ ਕਰਦੇ ਹਾਂ, ਉਹਦੇ 'ਤੇ ਅਸਰ ਨਹੀਂ ਕਰਦੇ। ਇੱਥੋਂ ਤੱਕ ਕਿ ਕੁਝ ਮੈਂਬਰ ਤਾਂ ਸਾਹਮਣੇ ਵਾਲੇ ਦਾ ਸਤਿਕਾਰ ਵੀ ਭੁੱਲ ਜਾਂਦੇ ਹਨ। ਉਨ੍ਹਾਂ ਗੁਰੂਘਰ ਵਿੱਚ ਵਧ ਰਹੇ ਪਰਿਵਾਰਵਾਦ ਉਤੇ ਵੀ ਵਿਅੰਗ ਕੱਸਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਪਹਿਲਾਂ (ਸ਼ੁਰੂ ਸ਼ੁਰੂ ਵਿੱਚ) ਗੁਰੂਘਰ ਸੇਵਾ ਨਿਭਾਈ, ਉਨ੍ਹਾਂ ਦੀ ਗੁਰਦੁਆਰੇ ਵਿੱਚ ਕੋਈ ਪੁੱਛ-ਪ੍ਰਤੀਤ ਨਹੀਂ ਰਹਿ ਗਈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਕੋਈ ਗੁਰੂਘਰ ਭਾਵੇਂ ਇੱਕ ਦਿਨ ਹੀ ਜਾਂਦਾ ਹੈ, ਉਹ ਵੀ ਸਾਡੇ ਭਾਈਚਾਰੇ ਲਈ ਅਹਿਮ ਹੈ।

ਕੁਲਵੰਤ ਸਿੰਘ ਹੁੰਦਲ ਨੇ ਕਿਹਾ ਕਿ ਜਦੋਂ ਦਾ ਮੈਂ ਗੁਰਦੁਆਰਾ ਸਾਹਿਬ ਨਾਲ ਜੁੜਿਆ ਹਾਂ, ਇਹ ਇਲੈਕਸ਼ਨਾਂ ਦਾ ਕੈਂਸਰ ਸਾਡੇ ਤੋਂ ਮਿਟਾਅ ਨਹੀਂ ਹੋਇਆ, ਜਿਸ ਕਾਰਨ ਪਰਿਵਾਰਾਂ ਦੇ ਪਰਿਵਾਰ ਇੱਕ ਦੂਜੇ ਨਾਲ ਤਿਊੜੀ ਵੱਟ ਕੇ ਮਿਲਦੇ ਹਨ। ਉਨ੍ਹਾਂ ਕਿਹਾ ਕਿ ਸਾਡਾ ਬੁੱਧੀਜੀਵੀ ਵਰਗ ਪਿੱਛੇ ਰਹਿ ਜਾਂਦਾ ਹੈ, ਜਦਕਿ ਹੂੜਮੱਤੀਏ ਗੁਰਦੁਆਰੇ ਵਿੱਚ ਘੜੱਮ ਚੌਧਰੀ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰੇ, ਜਿੱਥੇ ਭਾਈਚਾਰੇ ਵਿੱਚ ਸਾਂਝ ਵਧਾਉਣੀ ਸੀ, ਪਰ ਇੱਥੇ ਅਸੀਂ ਹੋਰ ਹੀ ਬਲਾਵਾਂ ਲੈ ਕੇ ਗਲ਼ ਵਿੱਚ ਪਾਈ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਜੇ ਇਲੈਕਸ਼ਨ ਹੁੰਦੀ ਹੈ ਤਾਂ ਸਾਨੂੰ ਦਿਆਨਤਦਾਰੀ ਦੇ ਨਾਲ ਅੱਗੇ ਵਧਣਾ ਚਾਹੀਦਾ ਹੈ।

ਕਾਰਸੇਵਾ ਜਥੇ ਦੇ ਇੱਕ ਮੈਂਬਰ ਓਂਕਾਰ ਸਿੰਘ ਢਿੱਲੋਂ ਨੇ ਕਿਹਾ ਕਿ ਨਾਮ ਤਾਂ ਹੈ ਸਿੱਖ ਰਿਲੀਜੀਅਸ ਸੁਸਾਇਟੀ, ਪਰ ਜੋ ਮੌਜੂਦਾ ਪ੍ਰਬੰਧਕ ਕਮੇਟੀ ਹੈ, ਇਹ ਧਰਮ ਦੀ ਗੱਲ ਨੂੰ ਪਿੱਛੇ ਕਰ ਰਹੀ ਹੈ। ਉਨ੍ਹਾਂ ਨਾਮਜ਼ਦਗੀਆਂ ਵਾਪਸ ਲੈਣ ਸਮੇਂ ਪੰਥਕ ਸਲੇਟ ਵੱਲੋਂ ਜਿੱਤ ਯਕੀਨੀ ਬਣਾਉਣ ਲਈ ਕਥਿਤ ਤੌਰ 'ਤੇ ਧਾਂਦਲੀ ਕੀਤੇ ਜਾਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਗੁਰੂਘਰ ਵਿੱਚ ਸੱਚ ਦੀ ਗੱਲ ਨਾਲੋਂ 'ਮੈਂ' ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾ ਰਹੀ ਹੈ। ਬਲਬੀਰ ਸਿੰਘ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੇਲੇ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਤਿੰਨ ਹਜ਼ਾਰ ਤੋਂ ਵੀ ਵੱਧ ਸੀ, ਜਦਕਿ ਹੁਣ ਅੱਧੀ ਰਹਿ ਗਈ ਹੈ। ਸੰਗਤ ਵਧੀ ਹੈ, ਪਰ ਮੈਂਬਰਸ਼ਿਪ ਘਟੀ ਹੈ। ਕਿਤੇ ਕੋਈ ਗੈਪ (ਖੱਪਾ) ਹੈ, ਜਿਸ ਨੂੰ ਭਰਨ ਦੀ ਲੋੜ ਹੈ; ਜੇ ਅਸੀਂ ਆਪਣਾ ਵਿਰਸਾ ਸਾਂਭਣਾ ਹੈ। ਗੁਰਮੀਤ ਸਿੰਘ ਬੈਂਸ ਨੇ ਕਿਹਾ ਕਿ ਜੇ ਅਸੀਂ ਆਪਣੇ ਉਮੀਦਵਾਰ- ਸਤਨਾਮ ਸਿੰਘ ਗਿੱਲ, ਤਰਲੋਚਨ ਸਿੰਘ, ਸਵਰਨਜੀਤ ਸਿੰਘ ਤੇ ਸੁਰਿੰਦਰ ਕੌਰ ਸੰਘਾ ਕਾਮਯਾਬ ਬਣਾ ਲਏ ਤਾਂ ਅਗਲੀ ਵਾਰ ਚੋਣਾਂ ਦੀ ਥਾਂ ਸਹਿਮਤੀ ਦੀ ਸੰਭਾਵਨਾ ਬਣ ਜਾਵੇਗੀ। ਜੇ ਅਸੀਂ ਆਪਣੇ-ਆਪਣੇ ਪਰਿਵਾਰ ਸਾਂਭ ਲਏ ਤਾਂ ਆਪਣੇ ਉਮੀਦਵਾਰ ਜਿੱਤ ਜਾਣਗੇ। ਉਨ੍ਹਾਂ ਨੇ ਵਿੱਤੀ ਮਦਦ ਵਜੋਂ ਪੰਜ ਸੌ ਡਾਲਰ ਦੇਣ ਦਾ ਐਲਾਨ ਕੀਤਾ।

ਰਘਵਿੰਦਰ ਸਿੰਘ ਮਾਹਲ ਨੇ ਕਿਹਾ ਕਿ ਹੁਣ ਵਾਲੀ ਪ੍ਰਬੰਧਕ ਕਮੇਟੀ ਬਹੁਤ ਜ਼ਿਆਦਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵੋਟਾਂ ਵਾਲੀ ਲਿਸਟ ਸਾਡੇ ਉਮੀਦਵਾਰਾਂ ਨੂੰ ਦੇਣ ਤੋਂ ਟਾਲਾ ਵੱਟਿਆ ਗਿਆ, ਜਦਕਿ ਪਹਿਲਾਂ ਅਜਿਹਾ ਕਦੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਚੋਣ ਕਮੇਟੀ ਵੱਲੋਂ ਇਲੈਕਸ਼ਨ/ਸਿਲੈਕਸ਼ਨ ਸਬੰਧੀ ਉਮੀਦਵਾਰਾਂ ਦੀ 8 ਮਾਰਚ ਨੂੰ ਇੱਕ ਮੀਟਿੰਗ ਰੱਖੀ ਗਈ ਸੀ, ਪਰ ਉਸ ਤੋਂ ਪਹਿਲਾਂ ਹੀ ਦੂਜੀ ਧਿਰ ਵੱਲੋਂ ਚੋਣ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇਸ ਮੌਕੇ ਵਕੀਲ ਹਰਲੀਨ ਕੌਰ ਨੇ ਇਲੈਕਸ਼ਨ/ਸਿਲੈਕਸ਼ਨ ਸਬੰਧੀ ਕੁਝ ਸਵਾਲ ਕੀਤੇ, ਜਿਨ੍ਹਾਂ ਬਾਰੇ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਨੇ ਚਾਨਣਾ ਪਾਇਆ।

ਡਾ. ਪਰਦੀਪ ਸਿੰਘ ਗਿੱਲ ਨੇ ਵਿਚਾਰ ਰੱਖਿਆ ਕਿ ਜਿਹੜੇ ਬੱਚੇ ਅੰਗਰੇਜ਼ੀ ਵਿੱਚ ਪੜ੍ਹ ਰਹੇ ਹਨ, ਉਨ੍ਹਾਂ ਨੂੰ ਗੁਰਦੁਆਰੇ ਵਿੱਚ ਕੁਝ ਸਮਝ ਨਹੀਂ ਆਉਂਦਾ; ਕਿਉਂਕਿ ਗੁਰਦੁਆਰੇ ਵਿੱਚ ਜਿਹੜੇ ਕਥਾਕਾਰ ਆਉਂਦੇ ਹਨ, ਉਹ ਅੰਗਰੇਜ਼ੀ ਵਿੱਚ ਪਰਪੱਕ ਨਹੀਂ ਹਨ। ਇਸ ਦਾ ਹੱਲ ਹੈ ਕਿ ਗੁਰੂਘਰ ਵਿੱਚ ਪੜ੍ਹੇ-ਲਿਖੇ ਤੇ ਸਿੱਖਿਅਤ ਕਥਾਕਾਰ ਬੁਲਾਉਣੇ ਚਾਹੀਦੇ ਹਨ। ਉਨ੍ਹਾਂ ਸਰਵਣ ਸਿੰਘ ਬੋਲੀਨਾ ਦਾ ਸੁਨੇਹਾ ਵੀ ਸਾਂਝਾ ਕੀਤਾ ਕਿ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਤੋਂ ਬਾਹਰ ਜਿਹੜੇ ਕੰਮ ਕੀਤੇ ਜਾਂਦੇ ਹਨ, ਉਨ੍ਹਾਂ ਦੀ ਜਾਣਕਾਰੀ ਸੰਗਤ ਨੂੰ ਦੇਣੀ ਚਾਹੀਦੀ ਹੈ। ਡਾ. ਗਿੱਲ ਨੇ ਕਿਹਾ ਕਿ ਇਲੀਨਾਇ ਸਟੇਟ ਵਿੱਚ ਅਪਰੈਲ ਮਹੀਨਾ ਸਿੱਖ ਅਵੇਅਰਨੈਸ ਐਪਰੀਸੀਏਸ਼ਨ ਮੰਥ ਦੇ ਤੌਰ 'ਤੇ ਮਾਨਤਾ ਪ੍ਰਾਪਤ ਹੈ। ਇਸ ਸਬੰਧੀ ਵੀ ਸੰਗਤ ਨੂੰ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਭਾਈਚਾਰਕ ਪਹਿਚਾਣ ਦੇ ਮੱਦੇਨਜ਼ਰ ਜ਼ਰੂਰੀ ਹੈ।

ਅਮਰਦੇਵ ਸਿੰਘ ਬੰਦੇਸ਼ਾ ਨੇ ਗੁਰਦੁਆਰਾ ਸੰਵਿਧਾਨ ਵਿੱਚ ਸੋਧ ਦੇ ਹਵਾਲੇ ਨਾਲ ਕਿਹਾ ਕਿ ਦੂਜੀ ਧਿਰ ਗੁਰਦੁਆਰੇ ਵਿੱਚ ਕੱਟੜਵਾਦ ਨੂੰ ਉਤਸ਼ਾਹਿਤ ਕਰ ਰਹੀ ਹੈ, ਜਦਕਿ ਸੰਵਿਧਾਨ ਸਾਰੇ ਸਮਾਜ ਨੂੰ ਇਕੱਠਾ ਰੱਖਣ ਦੇ ਨਜ਼ਰੀਏ ਤੋਂ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮੈਂਬਰਸ਼ਿਪ ਕਿਸੇ ਵੀ ਸੰਸਥਾ ਲਈ ਅਹਿਮ ਹੈ; ਇਸ ਨਾਲ ਇੱਕ ਪੱਕੀ ਆਮਦਨ ਗੁਰਦੁਆਰਾ ਸਾਹਿਬ ਨੂੰ ਆਉਂਦੀ ਹੈ। ਦੂਜੀ ਗੱਲ,



ਸੰਗਤ ਦੀ ਇੱਕ ਧਿਰ ਵੱਲੋਂ ਕੀਤੀ ਗਈ ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਉਮੀਦਵਾਰ ਤੇ ਵੱਖ-ਵੱਖ ਬੁਲਾਰੇ

⇒ ਬਾਕੀ ਸਫਾ 13 ਉਤੇ ਪੜ੍ਹੋ

# ਏਸ਼ੀਅਨ ਅਮੈਰਿਕਨ ਕੋਲੀਸ਼ਨ ਵੱਲੋਂ 43ਵੇਂ ਸਾਲਾਨਾ ਲੂਨਰ ਯੀਅਰ ਦੇ ਜਸ਼ਨ

**ਸ਼ਿਕਾਗੋ:** ਏਸ਼ੀਅਨ ਅਮੈਰਿਕਨ ਕੋਲੀਸ਼ਨ ਆਫ਼ ਸ਼ਿਕਾਗੋ (ਏ.ਏ.ਸੀ.ਸੀ.) ਨੇ ਲੰਘੇ ਦਿਨੀਂ ਮੈਰੀਅਟ ਮਾਰਕੁਇਸ ਸ਼ਿਕਾਗੋ ਵਿਖੇ ਆਪਣੇ 43ਵੇਂ ਸਾਲਾਨਾ ਚੰਦਰ ਨਵੇਂ ਸਾਲ (ਲੂਨਰ ਯੀਅਰ) ਦੇ ਜਸ਼ਨ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ 12 ਵੱਖ-ਵੱਖ ਦੇਸ਼ਾਂ ਦੇ ਹਜ਼ਾਰ ਤੋਂ ਵੱਧ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਹਾਜ਼ਰੀਨ ਵਿੱਚ ਕਮਿਊਨਿਟੀ ਆਗੂ, ਕਾਰੋਬਾਰੀ ਕਾਰਜਕਾਰੀ, ਚੁਣੇ ਹੋਏ ਅਧਿਕਾਰੀ, ਜੱਜ, ਕਲਾਕਾਰ ਅਤੇ ਸ਼ਿਕਾਗੋ ਦੇ ਵਿਭਿੰਨ ਏਸ਼ੀਆਈ ਅਮਰੀਕੀ ਭਾਈਚਾਰਿਆਂ ਦੇ ਮੈਂਬਰ ਸ਼ਾਮਲ ਸਨ। ਇਸ ਸਮਾਗਮ ਨੂੰ ਇਲੀਨਾਇ ਰਾਜ ਦੇ ਸਭ ਤੋਂ ਵੱਡੇ ਚੰਦਰ ਨਵੇਂ ਸਾਲ ਦੇ ਜਸ਼ਨ ਵਜੋਂ ਮਾਨਤਾ ਪ੍ਰਾਪਤ ਹੈ।

ਇਸ ਸ਼ਾਮ ਦੇ ਜਸ਼ਨ ਦੌਰਾਨ ਇੱਕ ਵੀ.ਆਈ.ਪੀ. ਰਿਸੈਪਸ਼ਨ, ਰਾਜਨੀਤਿਕ ਉਮੀਦਵਾਰਾਂ ਦਾ ਫੋਰਮ, ਚੁਣੇ ਹੋਏ ਅਧਿਕਾਰੀ, ਨੈੱਟਵਰਕਿੰਗ, ਸੱਭਿਆਚਾਰਕ ਪ੍ਰਦਰਸ਼ਨ, ਰਵਾਇਤੀ ਸ਼ੇਰ ਡਾਂਸ, ਸਨਮਾਨ ਪੁਰਸਕਾਰ ਅਤੇ ਰਾਤ ਦਾ ਸੁਆਦੀ ਖਾਣਾ ਸ਼ਾਮਲ ਸੀ। ਸ਼ਿਕਾਗੋ ਦੇ ਸਾਬਕਾ ਪ੍ਰਸਾਰਕ ਨੈਨਸੀ ਲੂ ਅਤੇ ਐਨ.ਬੀ.ਸੀ. ਪੱਤਰਕਾਰ ਬ੍ਰਾਇਨ ਚਿਊਂਗ ਨੇ ਐਮ.ਸੀ. ਵਜੋਂ ਸੇਵਾ ਨਿਭਾਈ। ਇਹ ਜਸ਼ਨ ਖੇਤਰ ਦੇ ਏਸ਼ੀਆਈ ਅਮਰੀਕੀ ਭਾਈਚਾਰਿਆਂ ਵਿੱਚ ਲੀਡਰਸ਼ਿਪ, ਸੇਵਾ ਅਤੇ ਸੱਭਿਆਚਾਰਕ ਉੱਤਮਤਾ ਦਾ ਸਨਮਾਨ ਕਰਨ ਲਈ ਏ.ਏ.ਸੀ.ਸੀ. ਦੀ ਚਾਰ ਦਹਾਕਿਆਂ ਤੋਂ ਵੱਧ ਵਚਨਬੱਧਤਾ ਨੂੰ ਦਰਸਾਉਂਦਾ ਹੈ।









ਹਰ ਸਾਲ ਏ.ਏ.ਸੀ.ਸੀ. ਦੇ ਦਸ ਮੈਂਬਰ ਭਾਈਚਾਰਿਆਂ ਵਿੱਚੋਂ ਇੱਕ ਮੇਜ਼ਬਾਨ ਵਜੋਂ ਸੇਵਾ ਕਰਦਾ ਹੈ। 2026 ਵਿੱਚ ਸ਼ਿਕਾਗੋ ਦੇ ਚੀਨੀ ਭਾਈਚਾਰੇ ਨੇ ਜਸ਼ਨ ਦੀ ਅਗਵਾਈ ਕੀਤੀ, ਆਪਣੀ ਸੱਭਿਆਚਾਰਕ ਵਿਰਾਸਤ ਨੂੰ ਉਜਾਗਰ ਕੀਤਾ ਅਤੇ ਘੋੜੇ ਦੇ ਸਾਲ ਦਾ ਸਵਾਗਤ ਕੀਤਾ, ਜੋ ਤਾਕਤ, ਲਚਕੀਲਾਪਣ ਅਤੇ ਗਤੀ ਨੂੰ ਦਰਸਾਉਂਦਾ ਹੈ।

ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.), ਜੋ ਕਿ ਏ.ਏ.ਸੀ.ਸੀ. ਸਮਾਗਮਾਂ ਵਿੱਚ ਲੰਬੇ ਸਮੇਂ ਤੋਂ ਭਾਗੀਦਾਰ ਹੈ, ਨੇ ਚਾਰ ਦਹਾਕਿਆਂ ਤੋਂ ਇਸ ਜਸ਼ਨ ਦਾ ਸਮਰਥਨ ਕੀਤਾ ਹੈ ਅਤੇ 2020 ਵਿੱਚ ਇਸ ਸਮਾਗਮ ਦੀ ਮੇਜ਼ਬਾਨੀ ਕੀਤੀ ਸੀ। ਇਸ ਮੌਕੇ ਪੀ.ਸੀ.ਐਸ. ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਬੋਰਡ ਆਫ਼ ਗਵਰਨਰ ਅਪਿੰਦਰ (ਵਿੱਕ) ਸਿੰਘ ਨੂੰ 'ਇੰਡੀਅਨ ਐਕਸੈਂਪਲਰੀ ਕਮਿਊਨਿਟੀ ਸਰਵਿਸ ਅਵਾਰਡ' ਪ੍ਰਦਾਨ ਕੀਤਾ ਗਿਆ।

ਦਸ ਵਿਅਕਤੀਆਂ- ਹਰੇਕ ਮੈਂਬਰ ਭਾਈਚਾਰੇ ਵਿੱਚੋਂ ਇੱਕ ਨੂੰ ਏਸ਼ੀਆਈ ਅਮਰੀਕੀ ਭਾਈਚਾਰੇ ਪ੍ਰਤੀ ਉਨ੍ਹਾਂ ਦੇ ਜੀਵਨ ਭਰ ਦੇ ਸਮਰਪਣ ਅਤੇ ਪ੍ਰਭਾਵ ਲਈ ਮਿਸਾਲੀ ਕਮਿਊਨਿਟੀ ਸੇਵਾ ਪੁਰਸਕਾਰ ਜੇਤੂ ਵਜੋਂ ਮਾਨਤਾ ਦਿੱਤੀ ਗਈ। ਯੂਥ ਹੂ ਐਕਸਲ ਅਵਾਰਡਸ ਨੇ ਉੱਭਰ ਰਹੇ ਨੇਤਾਵਾਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਵਿੱਚ 2026 ਇੰਡੀਅਨ ਕਮਿਊਨਿਟੀ ਯੂਥ ਹੂ ਐਕਸਲ ਅਵਾਰਡ ਦੀ ਪ੍ਰਾਪਤਕਰਤਾ ਅਵਾ ਕੌਰ ਸਿਲਵਰਸਟਾਈਨ ਸ਼ਾਮਲ ਹੈ।

ਪ੍ਰੋਗਰਾਮ ਸ਼ਾਮ 4:30 ਵਜੇ ਇੱਕ ਵੀ.ਆਈ.ਪੀ. ਰਿਸੈਪਸ਼ਨ ਅਤੇ ਉਮੀਦਵਾਰ ਫੋਰਮ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਰਾਤ ਦੇ ਖਾਣੇ ਅਤੇ ਲਾਈਵ ਮਨੋਰੰਜਨ ਦਾ ਆਯੋਜਨ ਕੀਤਾ ਗਿਆ। ਮਹਿਮਾਨਾਂ ਨੇ ਸੱਭਿਆਚਾਰਕ ਪ੍ਰਦਰਸ਼ਨਾਂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਜਾਦੂਗਰ ਸ਼ਿਨ ਲਿਮ, ਅਮੈਰਿਕਾ'ਜ਼ ਗੌਟ ਟੈਲੇਂਟ ਦੇ ਜੇਤੂ ਦੁਆਰਾ ਇੱਕ ਵਿਸ਼ੇਸ਼ ਪੇਸ਼ਕਾਰੀ ਦਾ ਆਨੰਦ ਮਾਣਿਆ।

ਯੂ.ਐਸ. ਸੈਨੇਟਰ ਟੈਮੀ ਡਕਵਰਥ, ਇਲੀਨਾਇ ਸਟੇਟ ਟ੍ਰੇਜ਼ਰਰ ਮਾਈਕਲ ਫਰੈਰਿਚਸ ਅਤੇ ਸ਼ਿਕਾਗੋ ਸਿਟੀ ਦੇ ਮੇਅਰ ਬ੍ਰੈਂਡਨ ਜੌਹਨਸਨ ਨੇ ਮੁੱਖ ਸਟੇਜ 'ਤੇ ਭਾਸ਼ਣ ਦਿੱਤਾ ਤੇ ਏਸ਼ੀਆਈ ਅਮਰੀਕੀ ਭਾਈਚਾਰਿਆਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਵਧਾਈ ਦਿੱਤੀ। ਸ਼ਿਕਾਗੋ ਵਿੱਚ ਭਾਰਤ ਦੇ ਡਿਪਟੀ ਕੌਂਸਲ ਜਨਰਲ ਕ੍ਰਿਤੀ ਦਾਸ ਥੋਕਚੋਮ ਨੇ ਭਾਰਤੀ ਕੌਂਸਲੇਟ ਦੀ ਨੁਮਾਇੰਦਗੀ ਕੀਤੀ।

ਇਸ ਸਾਲ ਦਾ ਥੀਮ "ਏਸ਼ੀਅਨ+ਅਮੈਰਿਕਨ" ਸੰਯੁਕਤ ਰਾਜ ਅਮਰੀਕਾ ਦੀ 250ਵੀਂ ਵਰ੍ਹੇਗੰਢ ਨੂੰ ਯਾਦ ਕਰਦਾ ਹੈ ਤੇ ਦੇਸ਼ ਦੇ ਇਤਿਹਾਸ ਤੇ ਭਵਿੱਖ ਵਿੱਚ ਏਸ਼ੀਆਈ ਅਮਰੀਕੀਆਂ ਦੇ ਅਹਿਮ ਯੋਗਦਾਨ ਦਾ ਜਸ਼ਨ ਮਨਾਉਂਦਾ ਹੈ। ਇਲੀਨਾਇ ਦੇ ਸਭ ਤੋਂ ਪੁਰਾਣੇ ਤੇ ਵੱਡੇ ਪੈਨ-ਏਸ਼ੀਅਨ ਅਮਰੀਕੀ ਸੰਗਠਨ ਦੇ ਰੂਪ ਵਿੱਚ ਏ.ਏ.ਸੀ.ਸੀ. ਵਕਾਲਤ, ਮਾਨਤਾ ਅਤੇ ਭਾਈਚਾਰਕ ਸ਼ਮੂਲੀਅਤ ਲਈ ਇੱਕ ਏਕੀਕ੍ਰਿਤ ਪਲੈਟਫਾਰਮ ਵਜੋਂ ਕੰਮ ਕਰਨਾ ਜਾਰੀ ਰੱਖਦਾ ਹੈ।

ਸ਼ਾਮ ਨੂੰ ਏ.ਏ.ਸੀ.ਸੀ. ਦੇ ਸਰਵਉੱਚ ਸਨਮਾਨਾਂ ਦੀ ਪੇਸ਼ਕਾਰੀ ਸ਼ਾਮਲ ਸੀ। ਪੈਨ ਏਸ਼ੀਅਨ ਅਮੈਰਿਕਨ ਪਿੰਗ ਟੌਮ ਮੈਮੋਰੀਅਲ ਅਵਾਰਡ ਡਾ. ਮਨਜੀਤ ਸਿੰਘ ਚਾਵਲਾ ਨੂੰ ਉਨ੍ਹਾਂ ਦੇ ਮੈਡੀਸਨ ਅਤੇ ਪਰਉਪਕਾਰ ਵਿੱਚ ਸ਼ਾਨਦਾਰ ਕਰੀਅਰ ਲਈ ਪੇਸ਼ ਕੀਤਾ ਗਿਆ। ਗ੍ਰੈਂਡ ਏਸ਼ੀਅਨ ਅਮੈਰਿਕਨ ਸੈਂਡਰਾ ਓਟਾਕਾ ਮੈਮੋਰੀਅਲ ਅਵਾਰਡ "ਇਲੀਨਾਇ ਕੋਲੀਸ਼ਨ ਫਾਰ ਇਮੀਗ੍ਰੈਂਟ ਐਂਡ ਰਿਫਿਊਜੀ ਰਾਈਟਸ" ਸੰਗਠਨ ਨੂੰ ਇਲੀਨਾਇ ਵਿੱਚ ਪਰਵਾਸੀ ਅਤੇ ਸ਼ਰਨਾਰਥੀ ਅਧਿਕਾਰਾਂ ਨੂੰ ਅੱਗੇ ਵਧਾਉਣ ਵਿੱਚ ਲੰਬੇ ਸਮੇਂ ਤੋਂ ਅਗਵਾਈ ਕਰਨ ਲਈ ਦਿੱਤਾ ਗਿਆ।

ਇਹ ਸਮਾਗਮ ਸਹਿ-ਚੇਅਰਪਰਸਨ ਐਨ. ਸ਼ਾਅ ਅਤੇ ਡਾ. ਕੈਰਨ ਇੰਗ, ਡੈਰਿਲ ਟੌਮ ਅਤੇ ਗ੍ਰੇਸ ਮੈਕਕਿਬੇਨ, ਏ.ਏ.ਸੀ.ਸੀ. ਬੋਰਡ ਮੈਂਬਰਾਂ ਦੇ ਨਾਲ ਦਰਜਨਾਂ ਵਾਲੰਟੀਅਰਾਂ, ਪ੍ਰਦਰਸ਼ਨਕਾਰਾਂ ਅਤੇ ਟੈਕਨੀਸ਼ੀਅਨਾਂ ਦੁਆਰਾ ਕਈ ਸਪਾਂਸਰਾਂ ਦੇ ਸਮਰਥਨ ਨਾਲ ਆਯੋਜਿਤ ਕੀਤਾ ਗਿਆ ਸੀ। 43ਵਾਂ ਸਾਲਾਨਾ ਚੰਦਰ ਨਵੇਂ ਸਾਲ ਦਾ ਜਸ਼ਨ ਏ.ਏ.ਸੀ.ਸੀ. ਦੇ ਏਕਤਾ ਨੂੰ ਉਤਸ਼ਾਹਿਤ ਕਰਨ, ਵਿਭਿੰਨਤਾ ਦਾ ਜਸ਼ਨ ਮਨਾਉਣ ਅਤੇ ਸ਼ਿਕਾਗੋ ਦੇ ਏਸ਼ੀਆਈ ਅਮਰੀਕੀ ਭਾਈਚਾਰਿਆਂ ਨੂੰ ਜੋੜਨ ਵਾਲੇ ਬੰਧਨਾਂ ਨੂੰ ਮਜਬੂਤ ਕਰਨ ਦੇ ਸਥਾਈ ਮਿਸ਼ਨ ਨੂੰ ਦਰਸਾਉਂਦਾ ਹੈ।

## ਅਪਿੰਦਰ (ਵਿਕ) ਸਿੰਘ ਨੂੰ 'ਮਿਸਾਲੀ ਅਮਰੀਕੀ ਏਸ਼ੀਅਨ ਕਮਿਊਨਿਟੀ ਸੇਵਾ ਪੁਰਸਕਾਰ'

ਪੀ.ਸੀ.ਐਸ. ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਬੋਰਡ ਆਫ਼ ਗਵਰਨਰ; ਸਰਟੀਫਾਈਡ ਇਲੀਨਾਇ ਅਸੈਸਿੰਗ ਅਫਸਰ ਅਤੇ ਲੇਕ ਕਾਉਂਟੀ ਲਈ ਸਥਾਈ ਬੋਰਡ ਆਫ਼ ਰਿਵਿਊ ਮੈਂਬਰ ਅਪਿੰਦਰ (ਵਿਕ) ਸਿੰਘ ਨੂੰ ਉਨ੍ਹਾਂ ਦੀ ਇਮਾਨਦਾਰੀ, ਲੀਡਰਸ਼ਿਪ ਅਤੇ ਦਹਾਕਿਆਂ ਦੀ ਜਨਤਕ ਸੇਵਾ ਦੇ ਸਨਮਾਨ ਵਿੱਚ 'ਇੰਡੀਅਨ ਐਕਸੈਂਪਲਰੀ ਕਮਿਊਨਿਟੀ ਸਰਵਿਸ ਅਵਾਰਡ' ਪ੍ਰਦਾਨ ਕੀਤਾ ਗਿਆ।



ਵਿੱਕ ਸਿੰਘ (ਵਿਚਕਾਰ) ਪੀ.ਸੀ.ਐਸ. ਦੇ ਸਾਬਕਾ ਚੇਅਰਮੈਨ ਨਿੱਕ ਬਲਵਿੰਦਰ ਸਿੰਘ (ਸੱਜੇ) ਅਤੇ ਬੋਰਡ ਆਫ ਗਵਰਨਰ ਰਾਜਿੰਦਰ ਸਿੰਘ ਮਾਗੋ (ਖੱਬੇ) ਨਾਲ

ਵਿੱਕ ਸਿੰਘ ਨੇ 'ਰੀਮੈਕਸ' ਨਾਲ 25 ਸਾਲ ਤੋਂ ਵੱਧ ਸਮਾਂ ਬਿਤਾਇਆ, ਜਿੱਥੇ ਉਹ ਲਗਾਤਾਰ ਕੰਪਨੀ ਦੇ ਚੋਟੀ ਦੇ ਪ੍ਰਦਰਸ਼ਨ ਕਰਨ ਵਾਲਿਆਂ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਵੱਕਾਰੀ ਸਨਮਾਨ ਪ੍ਰਾਪਤ ਕੀਤੇ, ਜਿਸ ਵਿੱਚ 'ਰੀਮੈਕਸ 100% ਕਲੱਬ' ਅਤੇ 'ਰੀਮੈਕਸ ਹਾਲ ਆਫ਼ ਫੇਮ' ਵਿੱਚ ਸ਼ਾਮਲ ਹੋਣਾ ਸ਼ਾਮਲ ਹੈ। ਦੇਸ਼ ਭਰ ਦੇ ਰੀਐਲਟਰਾਂ ਦੇ ਸਿਖਰਲੇ 1% ਨੇ ਵਿੱਕ ਸਿੰਘ ਨੂੰ ਉਨ੍ਹਾਂ ਦੇ ਬੇਮਿਸਾਲ ਉਤਪਾਦਨ ਅਤੇ ਕਲਾਇੰਟ ਸੇਵਾ ਲਈ ਮਾਨਤਾ ਦਿੱਤੀ। ਉਨ੍ਹਾਂ ਨੇ ਸੀ.ਆਰ.ਐੱਸ. (ਸਰਟੀਫਾਈਡ ਰੈਜ਼ੀਡੈਂਸ਼ੀਅਲ ਸਪੈਸ਼ਲਿਸਟ) ਅਹੁਦਾ ਵੀ ਪ੍ਰਾਪਤ ਕੀਤਾ। ਇਹ ਇੱਕ ਉੱਚ ਪ੍ਰਮਾਣ ਪੱਤਰ ਹੈ, ਜੋ ਸੰਯੁਕਤ ਰਾਜ ਵਿੱਚ ਸਿਰਫ 3% ਰੀਐਲਟਰਾਂ ਦੁਆਰਾ ਰੱਖਿਆ ਜਾਂਦਾ ਹੈ, ਜਿਸ ਲਈ ਉੱਨਤ ਸਿੱਖਿਆ, ਵਿਆਪਕ ਅਨੁਭਵ ਅਤੇ ਸਫਲਤਾ ਦੇ ਇੱਕ ਪ੍ਰਮਾਣਿਤ ਰਿਕਾਰਡ ਦੀ ਲੋੜ ਹੁੰਦੀ ਹੈ। ਵਿੱਕ ਸਿੰਘ ਨੇ 2011 ਤੋਂ ਬੋਰਡ ਆਫ਼ ਰਿਵਿਊ ਦੇ ਮੈਂਬਰ ਵਜੋਂ ਲੇਕ ਕਾਉਂਟੀ ਚੀਫ਼ ਅਸੈਸਮੈਂਟ ਆਫਿਸ ਨਾਲ ਸੇਵਾ ਨਿਭਾਈ ਹੈ।

2024 ਵਿੱਚ ਉਨ੍ਹਾਂ ਨੂੰ ਲੇਕ ਕਾਉਂਟੀ ਬੋਰਡ ਦੁਆਰਾ ਇੱਕ ਸਥਾਈ ਬੋਰਡ ਆਫ਼ ਏ ਰਿਵਿਊ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਸੀ। ਹਰੇਕ ਕਾਉਂਟੀ ਵਿੱਚ ਸਿਰਫ਼ ਦੋ ਬੋਰਡ ਆਫ਼ ਰਿਵਿਊ ਮੈਂਬਰ ਹੁੰਦੇ ਹਨ, ਜਿਨ੍ਹਾਂ ਦੀਆਂ ਮੁੱਖ ਜ਼ਿੰਮੇਵਾਰੀਆਂ ਵਿੱਚ ਜਾਇਦਾਦ ਦੇ ਮੁਲੰਕਣਾਂ ਨੂੰ ਐਡਜਸਟ ਕਰਨਾ, ਯੋਗ ਛੋਟਾਂ ਦੇਣਾ ਅਤੇ ਕਾਉਂਟੀ ਦੇ ਅੰਦਰ ਸਾਰੇ ਪਾਰਸਲਾਂ ਲਈ ਸੁਣਵਾਈਆਂ ਕਰਨਾ ਸ਼ਾਮਲ ਹੈ। ਵਿੱਕ ਸਿੰਘ ਨੇ ਹਾਲ ਹੀ ਵਿੱਚ ਪ੍ਰਮਾਣਿਤ ਇਲੀਨਾਇ ਮੁਲੰਕਣ ਅਧਿਕਾਰੀ (ਸੀ.ਆਈ.ਏ.ਓ.) ਦਾ ਅਹੁਦਾ ਪ੍ਰਾਪਤ ਕੀਤਾ ਹੈ, ਜਿਸ ਨਾਲ ਜਾਇਦਾਦ ਦੇ ਮੁਲੰਕਣ ਅਤੇ ਮੁਲੰਕਣ ਵਿੱਚ ਆਪਣੀ ਮੁਹਾਰਤ ਦਾ ਹੋਰ ਪ੍ਰਦਰਸ਼ਨ ਕੀਤਾ ਗਿਆ ਹੈ। ਵਿੱਕ ਸਿੰਘ ਕਈ ਗੈਰ-ਮੁਨਾਫ਼ਾ ਸੰਗਠਨਾਂ, ਚੈਰਿਟੀਆਂ ਅਤੇ ਪੇਸ਼ੇਵਰ ਕਮੇਟੀਆਂ ਦਾ ਸਰਗਰਮੀ ਨਾਲ ਸਮਰਥਨ ਕਰਦੇ ਹਨ।

ਵਿੱਕ ਸਿੰਘ ਕਈ ਰੀਐਲਟਰ ਕਮੇਟੀਆਂ ਵਿੱਚ ਵੀ ਆਪਣਾ ਸਮਾਂ ਯੋਗਦਾਨ ਪਾਉਂਦੇ ਹਨ, ਜਿਸ ਵਿੱਚ ਪੇਸ਼ੇਵਰ ਮਿਆਰ, ਸ਼ਿਕਾਇਤ ਅਤੇ ਸਰਕਾਰੀ ਮਾਮਲੇ ਸ਼ਾਮਲ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਲੂਰੀ ਚਿਲਡਰਨਜ਼ ਹਸਪਤਾਲ, ਈਸਟਰ ਸੀਲਜ਼, ਹੈਲਪਿੰਗ ਅਵਰ ਹੀਰੋਜ਼, ਵਨਨੈਸ ਅਤੇ ਲਾਈਫਸੋਰਸ ਵਰਗੇ ਕਈ ਤਰ੍ਹਾਂ ਦੇ ਚੈਰੀਟੇਬਲ ਕੰਮਾਂ ਦਾ ਸਮਰਥਨ ਕੀਤਾ ਹੈ। ਵਿੱਕ ਸਿੰਘ ਨੇ ਲੇਕ ਕਾਉਂਟੀ ਵਿੱਚ ਚੋਣ ਜੱਜ ਅਤੇ ਬੈਲਟ ਜੱਜ ਵਜੋਂ ਕਈ ਸਾਲਾਂ ਤੱਕ ਭਾਈਚਾਰੇ ਦੀ ਸੇਵਾ ਵੀ ਕੀਤੀ ਹੈ।

## 'ਭੰਗੜਾ ਰਾਈਮਜ਼' ਪਾਏਗੀ ਐਨ.ਬੀ.ਏ. 'ਚ ਧਮਾਲ

ਸ਼ਿਕਾਗੋ ਤੇ ਮਿਲਵਾਕੀ ਦੇ ਪੰਜਾਬੀ ਭਾਈਚਾਰੇ ਨੂੰ ਮਾਣ ਹੈ ਕਿ ਇਨ੍ਹਾਂ ਦੋਹਾਂ ਸ਼ਹਿਰਾਂ ਦੀ ਭੰਗੜਾ ਅਕੈਡਮੀ 'ਭੰਗੜਾ ਰਾਈਮਜ਼' ਐਨ.ਬੀ.ਏ. ਗੇਮਜ਼ - ਸ਼ਿਕਾਗੋ ਬੁੱਲਜ਼ ਅਤੇ ਮਿਲਵਾਕੀ ਬੱਕਸ ਦੀਆਂ ਬਾਸਕਿਟਬਾਲ ਟੀਮਾਂ ਲਈ ਭੰਗੜਾ ਪੇਸ਼ ਕਰਨ ਜਾ ਰਹੀ ਹੈ। ਐਨ.ਬੀ.ਏ. ਵਰਗੇ ਪਲੈਟਫਾਰਮ 'ਤੇ ਪੰਜਾਬੀ ਲੋਕ ਨਾਚ ਲੈ ਕੇ ਜਾਣਾ 'ਭੰਗੜਾ ਰਾਈਮਜ਼' ਦੀ ਇੱਕ ਵੱਡੀ ਪ੍ਰਾਪਤੀ ਹੈ।




ਭੰਗੜਾ ਕੋਚ ਅਮਨ ਕੁਲਾਰ

ਭੰਗੜਾ ਰਾਈਮਜ਼ ਦੇ ਫਾਊਂਡਰ ਤੇ ਕੋਚ ਅਮਨ ਕੁਲਾਰ ਨੇ ਦੱਸਿਆ ਕਿ 70 ਦੇ ਕਰੀਬ ਬੱਚੇ ਇਨ੍ਹਾਂ ਦੋਹਾਂ ਟੀਮਾਂ ਲਈ ਪੇਸ਼ਕਾਰੀ ਕਰਨਗੇ। ਜਿੱਥੇ ਮਾਪੇ ਬਹੁਤ ਖੁਸ਼ ਹਨ, ਉੱਥੇ ਪੰਜਾਬੀ ਭਾਈਚਾਰੇ 'ਚ ਵੀ ਬਹੁਤ ਉਤਸ਼ਾਹ ਦੇਖਿਆ ਜਾ ਰਿਹਾ ਹੈ। ਕੋਚ ਅਮਨ ਕੁਲਾਰ ਦੀ ਸਖਤ ਮਿਹਨਤ ਸਦਕਾ ਇਸ ਅਕੈਡਮੀ ਨੇ ਤਿੰਨ ਸਾਲਾਂ 'ਚ ਬਹੁਤ ਹੀ ਪ੍ਰਾਪਤੀਆਂ ਕੀਤੀਆਂ ਹਨ। ਜਿੱਥੇ ਬੱਚੇ ਅਕੈਡਮੀ ਨਾਲ ਜੁੜ ਰਹੇ ਹਨ, ਉੱਥੇ ਮਾਪਿਆਂ ਦਾ ਵੀ ਆਪਸ ਵਿੱਚ ਮੇਲ-ਜੋਲ ਵਧਿਆ ਹੈ। ਇਲੀਨਾਇ ਵਿੱਚ ਸ਼ਾਮਬਰਗ ਤੇ ਨੇਪਰਵਿਲ ਵਿੱਚ ਅਤੇ ਵਿਸਕਾਨਸਿਨ ਵਿੱਚ ਓਕ ਕਰੀਕ, ਗਰੀਨਫੀਲਡ ਤੇ ਬਰੁੱਕਫੀਲਡ ਵਿੱਚ ਅਕੈਡਮੀ ਦੀਆਂ ਲੋਕੇਸ਼ਨਾਂ ਹਨ।


ਅਮਨ ਕੁਲਾਰ ਅਨੁਸਾਰ ਐਨ.ਬੀ.ਏ. ਗੇਮਜ਼ 23 ਤੇ 28 ਮਾਰਚ ਨੂੰ ਹੋਣਗੀਆਂ। 23 ਮਾਰਚ ਨੂੰ ਯੂਨਾਈਟਿਡ ਸੈਂਟਰ ਸ਼ਿਕਾਗੋ ਵਿੱਚ 'ਸ਼ਿਕਾਗੋ ਬੁੱਲਜ਼ ਬਨਾਮ ਹਿਊਸਟਨ ਰੌਕੇਟਸ' ਅਤੇ 28 ਮਾਰਚ ਨੂੰ ਫਿਸਰਵ ਫੋਰਮ ਮਿਲਵਾਕੀ ਵਿਖੇ 'ਮਿਲਵਾਕੀ ਬੁੱਲਜ਼ ਬਨਾਮ ਸੈਨ ਐਨਟੋਨੀਓ ਸਪਰਸ' ਵਿਚਾਲੇ ਮੁਕਾਬਲੇ ਹੋਣਗੇ। ਇਨ੍ਹਾਂ ਮੌਕਿਆਂ ਸਮੇਂ 'ਭੰਗੜਾ ਰਾਈਮਜ਼' ਟੀਮਾਂ ਦੀ ਪੇਸ਼ਕਾਰੀ ਇੱਕ ਯਾਦਗਾਰੀ ਪਲ ਹੋਣਗੇ। ਹੋਰ ਜਾਣਕਾਰੀ ਅਤੇ ਟਿਕਟਾਂ ਖਰੀਦਣ ਲਈ ਅਮਨ ਕੁਲਾਰ ਨਾਲ ਫੋਨ: 602-610-0001 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



# ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਅਤੇ 1947 ਦੀ ਵੰਡ: ਪਾਰਦਰਸ਼ਤਾ ਜਾਂ ਸੰਸਥਾਵਾਂ 'ਤੇ ਸਵਾਲ?

**ਕਮਲ ਦੁਸਾਂਝ**




ਭਾਰਤ ਵਿੱਚ ਸਕੂਲੀ ਸਿੱਖਿਆ ਸਿਰਫ਼ ਪਾਠ ਯਾਦ ਕਰਵਾਉਣ ਦੀ ਪ੍ਰਕਿਰਿਆ ਨਹੀਂ, ਸਗੋਂ ਨਵੀਂ ਪੀੜ੍ਹੀ ਦੀ ਸੋਚ ਅਤੇ ਸਮਝ ਬਣਾਉਣ ਦਾ ਮਾਧਿਅਮ ਹੈ। ਇਸੇ ਪ੍ਰਸੰਗ ਵਿੱਚ ਐਨ.ਸੀ.ਈ.ਆਰ.ਟੀ. ਦੀ ਅੱਠਵੀਂ ਜਮਾਤ ਲਈ ਜਾਰੀ ਕੀਤੀ ਗਈ ਨਵੀਂ ਸਮਾਜਕ ਵਿਗਿਆਨ ਦੀ ਕਿਤਾਬ 'ਸਮਾਜ ਦੀ ਸਮਝ: ਭਾਰਤ ਅਤੇ ਵਿਸ਼ਵ' (Exploring Society: India and Beyond-ਭਾਗ 2) ਨੇ ਦੇਸ਼ ਭਰ ਵਿੱਚ ਭੱਖਵੀਂ ਚਰਚਾ ਨੂੰ ਜਨਮ ਦਿੱਤਾ ਹੈ। ਕਿਤਾਬ ਵਿੱਚ ਪਹਿਲੀ ਵਾਰ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ, ਅਦਾਲਤੀ ਕੇਸਾਂ ਦੇ ਵੱਡੇ ਬੈਕਲਾਗ ਅਤੇ 1947 ਦੀ ਮੁਲਕ ਵੰਡ ਬਾਰੇ ਕੁਝ ਨਵੇਂ ਨੁਕਤੇ ਖੁੱਲ੍ਹ ਕੇ ਦਰਸਾਏ ਗਏ ਹਨ।

ਇਹ ਮਸਲੇ ਸਿਰਫ਼ ਅਕਾਦਮਿਕ ਨਹੀਂ, ਸਗੋਂ ਸੰਵੇਦਨਸ਼ੀਲ ਅਤੇ ਰਾਜਨੀਤਕ ਤੌਰ 'ਤੇ ਵੀ ਮਹੱਤਵਪੂਰਨ ਹਨ। ਇਸ ਕਰ ਕੇ ਇਸ ਕਿਤਾਬ ਨੂੰ ਲੈ ਕੇ ਇੱਕ ਵੱਡੀ ਬਹਿਸ ਸ਼ੁਰੂ ਹੋ ਗਈ ਹੈ ਕਿ ਕੀ ਬੱਚਿਆਂ ਨੂੰ ਸਿਰਫ਼ ਆਦਰਸ਼ ਪੱਖ ਦਿਖਾਇਆ ਜਾਵੇ ਜਾਂ ਸੰਸਥਾਵਾਂ ਦੀਆਂ ਕਮਜ਼ੋਰੀਆਂ ਤੋਂ ਵੀ ਜਾਣੂ ਕਰਵਾਇਆ ਜਾਵੇ। ਵਿਵਾਦ ਉਸ ਸਮੇਂ ਹੋਰ ਵਧ ਗਿਆ ਜਦੋਂ ਸੁਪਰੀਮ ਕੋਰਟ ਨੇ ਇਸ ਮਾਮਲੇ ਦਾ 'ਸੁਓ ਮੋਟੋ' ਨੋਟਿਸ ਲੈਂਦੇ ਹੋਏ ਕਿਤਾਬ ਦੇ ਵਿਵਾਦਪੂਰਨ ਹਿੱਸੇ 'ਤੇ ਗੰਭੀਰ ਇਤਰਾਜ਼ ਜਤਾਇਆ। ਇਸ ਤੋਂ ਬਾਅਦ ਐਨ.ਸੀ.ਈ.ਆਰ.ਟੀ. ਨੇ ਕਿਤਾਬ ਨੂੰ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਅਤੇ ਵਿਵਾਦਪੂਰਨ ਅੰਸ਼ਾਂ 'ਤੇ ਦੁਬਾਰਾ ਵਿਚਾਰ ਕਰਨ ਦੀ ਗੱਲ ਕਹੀ।

### ਨਿਆਂਪਾਲਿਕਾ ਅੱਗੇ ਖੜ੍ਹੀਆਂ ਹਕੀਕੀ ਚੁਣੌਤੀਆਂ

ਨਵੀਂ ਕਿਤਾਬ ਦਾ ਸਭ ਤੋਂ ਚਰਚਿਤ ਹਿੱਸਾ ਨਿਆਂਪਾਲਿਕਾ ਨਾਲ ਸੰਬੰਧਿਤ ਸੀ। ਪਹਿਲੀ ਵਾਰ ਪਾਠ-ਪੁਸਤਕ ਵਿੱਚ 'ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ' ਦਾ ਸਿੱਧਾ ਜ਼ਿਕਰ ਕੀਤਾ ਗਿਆ। ਪੁਰਾਣੀ ਕਿਤਾਬ ਵਿੱਚ ਕੇਵਲ ਇਹ ਲਿਖਿਆ ਸੀ ਕਿ "ਨਿਆਂ ਵਿੱਚ ਦੇਰੀ ਨਿਆਂ ਤੋਂ ਇਨਕਾਰ ਦੇ ਬਰਾਬਰ ਹੈ।"

ਨਵੀਂ ਕਿਤਾਬ ਅੰਕੜਿਆਂ ਨਾਲ ਦੱਸਦੀ ਸੀ ਕਿ ਦੇਸ਼ ਦੀਆਂ ਅਦਾਲਤਾਂ ਵਿੱਚ ਕੇਸਾਂ ਦਾ ਬੈਕਲਾਗ ਗੰਭੀਰ ਸਮੱਸਿਆ ਹੈ। ਲਗਭਗ 81,000 ਕੇਸ ਸੁਪਰੀਮ ਕੋਰਟ ਵਿੱਚ, 62 ਲੱਖ ਤੋਂ ਵੱਧ ਕੇਸ ਹਾਈ ਕੋਰਟਾਂ ਵਿੱਚ ਅਤੇ ਕਰੀਬ 4 ਕਰੋੜ 70 ਲੱਖ ਕੇਸ ਜ਼ਿਲ੍ਹਾ ਅਤੇ ਹੇਠਲੀਆਂ ਅਦਾਲਤਾਂ ਵਿੱਚ ਪੈਂਡਿੰਗ ਹਨ। ਕੁੱਲ ਮਿਲਾ ਕੇ ਲਗਭਗ 4.9 ਕਰੋੜ ਕੇਸ ਅਦਾਲਤਾਂ ਵਿੱਚ ਪੈਂਡਿੰਗ ਹਨ।

ਕਿਤਾਬ ਵਿੱਚ ਦੇਰੀ ਦੇ ਕਾਰਨਾਂ ਵਜੋਂ ਜੱਜਾਂ ਦੀ ਘਾਟ, ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਅਤੇ ਕਮਜ਼ੋਰ ਬੁਨਿਆਦੀ ਢਾਂਚੇ ਦਾ ਜ਼ਿਕਰ ਕੀਤਾ ਗਿਆ ਸੀ। ਭਾਰਤ ਵਿੱਚ ਪ੍ਰਤੀ ਦਸ ਲੱਖ ਲੋਕਾਂ 'ਤੇ ਜੱਜਾਂ ਦੀ ਗਿਣਤੀ ਕਈ ਵਿਕਸਿਤ ਦੇਸ਼ਾਂ ਨਾਲੋਂ ਘੱਟ ਹੈ, ਜਿਸ ਕਾਰਨ ਸੁਣਵਾਈ ਦੀ ਰਫ਼ਤਾਰ ਹੌਲੀ ਰਹਿੰਦੀ ਹੈ।

ਕਿਤਾਬ ਇਹ ਵੀ ਦਰਸਾਉਂਦੀ ਸੀ ਕਿ ਜੱਜ ਇਕ ਨਿਯਮ-ਜ਼ਾਬਤੇ ਹੇਠ ਕੰਮ ਕਰਦੇ ਹਨ ਅਤੇ ਉਨ੍ਹਾਂ ਖ਼ਿਲਾਫ਼ ਸ਼ਿਕਾਇਤਾਂ ਲਈ ਸੀ.ਪੀ.ਜੀ.ਆਰ.ਏ.ਐਮ.ਐਸ. ਪੋਰਟਲ ਮੌਜੂਦ ਹੈ। 2017 ਤੋਂ 2021 ਤੱਕ ਇਸ ਪੋਰਟਲ 'ਤੇ 1,600 ਤੋਂ ਵੱਧ ਸ਼ਿਕਾਇਤਾਂ ਦਰਜ ਹੋਈਆਂ ਸਨ। ਗੰਭੀਰ ਦੋਸ਼ਾਂ ਦੀ ਸੂਰਤ ਵਿੱਚ ਸੰਸਦ ਮਹਾਂਦੋਸ਼ ਰਾਹੀਂ ਜੱਜ ਨੂੰ ਹਟਾ ਸਕਦੀ ਹੈ। ਇਸ ਤਰ੍ਹਾਂ ਕਿਤਾਬ ਵਿਦਿਆਰਥੀਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੀ ਸੀ ਕਿ ਨਿਆਂਪਾਲਿਕਾ ਇੱਕ ਮਜ਼ਬੂਤ ਸੰਸਥਾ ਹੈ, ਪਰ ਇਸ ਨੂੰ ਵੀ ਕੁਝ ਸੰਰਚਨਾਤਮਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

### ਸੁਪਰੀਮ ਕੋਰਟ ਦੀ ਸਖ਼ਤ ਕਾਰਵਾਈ

ਇਸ ਚੈਪਟਰ 'ਤੇ ਸੁਪਰੀਮ ਕੋਰਟ ਨੇ ਸਖ਼ਤ ਨਾਰਾਜ਼ਗੀ ਜਤਾਈ। ਚੀਫ਼ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਇਸ ਤਰ੍ਹਾਂ ਦੀ ਪੇਸ਼ਕਾਰੀ ਨਿਆਂਪਾਲਿਕਾ ਦੀ ਸਾਖ਼ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਇਸ ਨੂੰ ਸੰਸਥਾ ਨੂੰ ਬਦਨਾਮ ਕਰਨ ਵਾਲਾ ਕਦਮ ਵੀ ਮੰਨਿਆ ਜਾ ਸਕਦਾ ਹੈ।

26 ਫਰਵਰੀ 2026 ਨੂੰ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਇੱਕ ਸਖ਼ਤ ਹੁਕਮ ਜਾਰੀ ਕਰਦਿਆਂ ਕਿਤਾਬ ਦੀ ਛਪਾਈ, ਪ੍ਰਕਾਸ਼ਨ ਅਤੇ ਡਿਜੀਟਲ ਪ੍ਰਸਾਰ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ। ਅਦਾਲਤ ਨੇ ਹੁਕਮ ਦਿੱਤਾ ਕਿ ਕਿਤਾਬ ਦੀਆਂ ਸਾਰੀਆਂ ਛਪੀਆਂ ਅਤੇ ਆਨਲਾਈਨ ਕਾਪੀਆਂ ਤੁਰੰਤ ਵਾਪਸ ਲਈਆਂ ਜਾਣ ਅਤੇ ਕਿਸੇ ਵੀ ਸਕੂਲ ਵਿੱਚ ਇਸ ਕਿਤਾਬ ਦੀ ਵਰਤੋਂ ਨਾ ਕੀਤੀ ਜਾਵੇ।

ਅਦਾਲਤ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਸਕੂਲਾਂ ਜਾਂ ਸੰਸਥਾਵਾਂ ਕੋਲ ਇਹ ਕਿਤਾਬ ਮੌਜੂਦ ਹੈ, ਉਹ ਇਸ ਨੂੰ ਤੁਰੰਤ ਜ਼ਬਤ ਕਰ ਕੇ ਰਿਪੋਰਟ ਪੇਸ਼ ਕਰਨ। ਨਾਲ ਹੀ ਐਨ.ਸੀ.ਈ.ਆਰ.ਟੀ. ਤੋਂ ਇਹ ਵੀ ਪੁੱਛਿਆ ਗਿਆ ਕਿ ਇਹ ਵਿਵਾਦਪੂਰਨ ਹਿੱਸਾ ਪਾਠ-ਪੁਸਤਕ ਵਿੱਚ ਕਿਵੇਂ ਸ਼ਾਮਲ ਹੋਇਆ ਅਤੇ ਇਸ ਦੀ ਤਿਆਰੀ ਵਿੱਚ ਕਿਹੜੇ ਲੋਕ ਸ਼ਾਮਲ ਸਨ।

### ਐਨ.ਸੀ.ਈ.ਆਰ.ਟੀ. ਦੀ ਪ੍ਰਤੀਕਿਰਿਆ

ਸੁਪਰੀਮ ਕੋਰਟ ਦੀ ਟਿੱਪਣੀ ਤੋਂ ਬਾਅਦ ਐਨ.ਸੀ.ਈ.ਆਰ.ਟੀ. ਨੇ ਕਿਤਾਬ ਨੂੰ ਤੁਰੰਤ ਵਾਪਸ ਲੈ ਲਿਆ ਅਤੇ ਇਸ ਨੂੰ 'ਫ਼ੈਸਲੇ ਦੀ ਗਲਤੀ' ਕਰਾਰ ਦਿੰਦੇ ਹੋਏ ਅਫ਼ਸੋਸ ਪ੍ਰਗਟਾਇਆ। ਸੰਸਥਾ ਨੇ ਇਹ ਵੀ ਅਪੀਲ ਕੀਤੀ ਕਿ ਜਿਸ ਕਿਸੇ ਕੋਲ ਵੀ ਇਹ ਕਿਤਾਬ ਮੌਜੂਦ ਹੈ, ਉਹ ਇਸ ਨੂੰ ਵਾਪਸ ਕਰ ਦੇਵੇ। ਨਾਲ ਹੀ ਸੋਸ਼ਲ ਮੀਡੀਆ ਜਾਂ ਡਿਜੀਟਲ ਪਲੈਟਫਾਰਮਾਂ 'ਤੇ ਇਸ ਚੈਪਟਰ ਨਾਲ ਸੰਬੰਧਿਤ ਸਮੱਗਰੀ ਨੂੰ ਵੀ ਹਟਾਉਣ ਦੀ ਅਪੀਲ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਇਸ ਕਿਤਾਬ ਦੀਆਂ ਕਰੀਬ 2.5 ਲੱਖ ਕਾਪੀਆਂ ਛਾਪੀਆਂ ਗਈਆਂ ਸਨ, ਹਾਲਾਂਕਿ ਵਿਕਰੀ ਸ਼ੁਰੂ ਹੋਣ ਤੋਂ ਬਾਅਦ ਜਲਦੀ ਹੀ ਇਸ ਨੂੰ ਰੋਕ ਦਿੱਤਾ ਗਿਆ ਅਤੇ ਜ਼ਿਆਦਾਤਰ ਕਾਪੀਆਂ ਵਾਪਸ ਮੰਗਵਾ ਲਈਆਂ ਗਈਆਂ।

### ਭ੍ਰਿਸ਼ਟਾਚਾਰ ਦਾ ਵੱਡਾ ਸੰਦਰਭ

ਟਰਾਂਸਪੇਰੇਂਸੀ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਭਾਰਤ ਭ੍ਰਿਸ਼ਟਾਚਾਰ ਸੂਚਕਾਂਕ ਵਿੱਚ ਮੱਧ ਦਰਜੇ 'ਤੇ ਖੜ੍ਹਾ ਹੈ। ਹਾਲਾਂਕਿ ਪਿਛਲੇ ਸਾਲਾਂ ਵਿੱਚ ਕੁਝ ਸੁਧਾਰ ਵੀ ਦਰਜ ਕੀਤਾ ਗਿਆ ਹੈ, ਪਰ ਭ੍ਰਿਸ਼ਟਾਚਾਰ ਅਜੇ ਵੀ ਵੱਡੀ ਚੁਣੌਤੀ ਬਣਿਆ ਹੋਇਆ ਹੈ। ਇਸ ਮਾਮਲੇ ਨੇ ਇੱਕ ਹੋਰ ਸਵਾਲ ਖੜ੍ਹਾ ਕੀਤਾ ਕਿ ਜਦੋਂ ਭ੍ਰਿਸ਼ਟਾਚਾਰ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿੱਚ ਵੀ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ ਤਾਂ ਸਿਰਫ਼ ਨਿਆਂਪਾਲਿਕਾ 'ਤੇ ਹੀ ਧਿਆਨ ਕਿਉਂ ਦਿੱਤਾ ਗਿਆ? ਕਈ ਕਾਨੂੰਨੀ ਵਿਦਵਾਨਾਂ ਨੇ ਸੁਝਾਅ ਦਿੱਤਾ ਕਿ ਜੇ ਇਸ ਤਰ੍ਹਾਂ ਦੇ ਵਿਸ਼ੇ ਪਾਠ-ਪੁਸਤਕਾਂ ਵਿੱਚ ਸ਼ਾਮਲ ਕਰਨੇ ਹਨ ਤਾਂ ਤਿੰਨਾਂ ਅੰਗਾਂ-ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਬਾਰੇ ਸੰਤੁਲਿਤ ਢੰਗ ਨਾਲ ਜਾਣਕਾਰੀ ਦਿੱਤੀ ਜਾਵੇ।

### 1947 ਦੀ ਮੁਲਕ ਵੰਡ: ਨਵਾਂ ਦ੍ਰਿਸ਼ਟੀਕੋਣ

ਕਿਤਾਬ ਵਿੱਚ 1947 ਦੀ ਵੰਡ ਬਾਰੇ ਵੀ ਕੁਝ ਨਵੇਂ ਨੁਕਤੇ ਦਰਸਾਏ ਗਏ ਹਨ। ਇਸ ਵਿੱਚ ਲਿਖਿਆ ਗਿਆ ਕਿ ਮਹਾਤਮਾ ਗਾਂਧੀ ਅਤੇ ਬਹੁਤੇ ਕਾਂਗਰਸੀ ਨੇਤਾ ਮੁਲਕ ਦੀ ਵੰਡ ਦੇ ਖ਼ਿਲਾਫ਼ ਸਨ, ਪਰ ਉਸ ਸਮੇਂ ਦੇ ਹਿੰਸਕ ਹਾਲਾਤ ਦੇ ਦਬਾਅ ਹੇਠ ਇਹ ਫ਼ੈਸਲਾ ਲਿਆ ਗਿਆ। ਇਸ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਕਿ ਸਾਰੇ ਭਾਰਤੀ ਮੁਸਲਮਾਨ ਵੰਡ ਦੇ ਹੱਕ ਵਿੱਚ ਨਹੀਂ ਸਨ। ਕਿਤਾਬ ਆਜ਼ਾਦੀ ਦੀ ਲੜਾਈ ਨੂੰ ਵਿਆਪਕ ਸੰਦਰਭ ਵਿੱਚ ਪੇਸ਼ ਕਰਦੀ ਹੈ ਅਤੇ 1857 ਦੀ ਬਗ਼ਾਵਤ ਤੋਂ ਲੈ ਕੇ ਰਾਇਲ ਇੰਡੀਅਨ ਨੇਵੀ ਅਤੇ ਏਅਰ ਫੋਰਸ ਦੀ ਬਗ਼ਾਵਤ ਤੱਕ ਦੇ ਅੰਦੋਲਨਾਂ ਦਾ ਜ਼ਿਕਰ ਕਰਦੀ ਹੈ।

### ਸਿੱਖਿਆ ਵਿੱਚ ਪਾਰਦਰਸ਼ਤਾ ਜਾਂ ਸੰਸਥਾਵਾਂ ਦੀ ਸੁਰੱਖਿਆ?

ਇਹ ਪੂਰਾ ਵਿਵਾਦ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਬੱਚਿਆਂ ਨੂੰ ਸਿਰਫ਼ ਚਮਕਦਾਰ ਤਸਵੀਰ ਦਿਖਾਈ ਜਾਵੇ ਜਾਂ ਹਕੀਕਤ ਵੀ ਦੱਸੀ ਜਾਵੇ? ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਆਲੋਚਨਾਤਮਕ ਸੋਚ ਬਹੁਤ ਜ਼ਰੂਰੀ ਹੈ। ਜੇ ਵਿਦਿਆਰਥੀ ਸੰਸਥਾਵਾਂ ਦੀਆਂ ਚੁਣੌਤੀਆਂ ਨੂੰ ਸਮਝਣਗੇ ਤਾਂ ਉਹ ਭਵਿੱਖ ਵਿੱਚ ਉਨ੍ਹਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਯੋਗਦਾਨ ਪਾ ਸਕਣਗੇ। ਦੂਜੇ ਪਾਸੇ ਕੁਝ ਕਾਨੂੰਨੀ ਮਾਹਿਰਾਂ ਦਾ ਮਤ ਹੈ ਕਿ ਅਧੂਰੀ ਜਾਂ ਇੱਕ-ਪੱਖੀ ਜਾਣਕਾਰੀ ਨਾਲ ਬਾਲ ਮਨਾਂ ਵਿੱਚ ਗਲਤ ਧਾਰਨਾ ਬਣ ਸਕਦੀ ਹੈ, ਜਿਸ ਨਾਲ ਨਿਆਂਪਾਲਿਕਾ 'ਤੇ ਲੋਕਾਂ ਦਾ ਭਰੋਸਾ ਘਟ ਸਕਦਾ ਹੈ।

### ਅੱਗੋਂ ਦਾ ਰਾਹ

ਐਨ.ਸੀ.ਈ.ਆਰ.ਟੀ. ਦੀ ਇਹ ਕਿਤਾਬ ਸਿਰਫ਼ ਇੱਕ ਪਾਠ-ਪੁਸਤਕ ਨਹੀਂ, ਸਗੋਂ ਵੱਡੀ ਵਿਚਾਰਧਾਰਕ ਚਰਚਾ ਦੀ ਸ਼ੁਰੂਆਤ ਬਣ ਗਈ ਹੈ। ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਹੁਣ ਸੰਭਾਵਨਾ ਹੈ ਕਿ ਕਿਤਾਬ ਦੇ ਵਿਵਾਦਪੂਰਨ ਹਿੱਸਿਆਂ ਨੂੰ ਦੁਬਾਰਾ ਲਿਖਿਆ ਜਾਵੇ ਅਤੇ ਨਵਾਂ ਐਡੀਸ਼ਨ ਜਾਰੀ ਕੀਤਾ ਜਾਵੇ। ਅੱਗੇ ਦਾ ਰਾਹ ਇਹ ਹੋ ਸਕਦਾ ਹੈ ਕਿ ਇਨ੍ਹਾਂ ਵਿਸ਼ਿਆਂ ਨੂੰ ਹੋਰ ਸੰਤੁਲਿਤ ਅਤੇ ਤੱਥਾਤਮਕ ਢੰਗ ਨਾਲ ਪੇਸ਼ ਕੀਤਾ ਜਾਵੇ। ਜੇ ਭ੍ਰਿਸ਼ਟਾਚਾਰ ਦੀ ਗੱਲ ਕਰਨੀ ਹੈ ਤਾਂ ਤਿੰਨਾਂ ਅੰਗਾਂ-ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਬਾਰੇ ਸਮਾਨ ਰੂਪ ਵਿੱਚ ਕੀਤੀ ਜਾਵੇ।

ਇੱਕ ਗੱਲ ਸਪਸ਼ਟ ਹੈ ਕਿ ਇਤਿਹਾਸ ਅਤੇ ਜਮਹੂਰੀ ਸੰਸਥਾਵਾਂ ਬਾਰੇ ਖੁੱਲ੍ਹੀ ਚਰਚਾ ਆਸਾਨ ਨਹੀਂ ਹੁੰਦੀ, ਪਰ ਨਰੋਏ ਭਵਿੱਖ ਲਈ ਸੱਚਾਈ, ਪਾਰਦਰਸ਼ਤਾ ਅਤੇ ਸੰਤੁਲਨ ਬਹੁਤ ਲਾਜ਼ਮੀ ਹਨ। ਇਹ ਵਿਵਾਦ ਸ਼ਾਇਦ ਕੁਝ ਸਮੇਂ ਬਾਅਦ ਠੰਢਾ ਪੈ ਜਾਵੇ, ਪਰ ਇਸ ਨੇ ਇਹ ਯਕੀਨੀ ਤੌਰ 'ਤੇ ਦਿਖਾ ਦਿੱਤਾ ਹੈ ਕਿ ਸਿੱਖਿਆ ਸਿਰਫ਼ ਕਿਤਾਬਾਂ ਦਾ ਮਾਮਲਾ ਨਹੀਂ-ਇਹ ਦੇਸ਼ ਦੀ ਸੋਚ ਦਾ ਦਰਪਣ ਵੀ ਹੈ।

---

**ਵਿਗਿਆਨ**

# ਇੰਟਰਨੈੱਟ ਯੁੱਗ ਵਿੱਚ ਜੀਵਨ ਦਾ 'ਗੇਮੀਕਰਨ'

**ਅਰੁਣ ਕੁਮਾਰ ਗੋਂਡ***

ਕੀ ਤੁਸੀਂ ਕਦੇ ਸੋਚਿਆ ਹੈ ਕਿ ਜਦੋਂ ਅਸੀਂ ਸਵੇਰੇ ਉੱਠਦੇ ਹੀ ਮੋਬਾਈਲ ਦੇਖਦੇ ਹਾਂ, ਤਾਂ ਅਸੀਂ ਇਹ ਸੋਚ ਕੇ ਮੋਬਾਈਲ ਚੁੱਕਦੇ ਹਾਂ ਕਿ ਸ਼ਾਇਦ ਕੋਈ ਨਵੀਂ ਜਾਣਕਾਰੀ ਜਾਂ ਖ਼ਬਰ ਮਿਲੇਗੀ; ਪਰ ਹੁਣ ਹਕੀਕਤ ਕੁਝ ਹੋਰ ਹੈ। ਮੋਬਾਈਲ ਹੌਲੀ-ਹੌਲੀ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਨੂੰ ਇੱਕ ਖੇਡ ਵਾਂਗ ਬਣਾਉਂਦਾ ਜਾ ਰਿਹਾ ਹੈ।

ਮਿਸਾਲ ਵਜੋਂ ਸਾਡੀ ਫੋਟੋ 'ਤੇ ਕਿੰਨੇ 'ਲਾਈਕ' ਆਏ, ਕਿੰਨੇ ਲੋਕਾਂ ਨੇ 'ਕੁਮੈਂਟ' ਕੀਤਾ, ਕਿੰਨੇ ਲੋਕਾਂ ਨੇ ਸਾਡੀ 'ਸਟੋਰੀ' ਵੇਖੀ, ਕਿਸੇ ਐਪ ਵਿੱਚ ਕੰਮ ਕਰਨ ਨਾਲ ਕਿੰਨੇ 'ਪੁਆਇੰਟ', 'ਸਟਾਰ' ਜਾਂ 'ਇਨਾਮ' ਮਿਲੇ, ਸਾਨੂੰ ਕਿਹੜਾ 'ਬੈਜ' ਮਿਲਿਆ। ਹੁਣ ਲਗਭਗ ਹਰ ਚੀਜ਼ ਵਿੱਚ ਤੁਲਨਾ ਹੋਣ ਲੱਗ ਪਈ ਹੈ- ਕੌਣ ਕਿੰਨਾ ਵਧੀਆ ਕਰ ਰਿਹਾ ਹੈ। ਇਹ ਸਾਰੀਆਂ ਗੱਲਾਂ ਹੌਲੀ-ਹੌਲੀ ਜ਼ਿੰਦਗੀ ਨੂੰ ਇੱਕ ਖੇਡ ਵਾਂਗ ਬਣਾਉਂਦੀਆਂ ਜਾ ਰਹੀਆਂ ਹਨ।

ਫੇਬੀਅਨ ਆਰਲਟ ਅਤੇ ਹਾਂਸ-ਯੁਰਗਨ ਆਰਲਟ ਦੀ ਕਿਤਾਬ 'ਗੇਮਫਿਕੇਸ਼ਨ ਆਫ ਲਾਈਫ ਐਂਡ ਦ ਗੇਮਿੰਗ ਸੋਸਾਇਟੀ: ਦ ਲੁਡਿਕ ਸੈਂਚਰੀ, 2023' ਪੜ੍ਹਨ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਅਸੀਂ ਅਜਿਹੀ ਦੁਨੀਆ ਵਿੱਚ ਰਹਿ ਰਹੇ ਹਾਂ, ਜਿਸ ਨੂੰ ਲੇਖਕ 'ਲੁਡਿਕ ਸੈਂਚਰੀ' ਅਰਥਾਤ 'ਖੇਡ-ਕੇਂਦਰਿਤ ਸਦੀ' ਕਹਿੰਦੇ ਹਨ। 'ਲੁਡਿਕ ਸੈਂਚਰੀ' ਦਾ ਮਤਲਬ ਹੈ- ਅਜਿਹਾ ਸਮਾਂ ਜਦੋਂ ਸਾਡੀ ਜ਼ਿੰਦਗੀ ਦੇ ਹਰ ਹਿੱਸੇ ਨੂੰ ਇੱਕ ਖੇਡ ਵਾਂਗ ਦੇਖਿਆ ਜਾਣ ਲੱਗ ਪਿਆ ਹੈ। ਪੜ੍ਹਾਈ, ਨੌਕਰੀ, ਸੋਸ਼ਲ ਮੀਡੀਆ ਜਾਂ ਫਿਟਨੈੱਸ- ਹਰ ਥਾਂ ਸਕੋਰ, ਬੈਜ, ਰੈਂਕ ਅਤੇ ਇਨਾਮ ਮਿਲਣ ਲੱਗ ਪਏ ਹਨ। ਅਸਲ ਜੀਵਨ ਵੀ ਹੁਣ ਇੱਕ ਖੇਡ ਵਾਂਗ ਬਣ ਗਿਆ ਹੈ।

ਪਹਿਲਾਂ ਖੇਡਣ ਦਾ ਇੱਕ ਨਿਸ਼ਚਿਤ ਸਮਾਂ ਹੁੰਦਾ ਸੀ। ਜਿਵੇਂ ਸਕੂਲ ਤੋਂ ਬਾਅਦ ਦੁਪਹਿਰ ਵੇਲੇ ਬੱਚੇ ਗਲੀਆਂ-ਮੁਹੱਲਿਆਂ, ਬਾਗ਼ਾਂ ਜਾਂ ਖੇਤਾਂ ਦੇ ਕਿਨਾਰੇ ਗੁੱਲੀ-ਡੰਡਾ, ਕਬੱਡੀ, ਬੰਟੇ, ਖੋ-ਖੋ, ਲੁਕਣ-ਮੀਟੀ ਜਾਂ ਪਿੱਠੂ ਵਰਗੀਆਂ ਖੇਡਾਂ ਖੇਡਦੇ ਸਨ। ਇਨ੍ਹਾਂ ਖੇਡਾਂ ਵਿੱਚ ਹਾਸਾ-ਮਜ਼ਾਕ ਹੁੰਦਾ ਸੀ। ਕਦੇ ਹਾਰ ਹੁੰਦੀ ਸੀ ਤੇ ਕਦੇ ਜਿੱਤ, ਪਰ ਸਾਰੇ ਮਿਲ ਕੇ ਖੇਡਦੇ ਸਨ। ਨਾ ਕੋਈ ਨੰਬਰ ਹੁੰਦਾ ਸੀ ਤੇ ਨਾ ਹੀ ਕੋਈ ਇਨਾਮ। ਸਿਰਫ਼ ਖੇਡਣ ਦਾ ਆਪਣਾ ਹੀ ਸੁਖ ਹੁੰਦਾ ਸੀ। ਇਨ੍ਹਾਂ ਖੇਡਾਂ ਨਾਲ ਸਰੀਰ ਵੀ ਸਰਗਰਮ ਰਹਿੰਦਾ ਸੀ, ਮਨ ਵੀ ਖ਼ੁਸ਼ ਰਹਿੰਦਾ ਸੀ ਅਤੇ ਦੋਸਤੀ ਵੀ ਹੋਰ ਮਜ਼ਬੂਤ ਬਣਦੀ ਸੀ।

ਹੁਣ ਇਹ ਸਾਰਾ ਕੁਝ ਹੌਲੀ-ਹੌਲੀ ਮੋਬਾਈਲ ਸਕ੍ਰੀਨ ਤੱਕ ਸਿਮਟ ਗਿਆ ਹੈ। ਮੋਬਾਈਲ, ਕੰਪਿਊਟਰ ਅਤੇ ਡਿਜੀਟਲ ਸਾਧਨਾਂ ਨੇ ਸਾਨੂੰ ਹਰ ਵੇਲੇ ਅਤੇ ਹਰ ਥਾਂ ਖੇਡਣ ਦੀ ਆਜ਼ਾਦੀ ਦੇ ਦਿੱਤੀ ਹੈ। ਏਨਾ ਹੀ ਨਹੀਂ, ਸਾਡੇ ਰੋਜ਼ਾਨਾ ਦੇ ਕੰਮ ਵੀ ਹੁਣ ਇੱਕ ਤਰ੍ਹਾਂ ਦੀ ਖੇਡ ਬਣ ਗਏ ਹਨ-ਜਿਵੇਂ ਸੋਸ਼ਲ ਮੀਡੀਆ 'ਤੇ ਲਾਇਕ ਲੈਣਾ, ਫਾਲੋਅਰ ਵਧਾਉਣਾ, ਬੈਜ ਅਤੇ ਰੈਂਕ ਹਾਸਲ ਕਰਨਾ। ਇਹ ਸਭ ਹੁਣ ਅਸਲ ਜ਼ਿੰਦਗੀ ਦੇ 'ਸਕੋਰ' ਬਣ ਚੁੱਕੇ ਹਨ।

ਹੁਣ ਖੇਡ ਸਿਰਫ਼ ਸਮਾਂ ਕੱਟਣ ਦਾ ਸਾਧਨ ਨਹੀਂ ਰਹੀ। ਇਹ ਇੱਕ ਅਜਿਹਾ ਢਾਂਚਾ ਬਣ ਗਈ ਹੈ, ਜਿਸ ਰਾਹੀਂ ਲੋਕ ਸਿੱਖਦੇ ਹਨ, ਸੋਚਦੇ ਹਨ ਅਤੇ ਆਪਣਾ ਵਤੀਰਾ ਬਣਾਉਂਦੇ ਹਨ। ਹੁਣ ਸਕੂਲਾਂ ਵਿੱਚ ਵੀ ਖੇਡ ਵਾਲੇ ਤਰੀਕਿਆਂ ਨਾਲ ਪੜ੍ਹਾਈ ਕਰਵਾਈ ਜਾਂਦੀ ਹੈ। ਕੰਪਨੀਆਂ ਗਾਹਕਾਂ ਨੂੰ ਆਪਣੇ ਨਾਲ ਜੋੜ ਕੇ ਰੱਖਣ ਲਈ ਗੇਮਿੰਗ ਵਾਲੀਆਂ ਤਕਨੀਕਾਂ ਵਰਤਦੀਆਂ ਹਨ। ਅਸੀਂ ਹੁਣ ਅਜਿਹੇ ਦੌਰ ਵਿੱਚ ਰਹਿ ਰਹੇ ਹਾਂ, ਜਿੱਥੇ ਜ਼ਿੰਦਗੀ ਵੀ ਖੇਡ ਬਣ ਗਈ ਹੈ ਅਤੇ ਖੇਡ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਹੀ ਹੈ। ਸਵਾਲ ਇਹ ਹੈ ਕਿ ਕੀ ਅਸੀਂ ਖੇਡ ਨੂੰ ਖੇਡ ਰਹੇ ਹਾਂ ਜਾਂ ਖੇਡ ਸਾਨੂੰ ਚਲਾ ਰਹੀ ਹੈ?

ਲੇਖਕ ਦੱਸਦੇ ਹਨ ਕਿ ਸਮਾਜ ਦੇ ਅੰਦਰ ਖੇਡ ਲਈ ਇੱਕ ਖ਼ਾਸ ਥਾਂ ਹੁੰਦੀ ਹੈ, ਜਿਸ ਨੂੰ 'ਲੁਡਿਕ ਸਪੇਸ' ਕਿਹਾ ਜਾਂਦਾ ਹੈ। ਇਹ ਥਾਂ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਤੋਂ ਵੱਖਰੀ ਹੁੰਦੀ ਹੈ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਖਾਣ-ਪੀਣ, ਰਹਿਣ-ਸਹਿਣ, ਕੱਪੜੇ, ਸਿੱਖਿਆ ਅਤੇ ਸਿਹਤ ਵਰਗੀਆਂ ਲੋੜਾਂ ਪੂਰੀਆਂ ਕਰਨ ਲਈ ਮਿਹਨਤ ਕਰਨੀ ਪੈਂਦੀ ਹੈ; ਪਰ ਖੇਡ




ਸਾਨੂੰ ਕੁਝ ਸਮੇਂ ਲਈ ਇਨ੍ਹਾਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਆਜ਼ਾਦੀ ਦਿੰਦੀ ਹੈ। ਇਹ ਸਾਨੂੰ ਇੱਕ ਅਜਿਹੀ ਦੁਨੀਆ ਵਿੱਚ ਲੈ ਜਾਂਦੀ ਹੈ, ਜਿੱਥੇ ਨਾ ਕੋਈ ਜ਼ਿੰਮੇਵਾਰੀ ਹੁੰਦੀ ਹੈ ਅਤੇ ਨਾ ਹੀ ਕੋਈ ਮਜਬੂਰੀ। ਇਸੇ ਕਰ ਕੇ ਬਚਪਨ ਅਤੇ ਖੇਡ ਦਾ ਬਹੁਤ ਡੂੰਘਾ ਰਿਸ਼ਤਾ ਹੁੰਦਾ ਹੈ। ਬੱਚੇ ਨਾ ਤਾਂ ਸਮਾਜਿਕ ਨਿਯਮਾਂ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਨਾ ਹੀ ਉਹ ਵੱਡਿਆਂ ਵਾਲੇ ਕੰਮ ਕਰ ਸਕਦੇ ਹਨ। ਉਨ੍ਹਾਂ ਲਈ ਖੇਡ ਹੀ ਜੀਵਨ ਦਾ ਪਹਿਲਾ ਤਜਰਬਾ ਹੁੰਦੀ ਹੈ।

ਅੱਜ ਦਾ ਕੰਪਿਊਟਰ ਸਿਰਫ਼ ਕੰਮ ਕਰਨ ਦੀ ਮਸ਼ੀਨ ਨਹੀਂ ਰਿਹਾ। ਇਹ ਇੱਕ ਦੋਸਤ ਵਾਂਗ ਸਾਡੇ ਨਾਲ ਖੇਡਦਾ ਹੈ, ਇੱਕ ਖਿਡੌਣੇ ਵਾਂਗ ਮਨੋਰੰਜਨ ਦਿੰਦਾ ਹੈ ਅਤੇ ਇੱਕ ਖਿਡਾਰੀ ਵਾਂਗ ਜਵਾਬ ਵੀ ਦਿੰਦਾ ਹੈ। ਕੰਪਿਊਟਰ ਅਤੇ ਡਿਜੀਟਲ ਖੇਡਾਂ ਨੇ ਸਾਡੀ ਸੋਚਣ ਅਤੇ ਜੀਉਣ ਦੀ ਦੁਨੀਆ ਨੂੰ ਕਾਫ਼ੀ ਬਦਲ ਦਿੱਤਾ ਹੈ। ਮਿਸਾਲ ਵਜੋਂ ਜਦੋਂ ਕੋਈ ਬੱਚਾ ਮੋਬਾਈਲ 'ਤੇ ਆਨਲਾਈਨ ਗੇਮ- ਜਿਵੇਂ ਪਬਜੀ ਜਾਂ ਫ੍ਰੀ ਫਾਇਰ ਖੇਡਦਾ ਹੈ, ਤਾਂ ਉਹ ਸਿਰਫ਼ ਉਂਗਲਾਂ ਨਹੀਂ ਚਲਾ ਰਿਹਾ ਹੁੰਦਾ। ਉਹ ਤੇਜ਼ੀ ਨਾਲ ਫ਼ੈਸਲੇ ਲੈ ਰਿਹਾ ਹੁੰਦਾ ਹੈ, ਅਣਜਾਣ ਹਾਲਾਤ ਦਾ ਸਾਹਮਣਾ ਕਰ ਰਿਹਾ ਹੁੰਦਾ ਹੈ ਅਤੇ ਜਿੱਤ-ਹਾਰ ਦਾ ਅਨੁਭਵ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਕੰਪਿਊਟਰ ਖੇਡਾਂ ਮਨੁੱਖ ਦੇ ਵਰਤਾਅ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਬੱਚਾ ਖੇਡ ਰਾਹੀਂ ਧੀਰਜ ਰੱਖਣਾ, ਯੋਜਨਾ ਬਣਾਉਣਾ, ਹਾਰ ਤੋਂ ਬਾਹਰ ਆਉਣਾ ਅਤੇ ਵਾਰ-ਵਾਰ ਕੋਸ਼ਿਸ਼ ਕਰਨਾ ਸਿੱਖਦਾ ਹੈ।

ਹਰ ਗੱਲ, ਹਰ ਤਸਵੀਰ ਅਤੇ ਹਰ ਖੇਡ ਸਾਡੀ ਕਲਪਨਾ 'ਤੇ ਟਿਕੀ ਹੁੰਦੀ ਹੈ। ਇਹੀ ਕਲਪਨਾ ਸਾਨੂੰ ਨਵੀਂ ਸੋਚ ਅਤੇ ਨਵੀਆਂ ਖੇਡਾਂ ਵੱਲ ਲੈ ਜਾਂਦੀ ਹੈ, ਪਰ ਕਈ ਵਾਰ ਇਹ ਸਾਨੂੰ ਧੋਖਾ ਵੀ ਦੇ ਸਕਦੀ ਹੈ। ਪਹਿਲਾਂ ਬੱਚੇ ਅੰਬ ਦੀ ਗੁਠਲੀ ਨੂੰ ਛੁਰੀ ਵਾਂਗ ਵਰਤਦੇ ਸਨ ਅਤੇ ਲੱਕੜ ਦੀ ਛੜੀ ਨੂੰ ਤਲਵਾਰ ਮੰਨ ਕੇ ਖੇਡਦੇ ਸਨ-ਅਰਥਾਤ ਉਹ ਕਲਪਨਾ ਨਾਲ ਖੇਡਦੇ ਸਨ। ਅੱਜ ਉਹੀ ਕਲਪਨਾਵਾਂ ਸਕ੍ਰੀਨ 'ਤੇ ਆ ਗਈਆਂ ਹਨ, ਜਿਨ੍ਹਾਂ ਨੂੰ ਅਸੀਂ ਵੀਡੀਓ ਗੇਮ ਕਹਿੰਦੇ ਹਾਂ।

ਇਹ ਖੇਡਾਂ ਹੁਣ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਰਹੀਆਂ, ਸਗੋਂ ਸਮਾਜ ਵਿੱਚ ਤਕਨੀਕੀ ਅਤੇ ਸੱਭਿਆਚਾਰਕ ਬਦਲਾਅ ਦਾ ਪ੍ਰਤੀਕ ਵੀ ਬਣ ਚੁੱਕੀਆਂ ਹਨ।

⇒ ਬਾਕੀ ਅਗਲੇ ਸਫ਼ੇ ਉਤੇ ਪੜ੍ਹੋ

# 'ਚਲੋ, ਅੱਜ ਰਾਜੇ ਨੂੰ ਸੱਥ ਵਿੱਚ ਬੁਲਾਈਏ'

**ਸੁਸ਼ੀਲ ਦੁਸਾਂਝ**

'ਕਿਉਂਕਿ ਬੱਚੇ
ਵਿਰੋਧੀ ਧਿਰ ਦੀ
ਭੂਮਿਕਾ ਨਹੀਂ ਨਿਭਾਅ ਸਕਦੇ
ਕਿਉਂਕਿ ਬੱਚਿਆਂ ਦੀ
ਕੋਈ ਸਰਕਾਰ ਨਹੀਂ ਹੁੰਦੀ
ਇਸ ਲਈ ਬੱਚਿਆਂ ਬਾਰੇ
ਗੰਭੀਰਤਾ ਨਾਲ ਸੋਚੋ।'

ਇਹ ਹਿੰਦੀ ਸ਼ਾਇਰ ਹਰੀਸ਼ ਚੰਦਰ ਪਾਂਡੇ ਦੀ ਨਜ਼ਮ ਦੀਆਂ ਸ਼ੁਰੂਆਤੀ ਸਤਰਾਂ ਹਨ। ਵੇਲਾ ਸੱਚਮੁੱਚ ਹੀ ਅੱਜ ਬੱਚਿਆਂ ਬਾਰੇ ਗੰਭੀਰਤਾ ਨਾਲ ਸੋਚਣ ਦਾ ਆ ਗਿਆ ਹੈ। ਇਹ ਉਹ ਸਮਾਂ ਹੈ, ਜਦੋਂ ਬਾਲ ਹੱਥਾਂ ਵਿਚ ਪੈਨ-ਪੈਨਸਿਲਾਂ ਦੀ ਥਾਂ ਕੂੜਾ-ਕਰਕਟ ਹੈ।

ਬਾਲਾਂ ਬਾਰੇ ਸੋਚਣ-ਸਮਝਣ ਅਤੇ ਕੁੱਝ ਕਰਨ ਦੀ ਲੋੜ ਇਸ ਕਰ ਕੇ ਵੀ ਹੈ ਕਿ ਹਾਕਮ ਸਿਰਫ਼ ਕਾਨੂੰਨ ਹੀ ਬਣਾਉਂਦੇ ਹਨ, ਇਨ੍ਹਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਵਿੱਚ ਅੱਜ ਤੱਕ ਕੋਈ ਸਰਕਾਰ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਈ। ਇਹ ਗੱਲ ਸਾਰੇ ਖੇਤਰਾਂ ਦੇ ਸਬੰਧ ਵਿੱਚ ਹੀ ਹੈ, ਪਰ ਮੁਲਕ ਦੇ ਭਵਿੱਖ ਬੱਚਿਆਂ ਦੇ ਰਹਿਣ-ਸਹਿਣ, ਖਾਣ-ਪੀਣ, ਪਹਿਨਣ-ਪਚਰਨ, ਪੜ੍ਹਨ-ਲਿਖਣ ਅਤੇ ਖੇਡਣ-ਮੱਲਣ ਦੀ ਹਾਲਤ ਤਾਂ ਬਦ ਤੋਂ ਬਦਤਰ ਹੋਣ ਵੱਲ ਹੈ।

ਇਹ ਬਦਤਰ ਪ੍ਰਸਥਿਤੀਆਂ ਉਦੋਂ ਹਨ, ਜਦੋਂ ਭਾਰਤ ਸਰਕਾਰ ਨੇ ਬਾਲ-ਮਜ਼ਦੂਰੀ 'ਤੇ ਕਾਨੂੰਨੀ ਪਾਬੰਦੀ ਲਾਈ ਹੋਈ ਹੈ। ਬਾਲ ਮਜ਼ਦੂਰੀ (ਪ੍ਰਤਿਬੰਧ ਅਤੇ ਨਿਯਮਨ) ਕਾਨੂੰਨ 1986 ਨੂੰ 2016 ਵਿੱਚ ਸੋਧ ਕੇ 14 ਸਾਲ ਤੱਕ ਦੇ ਬੱਚਿਆਂ ਤੋਂ ਕੰਮ ਲੈਣਾ ਪੂਰੀ ਤਰ੍ਹਾਂ ਜੁਰਮ ਕਰਾਰ ਦਿੱਤਾ ਗਿਆ ਸੀ ਅਤੇ 14 ਤੋਂ 18 ਸਾਲ ਦੇ ਬੱਚਿਆਂ ਨੂੰ ਖ਼ਤਰਨਾਕ ਉਦਯੋਗਾਂ ਵਿੱਚ ਕੰਮ ਕਰਵਾਉਣ 'ਤੇ ਵੀ ਰੋਕ ਲਗਾਈ ਗਈ ਸੀ।

ਪਰ ਕਾਨੂੰਨ ਦੀ ਕਿਹਨੂੰ ਪਰਵਾਹ ਹੈ? ਕਾਨੂੰਨ ਹੋਣ ਦੇ ਬਾਵਜੂਦ ਅੱਜ ਵੀ ਮੁਲਕ ਵਿੱਚ ਬਾਲ ਮਜ਼ਦੂਰੀ ਕੌੜਾ ਸੱਚ ਬਣੀ ਹੋਈ ਹੈ। 2011 ਦੀ ਜਨਗਣਨਾ ਮੁਤਾਬਕ ਭਾਰਤ ਵਿੱਚ ਕਰੀਬ 1 ਕਰੋੜ ਬਾਲ ਮਜ਼ਦੂਰ ਸਨ, ਪਰ ਬੱਚਿਆਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਕਈ ਸੰਸਥਾਵਾਂ ਦਾ ਕਹਿਣਾ ਹੈ ਕਿ ਅਸਲ ਗਿਣਤੀ ਇਸ ਤੋਂ ਕਾਫ਼ੀ ਵੱਧ ਹੈ।

ਅੰਤਰਰਾਸ਼ਟਰੀ ਮਜ਼ਦੂਰ ਸੰਸਥਾ ਅਤੇ ਯੂਨੀਸੈਫ ਦੀਆਂ ਤਾਜ਼ਾ ਰਿਪੋਰਟਾਂ ਮੁਤਾਬਕ ਦੁਨੀਆ ਵਿੱਚ ਲਗਭਗ 16 ਕਰੋੜ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ ਅਤੇ ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਇਹ ਸਮੱਸਿਆ ਅਜੇ ਵੀ ਵੱਡੇ ਪੱਧਰ 'ਤੇ ਮੌਜੂਦ ਹੈ। ਇਸ ਤੋਂ ਇਲਾਵਾ ਸਿੱਖਿਆ ਮੰਤਰਾਲੇ ਅਤੇ ਸਮਾਜਿਕ ਸੰਸਥਾਵਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਕੋਵਿਡ-19 ਮਹਾਂਮਾਰੀ ਤੋਂ ਬਾਅਦ ਬਾਲ ਮਜ਼ਦੂਰੀ ਦਾ ਖ਼ਤਰਾ ਹੋਰ ਵਧਿਆ ਹੈ, ਕਿਉਂਕਿ ਕਈ ਪਰਿਵਾਰ ਗਰੀਬੀ ਅਤੇ ਬੇਰੁਜ਼ਗਾਰੀ ਕਾਰਨ ਆਪਣੇ ਬੱਚਿਆਂ ਨੂੰ ਕੰਮ 'ਤੇ ਭੇਜਣ ਲਈ ਮਜਬੂਰ ਹੋਏ।

ਬਾਲ ਮਜ਼ਦੂਰੀ ਵਿਰੋਧੀ ਕਾਨੂੰਨ ਬਣਨ ਦੇ ਬਾਵਜੂਦ ਹਰ ਥਾਂ ਤੁਹਾਨੂੰ ਨਿੱਕੇ-ਨਿੱਕੇ ਬਾਲ ਹੋਟਲਾਂ, ਢਾਬਿਆਂ, ਫੈਕਟਰੀਆਂ, ਉਸਾਰੀ ਵਾਲੀਆਂ ਥਾਵਾਂ ਅਤੇ ਘਰਾਂ ਵਿੱਚ ਕੰਮ ਕਰਦੇ ਦਿਖਾਈ ਦੇ ਜਾਣਗੇ। ਇੱਥੋਂ ਤੱਕ ਕਿ ਮੁਲਕ ਵਿੱਚ ਭੀਖ ਮੰਗਣ ਵਾਲੇ ਬੱਚਿਆਂ ਅਤੇ ਕੂੜਾ ਚੁਗਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵੀ ਆਏ ਦਿਨ ਵਾਧਾ ਹੋ ਰਿਹਾ ਹੈ।

ਫੇਰ ਭਲਾ ਬਣੇ ਕਾਨੂੰਨਾਂ ਦਾ ਕੀ ਲਾਭ? ਇਸ ਕਰ ਕੇ ਅਸੀਂ ਕਹਿ ਰਹੇ ਹਾਂ ਕਿ ਹਾਕਮਾਂ ਦਾ ਕੰਮ ਹੁਣ ਤੱਕ ਸਿਰਫ਼ ਦਿਖਾਵੇ ਦਾ ਹੀ ਰਿਹਾ ਹੈ। ਸਰਕਾਰਾਂ ਦਾ ਬਹੁਤਾ ਕੰਮ ਕਾਗਜ਼ਾਂ ਵਿੱਚ ਹੀ ਚੱਲਦਾ ਹੈ ਅਤੇ ਕਾਗਜ਼ਾਂ ਵਿੱਚ ਹੀ ਭਾਰਤ ਹਰ ਖੇਤਰ ਵਿਚ ਮਹਾਨ ਹੈ, ਪਰ ਅਸਲ ਵਿੱਚ ਮੁਲਕ ਦੀ ਹਾਲਤ ਦਿਨ-ਬ-ਦਿਨ ਜਰਜਰ ਹੋਈ ਜਾ ਰਹੀ ਹੈ।

ਸ਼ਾਇਰ ਅਸ਼ਅਰ ਅਰੈਨਵੀ ਨੇ ਕਦੇ ਲਿਖਿਆ ਸੀ:
'ਇੱਥੇ ਮਹਿਲ ਬੜੇ ਬਹੁਰੰਗੇ ਨੇ,
ਪਰ ਬੱਚੇ ਭੁੱਖੇ ਨੰਗੇ ਨੇ।
ਇੱਥੇ ਰਾਮ-ਰਹੀਮ 'ਚ ਝਗੜਾ ਹੈ
ਮਜ਼ਬ੍ਹਾਂ ਦੇ ਰੌਲੇ ਦੰਗੇ ਨੇ,
ਕੁਝ ਗੀਤਾ ਹੈ, ਕੁਝ ਕੁਰਾਨ ਹੈ
ਇਹ ਮੇਰਾ ਭਾਰਤ ਮਹਾਨ ਹੈ।'

ਜਦੋਂ ਮੁਲਕ ਦੇ ਕਰੋੜਾਂ-ਕਰੋੜ ਲੋਕ ਬੇਰੁਜ਼ਗਾਰੀ ਦੀ ਦਲ-ਦਲ ਵਿੱਚ ਫੱਸਦੇ ਜਾ ਰਹੇ ਹੋਣ, ਉਦੋਂ ਬਾਲ ਮਜ਼ਦੂਰੀ ਨਾਲ ਜੂਝਦੇ ਦੇਸ਼ ਨੂੰ ਕਿਵੇਂ ਮਹਾਨ ਮੁਲਕ ਕਿਹਾ ਜਾ ਸਕਦਾ ਹੈ? ਸਵਾਲ ਇਹ ਵੀ ਹੈ ਕਿ ਜਿਨ੍ਹਾਂ ਖੇਤਰਾਂ ਵਿੱਚ ਇਹ ਬਾਲ ਮਜ਼ਦੂਰ ਕੰਮ ਕਰ ਰਹੇ ਹਨ, ਉੱਥੇ ਵੀ ਹਾਲਾਤ ਚੰਗੇ ਨਹੀਂ। ਕੰਮ ਦੀਆਂ ਹਾਲਤਾਂ ਬੇਹੱਦ ਮਾੜੀਆਂ ਹਨ। ਇਨ੍ਹਾਂ ਤੋਂ ਕੰਮ ਲੈਣ ਵਾਲੇ ਬਹੁਤ ਹੀ ਅਮਾਨਵੀ ਢੰਗ ਨਾਲ ਕੰਮ ਲੈਂਦੇ ਹਨ। ਬਹੁਤੇ ਥਾਈਂ ਬੱਚਿਆਂ ਨਾਲ ਜਾਨਵਰਾਂ ਵਾਂਗ ਪੇਸ਼ ਆਇਆ ਜਾਂਦਾ ਹੈ।

ਇਹਦੇ ਨਾਲ ਬੱਚਿਆਂ ਵਿੱਚ ਹੋਰ ਵੀ ਬੇਗਾਨਗੀ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਮਾਸੂਮ ਦਿਲਾਂ ਵਿੱਚ ਅੱਗ ਦੇ ਭਾਂਬੜ ਵੀ ਉੱਠਦੇ ਹਨ। ਇਨ੍ਹਾਂ ਭਾਂਬੜਾਂ ਨੂੰ ਕਿਸੇ ਪਾਸਿਓਂ ਵੀ ਜਦ ਸਹੀ ਦਿਸ਼ਾ ਨਹੀਂ ਮਿਲਦੀ ਤਾਂ ਇਹ ਗਲਤ ਰਸਤਿਆਂ 'ਤੇ ਤੁਰ ਪੈਂਦੇ ਹਨ, ਜਿਹਦੇ ਨਤੀਜੇ ਹੋਰ ਵੀ ਖ਼ਤਰਨਾਕ ਨਿਕਲਦੇ ਹਨ।

ਸਵਾਲਾਂ ਦਾ ਸਵਾਲ ਇਹ ਹੈ ਕਿ ਪੜ੍ਹਨ-ਲਿਖਣ ਦੀ ਉਮਰੇ ਇਨ੍ਹਾਂ ਦੇ ਹੱਥਾਂ ਵਿੱਚ ਕੂੜੇ-ਕਰਕਟ ਦੀਆਂ ਟੋਕਰੀਆਂ ਕਿਉਂ ਆ ਗਈਆਂ ਹਨ? ਕਿਉਂ ਕਾਨੂੰਨ ਹੋਣ ਦੇ ਬਾਵਜੂਦ ਬਾਲ ਮਜ਼ਦੂਰੀ ਕਾਇਮ-ਦਾਇਮ ਹੀ ਨਹੀਂ ਸਗੋਂ ਕਈ ਥਾਵਾਂ 'ਤੇ ਵਧਦੀ ਵੀ ਦਿਖਾਈ ਦੇ ਰਹੀ ਹੈ?

ਇਨ੍ਹਾਂ ਸਵਾਲਾਂ ਦੇ ਜੁਆਬ ਕਿਸੇ ਸਰਕਾਰ ਕੋਲ ਇਸ ਲਈ ਨਹੀਂ ਹਨ, ਕਿਉਂਕਿ ਸਰਕਾਰ ਦੀਆਂ ਤਰਜੀਹਾਂ ਹੋਰ ਹਨ। ਸਾਫ਼ ਗੱਲ ਇਹ ਹੈ ਕਿ ਮੁਲਕ ਦੀ ਆਜ਼ਾਦੀ ਲਈ ਆਪਣਾ ਸਭ ਕੁੱਝ ਕੁਰਬਾਨ ਕਰਨ ਵਾਲਿਆਂ ਦੇ ਸੁਪਨਿਆਂ ਦਾ ਭਾਰਤ ਇਹ ਕੱਤਈ ਨਹੀਂ ਹੈ।

## ਇੱਥੇ ਮਹਿਲ ਬੜੇ ਬਹੁਰੰਗੇ ਨੇ, ਪਰ ਬੱਚੇ ਭੁੱਖੇ ਨੰਗੇ ਨੇ



ਸਿਰਫ਼ ਬਾਲ ਮਜ਼ਦੂਰਾਂ ਦਾ ਮਾਮਲਾ ਹੀ ਨਹੀਂ, ਜਿਹੜੇ ਬੱਚੇ ਸਕੂਲਾਂ ਵਿੱਚ ਜਾ ਵੀ ਰਹੇ ਹਨ, ਉਨ੍ਹਾਂ ਨੂੰ ਵੀ ਸਹੀ ਅਰਥਾਂ ਵਿੱਚ ਇਕ ਚੰਗਾ ਸ਼ਹਿਰੀ ਬਣਾਉਣ ਵਿੱਚ ਸਾਡੇ ਸਿਖਿਆ ਪ੍ਰਬੰਧ ਦੀ ਕੋਈ ਖਾਸ ਭੂਮਿਕਾ ਨਹੀਂ ਦਿਖਾਈ ਦਿੰਦੀ। ਆਪਣੇ ਮੁਲਕ ਵਿੱਚ ਸਿਖਿਆ ਵੀ ਵਰਗਾਂ ਵਿੱਚ ਵੰਡੀ ਹੋਈ ਹੈ-ਪਿੰਡਾਂ, ਕਸਬਿਆਂ, ਸ਼ਹਿਰਾਂ ਅਤੇ ਮਹਾਂਨਗਰਾਂ ਦੀ ਸਿਖਿਆ ਵਿਚਾਲੇ ਅਜੇ ਵੀ ਕੋਹਾਂ ਦਾ ਫ਼ਾਸਲਾ ਹੈ।

ਅਖ਼ੀਰ ਵਿੱਚ ਫੇਰ ਬਾਲ ਮਜ਼ਦੂਰਾਂ ਦੇ ਮਸਲੇ 'ਤੇ ਆਉਂਦੇ ਹਾਂ। ਮੁਲਕ ਦਾ ਭਵਿੱਖ ਕਹੇ ਜਾਣ ਵਾਲੇ ਬੱਚੇ ਅੱਜ ਦੀ ਤਰੀਕ ਵਿੱਚ ਸਭ ਤੋਂ ਜ਼ਿਆਦਾ ਮਾਰ ਹੇਠ ਹਨ। ਇਸ ਲਈ ਸਮਾਜ ਨੂੰ ਬਦਲ ਦੇਣ ਦੀ ਅੱਗ ਸੀਨੇ ਵਿੱਚ ਬਾਲੀ ਬੈਠੇ ਲੋਕਾਂ ਸਾਹਮਣੇ ਇਹ ਸਵਾਲ ਹੈ ਕਿ ਉਹ ਸਮਾਜ ਕਿਵੇਂ ਲਿਆਂਦਾ ਜਾਵੇ, ਜਿਹੜਾ ਆਪਣੇ ਸੁਪਨਿਆਂ ਦਾ ਸਮਾਜ ਹੋਵੇ?

ਸਾਡੀ ਸਮਝ ਮੁਤਾਬਕ ਪਹਿਲਾ ਕੰਮ ਸਰਕਾਰੀ ਭੁਚਲਾਵਿਆਂ ਤੋਂ ਬਾਹਰ ਆਉਣ ਦਾ ਹੋਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੇ ਭਰਮ ਤੋਂ ਮੁਕਤ ਹੋ ਕੇ ਹੀ ਸਮਾਜ ਬਦਲਣ ਦੀ ਪ੍ਰਕਿਰਿਆ ਦਾ ਅੰਗ ਬਣਿਆ ਜਾ ਸਕਦਾ ਹੈ। ਦੂਸਰਾ ਮਹੱਤਵਪੂਰਨ ਕਾਰਜ ਹੈ ਕਾਗਜ਼ੀ ਅਤੇ ਸ਼ਬਦੀ ਸੰਸਾਰ ਵਿਚੋਂ ਬਾਹਰ ਨਿਕਲ ਕੇ ਲੋਕ-ਮੁਕਤੀ ਸੰਘਰਸ਼ਾਂ ਵਿੱਚ ਸ਼ਮੂਲੀਅਤ ਦਾ। ਸਾਡੇ ਲਿਖ ਦੇਣ ਅਤੇ ਤੁਹਾਡੇ ਪੜ੍ਹ ਲੈਣ ਨਾਲ ਹੀ ਸਮਾਜ ਨਹੀਂ ਬਦਲਣਾ। ਇਸ ਲਈ ਵਿਸ਼ਾਲ ਜਨਸਮੂਹਾਂ ਦਾ ਹਿੱਸਾ ਬਣਨਾ ਹੀ ਪਵੇਗਾ। ਇਨ੍ਹਾਂ ਵਿਸ਼ਾਲ ਜਨਸਮੂਹਾਂ ਦੀ ਸ਼ਕਤੀ ਹੀ ਹਾਕਮਾਂ ਨੂੰ ਉਨ੍ਹਾਂ ਦੀ ਅਸਲ ਥਾਂ 'ਤੇ ਲਿਆ ਸਕਦੀ ਹੈ।

**ਹਿੰਦੀ ਸ਼ਾਇਰ ਅਸ਼ੋਕ ਗੁਪਤਾ ਦੀਆਂ ਇਨ੍ਹਾਂ ਸਤਰਾਂ ਨਾਲ ਗੱਲ ਮੁਕਾਉਂਦੇ ਹਾਂ:**

***ਰਾਜਾ, ਬਹੁਤ ਦਿਨਾਂ ਤੋਂ
ਬਾਹਰ ਘੁੰਮਣ ਨਹੀਂ ਨਿਕਲਿਆ
ਉਹਨੇ
ਦੇਖੇ ਨਹੀਂ ਨਿਊਲੇ
ਸੁੰਘੇ ਨਹੀਂ ਫੁੱਲ
ਸੁਣਿਆ ਨਹੀਂ
ਆਦਮੀ ਦੀ ਭਾਸ਼ਾ ਵਿੱਚ ਗੀਤ
ਚਲੋ
ਅੱਜ ਰਾਜੇ ਨੂੰ ਸੱਥ ਵਿੱਚ ਬੁਲਾਈਏ।***

# ਭਵਿੱਖ ਬੰਦੂਕਾਂ ਨਾਲ ਨਹੀਂ, ਸੋਚ ਅਤੇ ਸਿਰਜਣਾ ਨਾਲ ਬਣਦਾ ਹੈ

5 ਮਾਰਚ ਨੂੰ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਹਜ਼ਾਰਾਂ ਨੌਜਵਾਨ 'ਸਕੂਲ ਸਟਰਾਈਕ' ਕਰਦੇ ਹੋਏ ਸੜਕਾਂ 'ਤੇ ਉਤਰ ਆਏ। ਇਸੇ ਦਿਨ ਜਰਮਨੀ ਦੇ 130 ਤੋਂ ਵੱਧ ਸ਼ਹਿਰਾਂ ਅਤੇ ਕਸਬਿਆਂ ਵਿੱਚ ਲਗਭਗ 50,000 ਨੌਜਵਾਨ ਜੰਗੀ ਤਿਆਰੀਆਂ ਦੇ ਵਿਰੋਧ ਵਿੱਚ ਇਕੱਠੇ ਹੋਏ। ਦਸੰਬਰ 2025 ਤੋਂ ਬਾਅਦ ਇਹ ਇਸ ਮੁੱਦੇ 'ਤੇ ਹੋਈ ਦੂਜੀ ਵੱਡੀ 'ਸਕੂਲ ਸਟਰਾਈਕ' ਸੀ।

ਜਰਮਨ ਸਰਕਾਰ ਵੱਲੋਂ ਮੁੜ ਲਾਜ਼ਮੀ ਫ਼ੌਜੀ ਭਰਤੀ ਲਾਗੂ ਕਰਨ ਦੀ ਤਿਆਰੀ ਦੇ ਵਿਰੋਧ ਵਿੱਚ ਨੌਜਵਾਨਾਂ ਦਾ ਇਹ ਉਭਾਰ ਕੇਵਲ ਇੱਕ ਮੁਲਕ ਦੀ ਘਟਨਾ ਨਹੀਂ। ਇਹ ਜੰਗੀ ਸਿਆਸਤ ਦੇ ਖ਼ਿਲਾਫ਼ ਨੌਜਵਾਨ ਚੇਤਨਾ ਦੀ ਸਪਸ਼ਟ ਪ੍ਰਤੀਕਿਰਿਆ ਹੈ। ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਦਾ ਸਵਾਲ ਸਿੱਧਾ ਹੈ- ਕੀ ਮੁਲਕਾਂ ਦੀ ਸਿਆਸਤ ਅਤੇ ਹਥਿਆਰਾਂ ਦੇ ਬਾਜ਼ਾਰ ਲਈ ਨੌਜਵਾਨਾਂ ਨੂੰ ਜੰਗ ਦੇ ਮੈਦਾਨਾਂ ਵਿੱਚ ਝੋਕਿਆ ਜਾ ਸਕਦਾ ਹੈ?

ਦੁਨੀਆ ਵਿੱਚ ਜੰਗਾਂ ਦੇ ਕਾਰਨ ਭਾਵੇਂ ਬਦਲੇ ਹੋਏ ਦਿਸਣ, ਪਰ ਉਨ੍ਹਾਂ ਦੀ ਅਸਲ ਹਕੀਕਤ ਨਹੀਂ ਬਦਲੀ। ਜੰਗਾਂ ਵਿੱਚ ਮਰਨ ਵਾਲੇ ਅਕਸਰ ਉਹੀ ਨੌਜਵਾਨ ਹੁੰਦੇ ਹਨ; ਜਿਨ੍ਹਾਂ ਦੇ ਹੱਥਾਂ ਵਿੱਚ ਕਿਤਾਬਾਂ, ਸਿਰਜਣਾਤਮਕ ਔਜ਼ਾਰ ਅਤੇ ਨਵੀਆਂ ਸੋਚਾਂ ਹੋਣੀਆਂ ਚਾਹੀਦੀਆਂ ਹਨ। ਜਰਮਨੀ ਦੇ ਨੌਜਵਾਨਾਂ ਦਾ ਇਹ ਕਹਿਣਾ ਕਿ ਉਨ੍ਹਾਂ ਨੂੰ ਹਥਿਆਰ ਕੰਪਨੀਆਂ ਦੇ ਮਾਲੀ ਲਾਭਾਂ ਲਈ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ, ਜੰਗੀ ਸਿਆਸਤ ਦੀ ਕਾਲੀ ਹਕੀਕਤ ਨੂੰ ਬੇਨਕਾਬ ਕਰਦਾ ਹੈ।

ਭਾਰਤ ਦੇ ਸੰਦਰਭ ਵਿੱਚ ਵੀ ਇਹ ਸਵਾਲ ਗ਼ੈਰ-ਪ੍ਰਸੰਗਕ ਨਹੀਂ। ਬੇਰੁਜ਼ਗਾਰੀ, ਸਿੱਖਿਆ ਅਤੇ ਸਿਹਤ ਵਰਗੀਆਂ ਬੁਨਿਆਦੀ ਚੁਣੌਤੀਆਂ ਮੌਜੂਦ ਹਨ ਪਰ ਸਿਆਸੀ ਸੰਵਾਦ ਅਕਸਰ ਰਾਸ਼ਟਰਵਾਦੀ ਜੋਸ਼ ਅਤੇ ਫੌਜੀ ਤਾਕਤ ਦੇ ਪ੍ਰਦਰਸ਼ਨ ਤੱਕ ਸਿਮਟ ਜਾਂਦਾ ਹੈ। ਨੌਜਵਾਨਾਂ ਨੂੰ ਰਚਨਾਤਮਕ ਖੇਤਰਾਂ ਵੱਲ ਲਿਜਾਣ ਦੀ ਥਾਂ ਉਨ੍ਹਾਂ ਨੂੰ ਜੰਗੀ ਮਨੋਵਿਰਤੀ ਵੱਲ ਧੱਕਣਾ ਖ਼ਤਰਨਾਕ ਰੁਝਾਨ ਹੈ।

ਕਿਸੇ ਵੀ ਦੇਸ਼ ਦੀ ਅਸਲੀ ਤਾਕਤ ਉਸਦੇ ਹਥਿਆਰਾਂ ਵਿੱਚ ਨਹੀਂ, ਉਸਦੇ ਗਿਆਨਵਾਨ ਅਤੇ ਰਚਨਾਸ਼ੀਲ ਨੌਜਵਾਨਾਂ ਵਿੱਚ ਹੁੰਦੀ ਹੈ। ਜੇ ਸੱਤਾ ਆਪਣੇ ਨੌਜਵਾਨਾਂ ਨੂੰ ਜੰਗ ਲਈ ਤਿਆਰ ਕਰਨ ਵਿੱਚ ਹੀ ਭਵਿੱਖ ਦੇਖਣ ਲੱਗ ਪਵੇ ਤਾਂ ਇਹ ਮਨੁੱਖਤਾ ਦੀ ਹਾਰ ਹੈ।

ਜਰਮਨੀ ਦੇ ਨੌਜਵਾਨਾਂ ਦੀ ਇਹ ਅਵਾਜ਼ ਸਿਰਫ਼ ਉਥੇ ਦੀ ਨਹੀਂ, ਇਹ ਦੁਨੀਆ ਭਰ ਦੀ ਅਵਾਜ਼ ਹੈ। ਨੌਜਵਾਨਾਂ ਨੂੰ ਜੰਗ ਲਈ ਨਹੀਂ, ਸ਼ਾਂਤੀ ਅਤੇ ਸਮਾਜ ਦੀ ਉਸਾਰੀ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ, ਭਵਿੱਖ ਬੰਦੂਕਾਂ ਨਾਲ ਨਹੀਂ, ਸੋਚ ਅਤੇ ਸਿਰਜਣਾ ਨਾਲ ਬਣਦਾ ਹੈ।

# ਇੰਟਰਨੈੱਟ ਯੁੱਗ ਵਿੱਚ ਜੀਵਨ ਦਾ 'ਗੇਮੀਕਰਨ'

*...ਪਿਛਲੇ ਸਫੇ ਦੀ ਬਾਕੀ ⇒*

ਹਨ। ਜਿਵੇਂ-ਜਿਵੇਂ ਜੁੱਤੇ, ਘੜੀਆਂ ਅਤੇ ਕੱਪੜੇ ਸਮੇਂ, ਲੋੜ ਅਤੇ ਪਸੰਦ ਦੇ ਅਨੁਸਾਰ ਬਦਲਦੇ ਗਏ, ਓਸੇ ਤਰ੍ਹਾਂ ਵੀਡੀਓ ਗੇਮਾਂ ਦੀਆਂ ਵੀ ਕਈ ਕਿਸਮਾਂ ਬਣ ਗਈਆਂ-ਐਕਸ਼ਨ, ਐਡਵੈਂਚਰ, ਰਣਨੀਤੀ, ਰੋਲ-ਪਲੇਇੰਗ ਅਤੇ ਕੈਜ਼ੂਅਲ ਗੇਮਾਂ। ਅੱਜ ਮੋਬਾਈਲ ਅਤੇ ਇੰਟਰਨੈੱਟ ਨੇ ਖੇਡਾਂ ਨੂੰ ਕਿਸੇ ਇੱਕ ਕਮਰੇ ਜਾਂ ਟੀ.ਵੀ. ਤੱਕ ਸੀਮਿਤ ਨਹੀਂ ਰੱਖਿਆ। ਬੱਸ ਜਾਂ ਟ੍ਰੇਨ ਵਿੱਚ ਬੈਠਿਆ ਵਿਅਕਤੀ ਵੀ ਗੇਮ ਖੇਡ ਸਕਦਾ ਹੈ ਅਤੇ ਖੇਤ ਵਿੱਚ ਕੰਮ ਕਰਦਾ ਕੋਈ ਨੌਜਵਾਨ ਵੀ। ਇਹੀ ਵੀਡੀਓ ਗੇਮਾਂ ਦੀ ਅਸਲ ਤਾਕਤ ਹੈ-ਇਹ ਹਰ ਉਮਰ, ਹਰ ਵਰਗ ਅਤੇ ਹਰ ਹਾਲਾਤ ਵਿੱਚ ਆਪਣੀ ਥਾਂ ਬਣਾ ਚੁੱਕੀਆਂ ਹਨ।

ਆਧੁਨਿਕ ਜੀਵਨ ਵਿੱਚ ਕੰਮ, ਪ੍ਰਦਰਸ਼ਨ ਅਤੇ ਪਛਾਣ ਦੇ ਜੋ ਰੂਪ ਸਾਹਮਣੇ ਆਏ ਹਨ, ਉਹ ਸਿਰਫ਼ ਨਿਯਮਾਂ ਅਤੇ ਯੋਗਤਾ ਤੱਕ ਸੀਮਿਤ ਨਹੀਂ ਰਹੇ। ਹੁਣ 'ਕਿਵੇਂ ਕੀਤਾ ਗਿਆ' ਇਹ ਵੀ ਉਤਨਾ ਹੀ ਮਹੱਤਵਪੂਰਨ ਹੋ ਗਿਆ ਹੈ, ਜਿੰਨਾ ਕਿ 'ਕੀ ਕੀਤਾ ਗਿਆ।' ਇਹ ਬਦਲਾਅ ਕੰਮ ਵਾਲੀਆਂ ਥਾਵਾਂ ਵਿੱਚ ਇੱਕ ਤਰ੍ਹਾਂ ਦੇ ਖੇਡ ਤੱਤ ਨੂੰ ਜਨਮ ਦਿੰਦਾ ਹੈ, ਜਿੱਥੇ ਆਪਣੇ ਆਪ ਨੂੰ ਪ੍ਰਗਟ ਕਰਨਾ ਅਤੇ ਆਪਣੇ ਕੰਮ ਨੂੰ ਪੇਸ਼ ਕਰਨ ਦਾ ਤਰੀਕਾ ਵੀ ਕਾਮਯਾਬੀ ਦਾ ਮਾਪਦੰਡ ਬਣਦਾ ਜਾ ਰਿਹਾ ਹੈ। ਪਰ ਇਹ ਖੇਡ ਸਾਰੇ ਲੋਕਾਂ ਲਈ ਇੱਕੋ ਜਿਹੀ ਨਹੀਂ ਹੁੰਦੀ। ਇਹ ਸਭਿਆਚਾਰਕ ਪੂੰਜੀ, ਸਮਾਜਿਕ ਪਿਛੋਕੜ ਅਤੇ ਆਪਣੀ ਗੱਲ ਕਹਿਣ ਦੀ ਸਮਰੱਥਾ 'ਤੇ ਨਿਰਭਰ ਕਰਦੀ ਹੈ। ਇਸ ਕਾਰਨ ਸਮਾਜ ਵਿੱਚ ਅਸਮਾਨਤਾਵਾਂ ਹੋਰ ਮਜ਼ਬੂਤ ਹੋ ਜਾਂਦੀਆਂ ਹਨ।

ਇਸਦੇ ਨਾਲ-ਨਾਲ ਸਮਾਜ ਵਿੱਚ ਸਫਲਤਾ ਨੂੰ ਹੁਣ ਕੋਸ਼ਿਸ਼ ਜਾਂ ਯੋਗਤਾ ਨਾਲ ਨਹੀਂ, ਸਗੋਂ ਸਿਰਫ਼ ਨਤੀਜਿਆਂ ਨਾਲ ਮਾਪਿਆ ਜਾਣ ਲੱਗ ਪਿਆ ਹੈ। ਜੇ ਨਤੀਜੇ ਚੰਗੇ ਹੋਣ ਤਾਂ ਉਹ ਵਿਅਕਤੀ ਦੀ ਪ੍ਰਤਿਭਾ ਮੰਨੀ ਜਾਂਦੀ ਹੈ ਅਤੇ ਜੇ ਨਤੀਜੇ ਚੰਗੇ ਨਾ ਹੋਣ ਤਾਂ ਦੋਸ਼ ਵੀ ਉਸੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਹ ਕਿਸਮਤ, ਸੰਯੋਗ ਅਤੇ ਸਮਾਜਕ ਪ੍ਰਵਾਨਗੀ ਦੀ ਇੱਕ ਅਜੀਬ ਖੇਡ ਬਣ ਜਾਂਦੀ ਹੈ- ਜਿੱਥੇ ਹਾਰ ਨੂੰ ਲੁਕਾ ਲਿਆ ਜਾਂਦਾ ਹੈ ਅਤੇ ਜਿੱਤ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ।

---

*(ਲੇਖਕ ਇਲਾਹਾਬਾਦ ਯੂਨੀਵਰਸਿਟੀ, ਪ੍ਰਯਾਗਰਾਜ, ਉੱਤਰ ਪ੍ਰਦੇਸ਼ ਵਿੱਚ ਸਮਾਜ-ਸ਼ਾਸਤਰ ਵਿਭਾਗ ਦੇ ਖੋਜਾਰਥੀ ਹਨ)*

# ਗੁਰਦੁਆਰਾ ਪੈਲਾਟਾਈਨ ਚੋਣਾਂ ਸਬੰਧੀ ਪ੍ਰਚਾਰ ਦਾ ਮੁੱਢ ਬੱਝਾ

*...ਸਫਾ 10 ਦੀ ਬਾਕੀ ⇒*

ਰਾਜਨੀਤਕ ਤੌਰ 'ਤੇ ਪ੍ਰਭਾਵ ਵੀ ਵਧਦਾ ਹੈ। ਉਨ੍ਹਾਂ ਕਿਹਾ ਕਿ ਮੈਂਬਰਸ਼ਿਪ ਨੂੰ ਸਿਰਫ਼ ਵੋਟਾਂ ਨਾਲ ਜੋੜ ਲੈਣਾ ਵੱਡੀ ਗਲਤੀ ਹੈ, ਜਿਸ ਕਾਰਨ ਲੋਕ ਮੈਂਬਰਸ਼ਿਪ ਲੈਣ ਤੋਂ ਟਲਣ ਲੱਗ ਪਏ ਹਨ। ਸ. ਬੰਦੇਸ਼ਾ ਨੇ ਸਵਾਲ ਕੀਤਾ ਕਿ ਕੀ ਅਸੀਂ ਗੁਰੂਘਰ ਹੋਰ ਸਮਾਜਿਕ ਲੋੜਾਂ ਪੂਰੀਆਂ ਕਰਨ ਲਈ ਕੁਝ ਕੀਤਾ? ਕੀ ਅਸੀਂ ਭਾਈਚਾਰਕ ਤੌਰ 'ਤੇ ਘਰਾਂ ਵਿੱਚ ਇਕੱਲੇ ਬੈਠੇ ਬਜ਼ੁਰਗਾਂ ਦੀ ਸਾਂਭ-ਸੰਭਾਲ ਲਈ ਕੁਝ ਕੀਤਾ? ਉਨ੍ਹਾਂ ਕਿਹਾ ਕਿ ਗੁਰੂਘਰ ਦੀ ਇਮਾਰਤ ਵਿਸ਼ੇਸ਼ ਜਾਂ ਨਿੱਜੀ ਸਮਾਗਮਾਂ ਦੇ ਦਿਨਾਂ ਤੋਂ ਬਿਨਾ ਖਾਲੀ ਹੁੰਦੀ ਹੈ, ਉਸ ਨੂੰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

ਸੁਖਮੇਲ ਸਿੰਘ ਅਟਵਾਲ ਨੇ ਕਿਹਾ ਕਿ ਗੁਰਦੁਆਰਾ ਬਣੇ ਨੂੰ ਪੰਜਾਹ ਸਾਲ ਹੋ ਗਏ ਹਨ, ਇੱਥੇ ਅਮੁੱਕ ਲੜਾਈ ਹੈ ਤੇ ਇੰਦਾਂ ਹੀ ਰਹਿਣੀ ਹੈ ਜਦੋਂ ਤੱਕ ਅਸੀਂ ਇਕੱਠੇ ਬਹਿਣਾ ਨਹੀਂ ਸਿੱਖਦੇ। ਜੇ ਅਸੀਂ ਅਜੇ ਤੱਕ ਨਹੀਂ ਸਿੱਖਿਆ, ਤਾਂ ਸਿੱਖਣਾ ਅਗਾਂਹ ਵੀ ਨਹੀਂ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਮਖ਼ਤਾ ਜ਼ਾਹਰ ਕੀਤਾ ਕਿ ਚੋਣਾਂ ਸਮੇਂ ਸਰਗਰਮ ਹੋਣ ਨਾਲੋਂ ਸਾਰਾ ਸਾਲ ਮਿਲਦੇ-ਜੁਲਦੇ ਰਹੋ। ਜੇ ਕੋਈ (ਗੁਰੂਘਰ ਵਿੱਚ) ਗਲਤ ਕੰਮ ਕਰਦਾ ਹੈ ਤਾਂ ਉਸ ਨੂੰ ਸੰਗਤ ਸਾਹਮਣੇ ਲਿਆਓ।

ਇਰਵਿਨਪ੍ਰੀਤ ਸਿੰਘ ਨੇ ਉਮੀਦਵਾਰਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਸਾਡੇ ਵਿੱਚ ਵਖਰੇਂਵੇ ਬਹੁਤ ਹਨ, ਪਰ ਸਾਨੂੰ ਜੋੜਨ ਵਾਲਾ ਗੁਰੂ ਗ੍ਰੰਥ ਸਾਹਿਬ ਹੈ। ਜਿਹੜਾ ਵੀ ਕਿਸੇ ਅਹੁਦੇ 'ਤੇ ਆਵੇ, ਉਸ ਨੂੰ ਸਾਂਝੀਵਾਲਤਾ ਦਾ ਸੁਨੇਹਾ ਅੱਗੇ ਵਧਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਗਤ ਦਾ ਵੀ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਨੂੰ ਹੀ ਚੁਣੇ ਜੋ ਯੋਗ ਹੋਣ; ਜੇ ਸੰਗਤ ਸੁਚੇਤ ਹੋਵੇਗੀ ਤਾਂ ਲੀਡਰ ਵੀ ਸੁਚੇਤ ਹੋਣਗੇ। ਯਾਦਵਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਗੁਰੂਘਰ ਵਿੱਚ ਘਿਨਾਉਣੀਆਂ ਹਰਕਤਾਂ ਹੋਣ ਕਾਰਨ ਹੁਣ ਉਹ ਗੁਰੂ ਘਰ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਗੁਰਦੁਆਰਾ ਬੋਰਡ ਵਿੱਚ ਹੁੰਦਿਆਂ ਜੋ ਮੇਰੇ ਨਾਲ ਵਾਪਰ ਰਿਹਾ ਹੈ, ਮੈਨੂੰ ਹੀ ਪਤਾ ਹੈ। ਉਨ੍ਹਾਂ ਗੁਰਦੁਆਰਾ ਸਾਹਿਬ ਵਿੱਚ ਖਾਲਿਸਤਾਨ ਸਬੰਧੀ ਗਤੀਵਿਧੀਆਂ ਉਤੇ ਵੀ ਕਿੰਤੂ-ਪ੍ਰੰਤੂ ਕੀਤਾ।

ਜਗਜੀਤ ਸਿੰਘ ਢੀਂਡਸਾ ਨੇ ਸੁਝਾਅ ਦਿੱਤਾ ਕਿ ਜਦੋਂ ਮੈਂਬਰਸ਼ਿਪ ਬਣਦੀ ਹੈ, ਉਦੋਂ ਗੁਰਦੁਆਰੇ ਵਿੱਚ ਵਿਸ਼ੇਸ਼ ਟੇਬਲ ਲਾ ਕੇ ਜਾਣਕਾਰੀ ਦੇਣੀ ਚਾਹੀਦੀ ਹੈ। ਸੁਰਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਬਲਬੀਰ ਸਿੰਘ, ਗੁਰਮੀਤ ਸਿੰਘ ਬੈਂਸ, ਸੁਖਵੰਤ ਸਿੰਘ ਅਤੇ ਹੋਰਨਾਂ ਨੇ ਉਮੀਦਵਾਰਾਂ ਦੀ ਹਮਾਇਤ ਵਿੱਚ ਵਿੱਤੀ ਸਹਾਇਤਾ ਦਿੱਤੀ।

# ਕੌਡੀ ਤੋਂ ਕਬੱਡੀ

## ■ਪੰਜਾਬ ਦੀ ਮਾਂ ਖੇਡ ਕਬੱਡੀ ਆਖਿਰ ਕਿਉਂ ਨਹੀਂ ਕਰ ਸਕੀ ਉਲੰਪਿਕ ਦਾ ਸਫਰ
## ■ਡਰੱਗਜ਼ ਦੇ ਲੱਗੇ ਧੱਬੇ ਨੇ ਇਸ ਦੇ ਰਾਹ 'ਚ ਰੋੜੇ ਅਟਕਾਏ ਤੇ ਇਸ ਦੇ ਵੱਕਾਰ ਨੂੰ ਮਾਰੀ ਸੱਟ

**ਸੰਤੋਖ ਸਿੰਘ ਮੰਡੇਰ ਅਤੇ ਡਾ. ਜਤਿੰਦਰ ਸਾਬੀ**

ਕਿਸੇ ਵੇਲੇ ਪੰਜਾਬ ਦੇ ਹਰ ਪਿੰਡ ਦੇ ਰੇਤੇ ਵਾਲੇ ਟਿੱਬਿਆਂ ਅਤੇ ਨਿਆਈ ਵਾਲੇ ਵਾਹਣਾਂ ਦੇ 'ਦੇਸੀ ਖੇਡ ਮੈਦਾਨਾਂ' ਦੀ ਸ਼ਾਨ ਤੇ ਪੰਜਾਬੀਆਂ ਦੀ ਹਰਮਨ ਪਿਆਰੀ ਮਾਂ ਖੇਡ ਕਬੱਡੀ ਨੂੰ ਸਾਰੇ ਪੰਜਾਬੀ ਦਿਲ ਤੋਂ ਪਿਆਰ ਕਰਦੇ ਹਨ। 1947 ਦੀ ਵੰਡ ਤੋਂ ਪਹਿਲਾਂ ਤੇ ਪਿਛੋਂ ਪੂਰਬੀ ਪੰਜਾਬ (ਭਾਰਤ) ਤੇ ਪੱਛਮੀ ਪੰਜਾਬ (ਪਾਕਿਸਤਾਨ) ਦੇ ਨਾਮੀ ਪਿੰਡਾਂ ਵਿੱਚ 'ਕੌਡੀ' ਦੇ ਛੋਟੇ ਤੇ ਵੱਡੇ ਖੇਡ ਟੂਰਨਾਮੈਂਟ (ਮੈਚ) ਇਲਾਕੇ ਦੇ ਜੈਲਦਾਰਾਂ-ਨੰਬਰਦਾਰਾਂ, ਪਿੰਡ ਦੀ ਪੰਚਾਇਤ ਅਤੇ 'ਨੌਜਵਾਨ ਸਭਾ' ਵੱਲੋਂ ਬੜੇ ਚਾਅ ਨਾਲ ਕਰਵਾਏ ਜਾਂਦੇ ਸਨ। ਜੇਤੂ ਟੀਮਾਂ ਨੂੰ ਇਨਾਮ ਵਿੱਚ ਸਾਬਣਦਾਨੀਆਂ, ਬਾਲਟੀਆਂ, ਜੱਗ, ਤੌਲੀਏ ਤੇ ਸਭ ਤੋਂ ਵੱਡੀ ਛਾਲ ਇਨਾਮ ਦੀ 'ਅਟੈਚੀ ਕੇਸ' ਹੁੰਦਾ ਸੀ। 'ਕੌਡੀ' ਦੀ ਖੇਡ ਚੀਨਿਆਂ-ਜਾਪਾਨੀਆਂ-ਕੋਰੀਅਨਾਂ ਦੀਆਂ ਮਾਰਸ਼ਲ ਖੇਡਾਂ ਜੂਡੋ, ਕਰਾਟੇ, ਵੁਸ਼ੂ ਵਾਂਗ ਪੰਜਾਬੀਆਂ ਦੀ ਮਾਰਸ਼ਲ ਟੀਮ ਖੇਡ ਹੈ, ਜੋ ਸੰਸਾਰ ਭਰ ਵਿੱਚ ਸਿਰਫ ਪੰਜਾਬੀ ਕਬੱਡੀ ਖਿਡਾਰੀਆਂ ਨਾਲ ਪੰਜਾਬੀ ਪ੍ਰਬੰਧਕਾਂ ਵੱਲੋਂ ਹੀ ਖਿਡਾਈ ਜਾਂਦੀ ਹੈ। ਪੰਜਾਬੀ ਪ੍ਰਬੰਧਕਾਂ ਜਾਂ ਸੰਸਥਾਵਾਂ ਨੇ ਕਬੱਡੀ ਨੂੰ ਐਸਾ ਨਾਗਵਲ਼ ਜੱਫਾ ਪਾਇਆ ਹੋਇਆ ਹੈ ਕਿ ਪਿਛਲੇ 40-50 ਸਾਲਾਂ ਵਿੱਚ ਭਾਰਤੀ ਪੰਜਾਬ ਜਾਂ ਪਾਕਿਸਤਾਨੀ ਪੰਜਾਬ ਦੀਆਂ ਸਰਕਾਰਾਂ ਤੋਂ ਬਿਨਾ ਕਿਸੇ ਵੀ ਦੇਸ਼ ਦੀ ਸਰਕਾਰ, ਉਲੰਪਿਕ ਸੰਸਥਾ ਜਾਂ ਫੈਡਰੇਸ਼ਨ ਨੇ ਕਬੱਡੀ ਖੇਡ ਦਾ ਸੰਸਾਰ ਪੱਧਰ ਦਾ ਮਾਨਤਾ ਪ੍ਰਾਪਤ 'ਕਬੱਡੀ ਵਰਲਡ ਕੱਪ', 'ਕਬੱਡੀ ਲੀਗ' ਜਾਂ 'ਕਬੱਡੀ ਚੈਂਪੀਅਨਸ਼ਿਪ' ਦਾ ਪ੍ਰਬੰਧ ਕੀਤਾ ਹੋਵੇ! ਇੰਗਲੈਂਡ ਤੇ ਯੂਰਪ ਵਿੱਚ ਸਿੱਖ ਗੁਰੂਘਰਾਂ ਦੇ ਪ੍ਰਧਾਨ ਤੇ ਪ੍ਰਬੰਧਕ; ਕੈਨੇਡਾ, ਅਮਰੀਕਾ ਵਿੱਚ ਬੇਰੀਆਂ-ਬਦਾਮਾਂ ਦੇ ਫਾਰਮਾਂ ਵਾਲੇ ਤੇ ਟਰੱਕਾਂ-ਟਰਾਲਿਆਂ ਦੀਆਂ ਫਲੀਟਾਂ ਵਾਲੇ ਕਬੱਡੀ ਮੇਲਿਆਂ ਵਿੱਚ ਮੋਹਰੀ ਰਹੇ ਹਨ।

ਪਿਛਲੇ ਕੁਝ ਸਾਲਾਂ ਤੋਂ ਜਦੋਂ ਪੰਜਾਬੀ ਪ੍ਰਬੰਧਕਾਂ ਨੇ ਵਿਦੇਸ਼ਾਂ ਵਿੱਚ 'ਕਬੱਡੀ ਮੇਲੇ' ਕਰਵਾਉਣੇ ਸ਼ੁਰੂ ਕੀਤੇ ਹਨ- ਗੋਰੇ, ਕਾਲੇ ਤੇ ਮੈਕਸੀਕੇ ਕਬੱਡੀ ਖਿਡਾਰੀ ਵੀ 'ਕਬੱਡੀ ਡਾਲਰਾਂ' ਦੀ ਚਮਕ-ਦਮਕ ਨਾਲ ਕਬੱਡੀ ਮੈਦਾਨ 'ਚ 'ਵੜ' ਗਏ ਹਨ। ਵਰਤਮਾਨ ਸਮੇਂ ਵਿੱਚ ਫਿਰ ਵੀ ਕਬੱਡੀ ਸਰਕਲ ਸਟਾਇਲ ਬਿਨਾ ਕਿਸੇ 'ਸਿਰ-ਪੈਰ' ਤੇ 'ਹਿਸਾਬ-ਕਿਤਾਬ' ਦੇ ਵਿਸ਼ਵ ਦੇ 26 ਮੁਲਕਾਂ ਅੰਦਰ ਖੇਡੀ ਜਾਂਦੀ ਹੈ। ਈਰਾਨ ਦੇ ਗੋਰੇ ਚਿੱਟੇ ਪਹਿਲਵਾਨ ਤੇ ਬਾਡੀਬਿਲਡਰ, ਕੀਨੀਆ ਤੇ ਸਿਆਰਾਲੋਨ ਦੇ ਹਾਥੀਆਂ ਵਰਗੇ 'ਕਾਲੇ ਕੌਡੀ ਵਾਲੇ' ਜਦੋਂ ਕਬੱਡੀ ਖੇਡਣੀ ਸਿੱਖ ਗਏ ਤਾਂ ਬਾਕੀਆਂ ਦੇ 'ਨਾਸੀਂ ਧੂੰਆਂ' ਲਿਆ ਦੇਣਗੇ। ਕਿਸੇ ਵੇਲੇ ਕੱਖਾਂ ਦੀ 'ਕੌਡੀ' ਨੂੰ ਪੰਜਾਬੀਆਂ ਨੇ ਆਪਣੇ ਜੋਸ਼, ਜਜ਼ਬੇ ਤੇ ਸਖਤ ਮਿਹਨਤ ਨਾਲ ਕਰੋੜਾਂ ਦੀ 'ਕਬੱਡੀ' ਬਣਾ ਕੇ ਪੂਰੇ 'ਪੰਜਾਬੀ ਜਗਤ' ਵਿੱਚ ਇਸ ਦੀ ਵੱਖਰੀ ਪਛਾਣ ਬਣਾਈ ਹੈ। ਵਿਸ਼ਵ ਵਿੱਚ ਪ੍ਰਚਲਤ ਪੰਜਾਬੀਆਂ ਦੀ ਕੌਮੀ ਖੇਡ ਕਬੱਡੀ ਸਰਕਲ ਸਟਾਇਲ ਵਿੱਚ ਅਥਲੈਟਿਕਸ, ਰੈਸਲਿੰਗ, ਜਿਮਨਾਸਟਿਕ, ਬੌਕਸਿੰਗ ਆਦਿ ਵਿਸ਼ਵ ਦੀਆਂ ਨਾਮੀ ਖੇਡਾਂ ਦਾ ਭਰਵਾਂ ਸੁਮੇਲ ਹੈ।

ਭਾਰਤੀ ਪੰਜਾਬ ਤੇ ਹਰਿਆਣਾ ਪ੍ਰਾਂਤ ਵਿੱਚ ਸਮੇਂ ਦੀਆਂ ਸਰਕਾਰਾਂ ਦਾ ਵੀ ਕਬੱਡੀ ਖੇਡ ਵੱਲ ਧਿਆਨ ਖਿੱਚਿਆ ਗਿਆ ਤੇ ਸਰਕਾਰਾਂ ਨੇ ਆਪਣੀ ਸਰਕਾਰ ਦੇ ਪ੍ਰਚਾਰ-ਪ੍ਰਸਾਰ ਲਈ ਇਸ ਦੇ ਵੱਡੇ ਵੱਡੇ 'ਵਰਲਡ ਕਬੱਡੀ ਕੱਪ' ਪੂਰਬੀ ਤੇ ਪੱਛਮੀ ਪੰਜਾਬ ਵਿੱਚ ਕਰੋੜਾਂ ਰੁਪਏ ਖਰਚ ਕੇ ਕਰਵਾਉਣ ਲਈ ਉਪਰਾਲੇ ਕੀਤੇ, ਜੋ ਕਾਫੀ ਹੱਦ ਤੱਕ ਸਫਲ ਵੀ ਹੋਏ। ਦੱਖਣੀ ਭਾਰਤ ਅੰਦਰ ਮਹਾਰਾਸ਼ਟਰ ਸੂਬੇ ਦੀ ਰਾਜਧਾਨੀ ਮੁੰਬਈ ਵਿੱਚ ਕਬੱਡੀ ਨੈਸ਼ਨਲ ਸਟਾਇਲ ਦੀ 'ਕਬੱਡੀ ਪਰੋ ਲੀਗ' ਵਿੱਚ ਵੱਖੋ-ਵੱਖ, ਭਾਰਤੀ ਫਿਲਮਾਂ ਦੇ ਐਕਟਰਾਂ, ਸਨਅਤਕਾਰਾਂ ਤੇ ਮੁਲਕ ਦੇ ਸਿਰਕੱਢ ਧਨਾਢਾਂ ਵੱਲੋਂ ਕਬੱਡੀ ਟੀਮਾਂ ਲਈ ਦੇਸ਼-ਵਿਦੇਸ਼ ਦੇ ਕਬੱਡੀ ਖਿਡਾਰੀਆਂ ਲਈ 'ਕਰੋੜਾਂ ਰੁਪਏ' ਦੀ ਬੋਲੀ ਲਗਦੀ ਹੈ। ਕਬੱਡੀ ਪਰੋ ਲੀਗ ਬਹੁਤ ਹੀ ਸ਼ਾਨਦਾਰ ਢੰਗ ਨਾਲ ਸੰਸਾਰ ਭਰ ਅੰਦਰ 'ਸੋਨੀ ਸਪੋਰਟਸ ਟੀ.ਵੀ.' ਅਤੇ ਹੋਰ ਨਾਮੀ ਟੀ.ਵੀ. ਚੈਨਲਾਂ ਉਪਰ ਦਿਖਾਈ ਜਾਂਦੀ ਹੈ, ਜਿਸ ਦੀਆਂ ਮਿੰਟਾਂ-ਸੈਕਿੰਟਾਂ ਦੀਆਂ ਰੰਗਦਾਰ ਮਸ਼ਹੂਰੀਆਂ ਨਾਲ ਲੱਖਾਂ-ਕਰੋੜਾਂ ਦਾ ਅੰਤਰਰਾਸ਼ਟਰੀ ਵਪਾਰ 'ਕਬੱਡੀ ਪਰੋ ਲੀਗ' ਰਾਹੀਂ ਹੁੰਦਾ ਹੈ।

ਪਹਿਲੇ ਸਮਿਆਂ ਵਿੱਚ ਕਬੱਡੀ ਸਰਕਲ ਸਟਾਇਲ ਪੰਜਾਬ ਦੇ ਪਿੰਡਾਂ ਵਿੱਚ ਸ਼ੌਕ-ਸ਼ੁਗਲ, ਤਾਕਤ-ਧਾਕ ਤੇ ਜ਼ੋਰ-ਜਵਾਨੀ ਲਈ ਖੇਡੀ ਜਾਂਦੀ ਸੀ। ਹੌਲੀ ਹੌਲੀ ਖੇਡ ਕਬੱਡੀ ਵਿੱਚ ਡਾਲਰਾਂ, ਪੌਂਡਾਂ ਤੇ ਪੈਸੇ ਦੀ ਮੋਟੀ ਕਮਾਈ ਦੇ ਨਾਲ ਨਾਲ ਡਰੱਗ ਤੇ ਨਸ਼ਿਆਂ ਨੇ ਵੀ ਇਸ ਨੂੰ ਆਪਣੇ ਲਪੇਟੇ 'ਚ ਲੈ ਲਿਆ। ਇਸ ਨਾਲ ਕਬੱਡੀ ਦਾ ਮਿਆਰ ਲਗਾਤਾਰ ਗਿਰਾਵਟ ਵੱਲ ਚਲਾ ਗਿਆ, ਜਿਸ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ। ਕਬੱਡੀ ਦੇ ਮੌਕਾਪ੍ਰਸਤ ਰਸੂਖਦਾਰਾਂ ਨੇ ਇਸ ਨੂੰ ਆਪਣੇ ਕਬਜੇ 'ਚ ਰੱਖਣ ਲਈ ਕਈ ਤਰ੍ਹਾਂ ਦੇ ਹਥਕੰਡੇ ਵਰਤੇ, ਜਿਸ ਨਾਲ ਖੇਡ ਕਬੱਡੀ ਕੁਝ ਸਰਮਾਏਦਾਰਾਂ, ਅਖੌਤੀ ਕਬੱਡੀ ਫੈਡਰੇਸ਼ਨਾਂ ਤੇ ਕਬੱਡੀ ਅਕੈਡਮੀਆਂ ਦੀ ਖੇਡ ਬਣ ਕੇ ਰਹਿ ਗਈ। ਇਨ੍ਹਾਂ ਕਬੱਡੀ ਪ੍ਰਬੰਧਕਾਂ-ਪ੍ਰਧਾਨਾਂ, ਆਪੇ ਬਣੇ ਕਬੱਡੀ ਕੋਚਾਂ ਤੇ ਖਿਡਾਰੀਆਂ ਵੱਲੋਂ ਮੋਟੇ ਪੈਸੇ ਦੀ ਮੰਗ ਦੇ ਨਾਲ, ਉਨ੍ਹਾਂ ਨੂੰ ਭਾਂਤ-ਭਾਂਤ ਦੇ ਨਸ਼ਿਆਂ ਤੇ ਭਿਆਨਕ ਡਰੱਗਾਂ ਦੇ ਲਪੇਟੇ 'ਚ ਆਉਣ ਕਰਕੇ ਹੁਣ ਲੋਕਾਂ ਨੇ ਕਬੱਡੀ ਤੋਂ ਕੰਨੀ ਕਤਰਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਤੇ ਵਿਸ਼ਵ ਪੰਜਾਬੀ ਜਗਤ ਦੇ ਖੇਡ ਖੇਤਰ ਦੀ ਮਿੱਟੀ ਨਾਲ ਜੁੜੀ ਮਾਂ ਖੇਡ ਕਬੱਡੀ ਸਰਕਲ ਸਟਾਇਲ, ਇਸ ਵੇਲੇ ਆਪਣੇ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜਰ ਰਹੀ ਹੈ। ਇਸ ਦੀਆਂ ਗਲਤ ਰਵਾਇਤਾਂ, ਕਾਇਦੇ ਕਾਨੂੰਨ ਨਾ ਹੋਣਾ ਅਤੇ ਨਸ਼ੇ ਤੇ ਡਰੱਗਾਂ ਦੇ ਲੱਗੇ ਵੱਡੇ ਦਾਗਾਂ ਨੇ ਇਸ ਦਾ ਏਸ਼ੀਅਨ, ਕਾਮਨਵੈਲਥ ਅਤੇ ਉਲੰਪਿਕ ਖੇਡਾਂ 'ਚ ਪੁੱਜਣ ਦਾ ਸੁਫਨਾ ਪੂਰਾ ਨਹੀਂ ਹੋਣ ਦਿੱਤਾ ਹੈ। ਜਿਸ ਉਦੇਸ਼ ਨਾਲ ਇਸ ਦੇ ਵੱਡੇ-ਵੱਡੇ ਇਨਾਮਾਂ ਦੇ ਖੇਡ ਟੂਰਨਾਮੈਂਟ, ਅੰਤਰਰਾਸ਼ਟਰੀ ਕਬੱਡੀ ਗੋਲਡ ਕੱਪ, ਵਰਲਡ ਕਬੱਡੀ ਲੀਗ, ਵਰਲਡ ਕਬੱਡੀ ਕੱਪ, ਪੰਜਾਬ ਤੇ ਪਰਦੇਸਾਂ ਵਿੱਚ ਪਰਵਾਸੀ ਭਾਰਤੀ, ਖੇਡ ਪ੍ਰੋਮੋਟਰ ਤੇ ਸਾਰੇ ਪੰਜਾਬੀ ਬੜੀ ਸ਼ਾਨ ਨਾਲ ਵੱਖ-ਵੱਖ ਦੇਸ਼ਾਂ ਵਿੱਚ ਕਰਵਾਉਂਦੇ ਸਨ ਤੇ ਸਮੇਂ ਦੀਆਂ ਸਰਕਾਰਾਂ ਵੀ ਉਨ੍ਹਾਂ ਦਾ ਸਾਥ ਦਿੰਦੀਆਂ ਸਨ।

ਕਬੱਡੀ ਸਰਕਲ ਸਟਾਇਲ ਦੀ ਖੇਡ ਵਿੱਚ ਨਸ਼ਾ ਤੇ ਮਾੜੀਆਂ ਰਵਾਇਤਾਂ ਲਈ ਕੋਈ ਇਕੱਲਾ ਇਨਸਾਨ, ਕਮੇਟੀ, ਕਬੱਡੀ ਕਲੱਬ, ਸੰਸਥਾ ਜਾਂ ਫੈਡਰੇਸ਼ਨ ਜ਼ਿੰਮੇਵਾਰ ਨਹੀਂ ਹੈ। ਇਹ ਸਾਡੇ ਪੰਜਾਬੀ ਸਮਾਜ ਦੀ ਵੱਡੀ ਲਾਪਰਵਾਹੀ, ਸਾਡੀਆਂ ਨਿੱਜੀ ਖਾਹਿਸ਼ਾਂ, ਆਪਹੁਦਰੀਆਂ ਦੋਹਰੀਆਂ ਨੀਤੀਆਂ ਲਈ ਅਸੀਂ ਸਾਰੇ ਸਾਂਝੇ ਤੌਰ 'ਤੇ ਜ਼ਿੰਮੇਵਾਰ ਹਾਂ। ਇਸ ਨੂੰ ਸਾਨੂੰ ਕਬੂਲ ਵੀ ਕਰਨਾ ਚਾਹੀਦਾ ਹੈ, ਪਰ ਅਫ਼ਸੋਸ ਦੀ ਗੱਲ ਹੈ ਕਿ ਅਸੀ ਸਾਂਝੀ ਜ਼ਿੰਮੇਵਾਰੀ ਲੈਣ ਲਈ ਵੀ ਤਿਆਰ ਨਹੀਂ ਹਾਂ! ਵਿਸ਼ਵ ਭਰ ਵਿੱਚ ਕਬੱਡੀ ਦੇ ਆਪੇ ਬਣੇ 'ਰਖਵਾਲੇ' ਕਬੱਡੀ ਪ੍ਰਧਾਨ, ਪ੍ਰਬੰਧਕ, ਕੋਚ, ਰੈਫਰੀ, ਕੁਮੈਂਟਰੀ ਕਲਾਕਾਰ ਤੇ ਹੋਰ 'ਕਬੱਡੀ ਤੌਲੀਆ ਚੁੱਕ' ਅਧਿਕਾਰੀ ਇੱਕ-ਦੂਜੇ 'ਤੇ ਦੂਸ਼ਣਬਾਜ਼ੀ ਲਾ ਕੇ ਦੂਜੇ ਨੂੰ ਜ਼ਿੰਮੇਵਾਰ ਸਿੱਧ ਕਰਨ ਲਈ ਅੱਡੀ ਚੋਟੀ ਦਾ ਪੂਰਾ ਜ਼ੋਰ ਲਾ ਰਹੇ ਹਨ ਤੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਕੋਈ ਵੀ ਇਹ ਕਸੂਰ ਮੰਨਣ ਲਈ ਤਿਆਰ ਨਹੀਂ ਹੈ।

ਪੰਜਾਬ ਦੇ ਪਿੰਡਾਂ ਦੀ 'ਕੌਮੀ ਖੇਡ ਕਬੱਡੀ' ਦੀ ਮਾੜੀ ਹਾਲਤ ਨਾ ਤਾਂ ਕਿਸੇ ਰਾਜਨੇਤਾ ਨੇ ਕੀਤੀ, ਨਾ ਕਿਸੇ ਖੇਡ ਪ੍ਰਬੰਧਕ ਨੇ ਕੀਤੀ, ਨਾ ਹੀ ਕਿਸੇ ਇੱਕ ਖਿਡਾਰੀ ਦੀ ਇਹ ਕਾਰਵਾਈ ਹੈ ਤੇ ਨਾ ਕਿਸੇ ਇੱਕ ਟੀਮ ਜਾਂ ਖੇਡ ਪ੍ਰੋਮੋਟਰ ਨੇ ਬਣਾਈ ਹੈ। ਇਸ ਲਈ ਹੇਠਲੇ ਪੱਧਰ ਦੇ ਖਿਡਾਰੀਆਂ ਤੋਂ ਲੈ ਕੇ 'ਅਖੌਤੀ ਦੇਸੀ-ਵਿਦੇਸ਼ੀ ਕਬੱਡੀ ਫੈਡਰੇਸ਼ਨਾਂ' ਤੱਕ, ਖੇਡ ਕਬੱਡੀ ਨਾਲ ਜੁੜਿਆ ਹਰ ਪੱਖ ਕਿਸੇ ਨਾ ਕਿਸੇ ਹੱਦ ਤੱਕ ਇਸ ਨੂੰ ਨਿਵਾਣ ਵੱਲ ਲੈ ਕੇ ਜਾਣ ਦਾ ਅਸਲ ਦੋਸ਼ੀ ਹੈ। ਇਸ ਕੌੜੇ ਸੱਚ ਨੂੰ ਸਾਨੂੰ ਸਾਰਿਆਂ ਨੂੰ ਕਬੂਲ ਵੀ ਕਰਨਾ ਚਾਹੀਦਾ ਹੈ। ਸਾਨੂੰ ਇਸ ਦੇ ਅਸਲ ਤੇ ਸਹੀ ਕਾਰਨਾਂ ਨੂੰ ਲੱਭ ਕੇ ਉਨ੍ਹਾਂ ਨੂੰ ਠੀਕ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ, ਤਾਂ ਹੀ ਸਾਡੀ ਪੰਜਾਬ ਦੀ ਕੌਮੀ ਖੇਡ ਕਬੱਡੀ ਮੁੜ ਤੋਂ ਆਪਣੀਆਂ ਪੁਰਾਣੀਆਂ ਲੀਹਾਂ 'ਤੇ ਚੜ੍ਹ ਸਕੇਗੀ।

ਭਾਰਤ ਤੋਂ 1947 ਵਿੱਚ ਵੱਖ ਹੋਏ ਨਵੇਂ ਮੁਸਲਿਮ ਦੇਸ਼ ਪਾਕਿਸਤਾਨ ਵਿੱਚ 'ਪਾਕਿਸਤਾਨ ਕਬੱਡੀ ਫੈਡਰੇਸ਼ਨ' ਅਤੇ ਈਰਾਨ ਵਿੱਚ 'ਈਰਾਨ ਕਬੱਡੀ ਫੈਡਰੇਸ਼ਨ' ਸਾਡੀ ਕੌਮੀ ਖੇਡ ਕਬੱਡੀ ਸਰਕਲ ਸਟਾਇਲ ਦੀ 'ਡਿਵੈਲਪਮੈਂਟ' ਲਈ ਅੰਤਾਂ ਦਾ ਕੰਮ ਸਮੇਂ ਦੀ ਸਰਕਾਰ 'ਉਲੰਪਿਕ ਕੌਂਸਲ ਆਫ ਏਸ਼ੀਆ' ਤੇ 'ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨ-ਕੁਵੈਤ' ਨਾਲ ਮਿਲ ਕੇ ਕਰ ਰਹੀਆਂ ਹਨ। ਏਸ਼ੀਆ ਮਹਾਂਦੀਪ ਦੇ ਨਾਮੀ ਦੇਸ਼ਾਂ- ਚੀਨ, ਜਾਪਾਨ ਤੇ ਕੋਰੀਆ ਨੇ ਆਪਣੀਆਂ ਕੁਝ ਰਵਾਇਤੀ ਕੌਮੀ ਖੇਡਾਂ ਨੂੰ ਵਿਸ਼ਵ ਚੈਂਪੀਅਨਸ਼ਿਪ ਤੇ ਉਲੰਪਿਕ ਖੇਡਾਂ ਦੇ ਪੱਧਰ ਤੱਕ ਪਹੁੰਚਾ ਵੀ ਦਿੱਤਾ ਹੈ। ਵਿਸ਼ਵ ਭਰ ਦੇ ਪੰਜਾਬੀਆਂ ਦੀ ਕੌਮੀ ਖੇਡ ਕਬੱਡੀ ਵੀ ਇਸ ਦੀ ਹੱਕਦਾਰ ਹੈ।

### 'ਜਿਸ ਦਾ ਫੀਲਡ, ਉਸ ਦੀ ਸ਼ੀਲਡ' ਨੇ ਚਕਾਚੌਂਧ ਕੀਤੇ ਕਬੱਡੀ ਦੇ ਹੀਰੇ

ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦੇ ਪਿੰਡਾਂ ਅੰਦਰ ਪੰਜਾਬੀ ਪਰਿਵਾਰਾਂ ਵਿੱਚ 'ਕਬੱਡੀ' ਤੇ 'ਕੁਸ਼ਤੀ' ਨੂੰ ਪੰਜਾਬੀਆਂ ਦੀਆਂ ਰਵਾਇਤੀ ਖੇਡਾਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਿੰਡਾਂ ਦੇ ਪੰਜਾਬੀ ਖਿਡਾਰੀਆਂ ਦੇ ਮਾਪੇ ਆਪਣੇ ਪੁੱਤਾਂ ਨੂੰ ਘਿਉ-ਦੁੱਧ ਨਾਲ ਪਾਲ ਕੇ ਖੇਡ ਮੈਦਾਨ 'ਚ ਆਪਣੇ ਪਰਿਵਾਰ, ਪਿੰਡ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਤਿਆਰ ਕਰਕੇ ਭੇਜਦੇ ਹਨ। ਸੰਨ 1964-65 ਵਿੱਚ ਪੰਜਾਬ ਦੇ ਜ਼ਿਲਾ ਲੁਧਿਆਣੇ ਦੇ ਪਿੰਡ ਕਿਲਾ ਰਾਏਪੁਰ ਦੀਆਂ 'ਗਰੇਵਾਲ ਖੇਡਾਂ' ਵਿੱਚ ਕਲਕੱਤੇ ਦੇ ਟਰਾਂਸਪੋਟਰ ਸਰਦਾਰ ਦਲੀਪ ਸਿੰਘ ਗਰੇਵਾਲ ਨੇ ਚੰਗੇ ਕਬੱਡੀ ਖਿਡਾਰੀਆਂ ਨੂੰ 10 ਰੁਪਏ ਦੇਣ ਦੀ ਪਿਰਤ ਪਾਈ ਸੀ ਤੇ ਕਬੱਡੀ ਦੇ 'ਫੰਨੇ ਖਾਂ' ਨੂੰ 100 ਰੁਪਿਆ ਦਿੰਦਾ ਸੀ। 30 ਸਾਲਾਂ ਬਾਅਦ 1994-95 ਵਿੱਚ ਬ੍ਰਿਟਿਸ਼ ਕੋਲੰਬੀਆ-ਕੈਨੇਡਾ ਦੇ 'ਪੁਰੇਵਾਲ ਬਲਿਊਬੇਰੀ ਫਾਰਮ' ਦੇ ਮਾਲਕਾਂ ਤੇ ਸਾਬਕਾ ਕਬੱਡੀ ਖਿਡਾਰੀ ਭਰਾਵਾਂ- ਮਲਕੀਤ ਸਿੰਘ, ਚਰਨ ਸਿੰਘ ਅਤੇ ਗੁਰਜੀਤ ਸਿੰਘ ਪੁਰੇਵਾਲ ਪਰਿਵਾਰ ਨੇ ਪੰਜਾਬ ਦੇ ਆਪਣੇ ਪਿੰਡ ਹਕੀਮਪੁਰ-ਮੁਕੰਦਪੁਰ ਵਿਖੇ 'ਪੁਰੇਵਾਲ ਖੇਡ ਮੇਲੇ' ਵਿੱਚ ਕਬੱਡੀ ਦੀਆਂ ਟੀਮਾਂ ਨੂੰ ਇਨਾਮਾਂ ਵਿੱਚ ਲੱਖਾਂ ਰੁਪਏ ਦੇਣ ਦੀ ਸ਼ੁਰੂਆਤ ਕੀਤੀ ਸੀ। ਤਿੰਨ ਦਿਨ ਦੇ 'ਪੁਰੇਵਾਲ ਰੂਰਲ ਉਲੰਪਿਕ' ਸਮੇਂ ਕਬੱਡੀ ਮੈਚਾਂ ਵਿੱਚ ਕਬੱਡੀ ਦੇ 'ਸਟਾਪਰ' ਤੇ 'ਰੇਡਰ' ਨੂੰ ਪ੍ਰਾਹੁਣੇ ਵਿਦੇਸ਼ੀ ਮਹਿਮਾਨਾਂ ਵੱਲੋਂ ਰੁਪਈਆਂ ਦੀ ਥਾਂ ਡਾਲਰ, ਪੌਂਡ ਚਾਅ ਨਾਲ ਦਿੱਤੇ ਜਾਂਦੇ ਸਨ।

ਜਲੰਧਰ ਜ਼ਿਲੇ ਦੇ ਪਿੰਡ ਸ਼ੰਕਰ ਦੇ ਤੱਖਰਾਂ ਦੀ 'ਕੁਸ਼ਤੀ ਦੀ ਛਿੰਜ' ਵੀ ਬੜੀ ਮਸ਼ਹੂਰ ਹੁੰਦੀ ਸੀ। ਸਮੇਂ ਦੀ ਤੋਰ ਨਾਲ ਹੌਲੀ ਹੌਲੀ ਕਬੱਡੀ ਮੈਚਾਂ ਦੇ ਵਿੱਚ ਹਰ ਰੇਡ ਜਾਂ ਨੰਬਰ ਉਪਰ ਲੱਗਣ ਵਾਲੇ 'ਨਕਦ ਪੈਸੇ-ਰੁਪਿਆਂ' ਦੀ ਇਨਾਮੀ ਰਾਸ਼ੀ ਨੇ ਕਿਸੇ ਹੋਰ ਪਾਸੇ ਨੂੰ ਮੋੜਾ ਪਾ ਲਿਆ। ਦੇਸ਼-ਵਿਦੇਸ਼ ਵਿੱਚ ਕਬੱਡੀ ਦੇ ਨਾਮੀਂ ਰਸੂਖਦਾਰਾਂ, ਪ੍ਰਬੰਧਕਾਂ, ਫੈਡਰੇਸ਼ਨਾਂ ਤੇ ਅਖੌਤੀ ਕੋਚਾਂ ਨੇ ਇਸ ਨੂੰ ਆਪਣੀ ਕਮਾਈ ਦਾ ਇੱਕ ਵੱਡਾ ਸਾਧਨ ਬਣਾ ਲਿਆ ਤੇ ਖਿਡਾਰੀਆਂ ਨੂੰ ਜਿੱਤ ਵਾਲੀ 'ਮੁਫਤ ਦੀ ਮਸ਼ੀਨ'। ਕਬੱਡੀ ਦੇ ਕਈ ਖਿਡਾਰੀ ਜਿੱਤ ਦੀ ਹਰ ਕੋਸ਼ਿਸ, ਸ਼ਹੁਰਤ ਅਤੇ ਪੈਸੇ ਦੇ ਲਾਲਚ ਵਿੱਚ ਇਹ ਭੁੱਲ ਗਏ ਕਿ ਕਬੱਡੀ ਸਿਰਫ਼ ਤਾਕਤ ਦੀ ਨਹੀਂ, ਅਨੁਸ਼ਾਸਨ, ਸਬਰ ਅਤੇ ਇਖ਼ਲਾਕ ਦੀ ਖੇਡ ਹੈ। ਉਨ੍ਹਾਂ ਨੇ ਜਿੱਤਣ ਦੇ ਲਈ ਕਬੱਡੀ ਦੇ ਮੁਢਲੇ ਅਸੂਲਾਂ ਨੂੰ ਤੋੜਨ ਤੋਂ ਕੋਈ ਵੀ ਸੰਕੋਚ ਨਹੀਂ ਕੀਤਾ। ਇੱਕ ਚੰਗੇ ਭਲੇ ਜਵਾਨ ਤੰਦਰੁਸਤ ਫਰਾਟੇ ਮਾਰਦੇ ਤੇ ਅੱਗ ਕੱਢਦੇ ਸਰੀਰ ਵਿੱਚ ਤਾਕਤ ਵਧਾਉਣ ਵਾਲੀਆਂ ਦਵਾਈਆਂ ਤੇ ਟੀਕਿਆਂ ਨੇ ਜਿੱਤ ਦੇ ਲਾਲਚ 'ਚ ਖਿਡਾਰੀਆਂ ਨੂੰ ਗਲਤ ਰਾਹ ਵੱਲ ਧੱਕ ਦਿੱਤਾ। ਕਬੱਡੀ ਖਿਡਾਰੀ, ਜੋ ਗਲਤ ਜਾਣਦੇ ਹੋਏ ਵੀ ਚੁੱਪ ਰਹੇ, ਉਹ ਵੀ ਉਨ੍ਹਾਂ ਜਿੰਨੇ ਹੀ ਦੋਸ਼ੀ ਹਨ ਜੋ ਖੁੱਲ੍ਹ ਕੇ ਮਾਰੂ ਤੇ ਗਲਤ ਕੰਮ ਕਰਦੇ ਰਹੇ ਅਤੇ ਉਨ੍ਹਾਂ ਤੋਂ ਇਹ ਗਲਤ ਕੰਮ ਆਪਣੇ ਸੌੜੇ ਹਿੱਤਾਂ ਲਈ ਕਰਵਾਉਂਦੇ ਰਹੇ। ਖਿਡਾਰੀਆਂ ਵਿੱਚ ਸਭ ਤੋਂ ਵੱਡੀ ਸਮੱਸਿਆ ਦਵਾਈਆਂ ਬਾਰੇ ਅਗਿਆਨਤਾ ਹੈ ਅਤੇ ਉਹ ਇਸ ਨੂੰ ਮੌਕੇ ਅਨੁਸਾਰ ਵੱਧ ਤਾਕਤ ਲੈ ਕੇ ਖੇਡਣ ਦਾ ਜ਼ਰੀਆ ਮੰਨ ਰਹੇ ਹਨ। ਕਬੱਡੀ ਖਿਡਾਰੀ ਇਸ ਦੇ ਮਾਰੂ ਤੇ ਘਾਤਕ ਅਸਰ ਨੂੰ ਨਹੀਂ ਜਾਣਦੇ ਕਿ ਖੇਡਾਂ ਵਿੱਚ ਜੋ ਤਾਕਤ ਵਧਾਉਣ ਵਾਲੀਆਂ ਦਵਾਈਆਂ ਲੈਂਦੇ ਹਨ, ਉਸ ਦੀ ਸਰੀਰ ਤੋਂ ਰਿਕਵਰੀ ਕਿਸ ਤਰ੍ਹਾਂ ਤੇ ਕਿਵੇਂ ਕਰਨੀ ਹੈ! ਇਸ ਦੀ ਸਹੀ ਵਰਤੋਂ ਲਈ ਸਪੋਰਟਸ ਮੈਡੀਸਨ ਦੇ ਮਾਹਿਰ ਡਾਕਟਰਾਂ ਨਾਲ ਸਲਾਹ ਮਸ਼ਵਰਾ ਕਿਵੇਂ ਕਰਨਾ ਹੈ! ਉਨ੍ਹਾਂ ਨੇ ਖੇਡ ਮੈਦਾਨ ਦੇ ਵਿੱਚ ਡੋਪਿੰਗ ਤੋਂ ਕਿਵੇਂ ਬਚਾਅ ਕਰਨਾ ਹੈ, ਤੋਂ ਵੀ ਅਣਜਾਣ ਸਨ, ਜਿਸ ਕਾਰਨ ਕਈ ਕਬੱਡੀ ਖਿਡਾਰੀ ਖੇਡ ਮੈਦਾਨ ਵਿੱਚ ਹੀ 'ਫੁੜਕ' ਗਏ। ਖਿਡਾਰੀਆਂ ਵਿੱਚ ਆਪਣੇ ਆਪ ਵੇਖੋ ਵੇਖੀ ਬਿਨਾ ਕਿਸੇ ਸਪੋਰਟਸ ਮੈਡੀਸਨ ਦੇ ਮਾਹਿਰ ਡਾਕਟਰ ਦੀ ਸਲਾਹ ਦੇ ਦਵਾਈਆਂ ਲੈਣਾ ਖਿਡਾਰੀਆਂ ਦੀ ਸਿਹਤ ਅਤੇ ਭਵਿੱਖ- ਦੋਵਾਂ ਲਈ ਘਾਤਕ ਸਿੱਧ ਹੋਇਆ। ਇਸ ਨੇ ਖਿਡਾਰੀਆਂ ਦੀ ਸਿਹਤ ਨਾਲ ਖਿਲਵਾੜ ਕੀਤਾ ਤੇ ਕਈ ਮੌਤ ਦੇ ਮੂੰਹ ਜਾ ਪਏ। ਹੌਲੀ ਹੌਲੀ ਕਬੱਡੀ ਨਸ਼ੇ ਦੀ ਦਲਦਲ 'ਚ ਧੱਸਦੀ ਗਈ ਤੇ ਖੇਡ ਮੈਦਾਨ ਦੇ ਅਸੂਲਾਂ ਤੇ ਅਮਲਾਂ ਤੋਂ ਦੂਰ ਹੁੰਦੀ ਚਲੀ ਗਈ।

## ਠੋਸ ਤੇ ਪੱਕੀ ਨਿਯਮਾਵਲੀ ਤੋਂ ਸੱਖਣੀ ਰਹੀ ਖੇਡ ਕਬੱਡੀ

ਖੇਡ ਕਬੱਡੀ ਲਈ ਸਮੇਂ ਸਮੇਂ ਤੇ ਵੱਖੋ-ਵੱਖ ਆਪੇ ਬਣੀਆਂ 'ਕਬੱਡੀ ਫੈਡਰੇਸ਼ਨਾਂ' ਨੇ ਇਸ ਲਈ ਆਪੋ ਆਪਣੇ ਖੇਡ ਨਿਯਮ ਬਣਾਏ, ਜੋ ਉਨ੍ਹਾਂ ਨੂੰ ਆਪਣੇ ਕਬੱਡੀ ਟੂਰਨਾਮੈਂਟਾਂ ਵਿੱਚ ਰਾਸ ਆਉਂਦੇ ਸਨ। ਕਦੇ ਵੀ ਇਨ੍ਹਾਂ ਨੇ ਨਾ ਜ਼ਿਲਾ, ਸੂਬੇ, ਰਾਜ ਜਾਂ ਦੇਸ਼ ਦੀ ਪ੍ਰਮੁੱਖ ਖੇਡ ਸੰਸਥਾ 'ਸਟੇਟ ਉਲੰਪਿਕ ਐਸੋਸੀਏਸ਼ਨ' ਤੇ ਦੇਸ਼-ਵਿਦੇਸ਼ ਦੀ 'ਰਾਸ਼ਟਰੀ ਉਲੰਪਿਕ ਫੈਡਰੇਸ਼ਨ' ਵੱਲੋਂ ਬਣਾਏ ਮਾਪਦੰਡ ਅਪਣਾਉਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ 'ਨੈਸ਼ਨਲ ਸਟਾਇਲ ਕਬੱਡੀ' ਵਾਂਗ ਆਪਣੇ ਐਨ.ਆਈ.ਐਸ. (ਨੈਸ਼ਨਲ ਇੰਸਟੀਚੀਊਟ ਆਫ ਸਪੋਰਟਸ-ਪਟਿਆਲਾ) ਦੇ ਕੋਚਿੰਗ ਡਿਪਲੋਮਾ ਕੋਚ ਤਿਆਰ ਕੀਤੇ ਤੇ ਨਾ ਹੀ ਇਸ ਲਈ ਕੋਈ ਠੋਸ ਉਪਰਾਲਾ ਕੀਤਾ। ਕਬੱਡੀ ਨੈਸ਼ਨਲ ਸਟਾਇਲ ਪੰਜਾਬ ਤੇ ਭਾਰਤ ਦੇ ਸਾਰੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਨੈਸ਼ਨਲ ਸਕੂਲ ਗੇਮਜ਼ ਆਫ ਇੰਡੀਆ, ਇੰਟਰ ਯੂਨੀਵਰਸਿਟੀ ਸਪੋਰਟਸ ਬੋਰਡ ਆਫ ਇੰਡੀਆ, ਆਲ ਇੰਡੀਆ ਪੁੱਲਸ ਗੇਮਜ਼, ਇੰਡੀਅਨ ਰੇਲਵੇ, ਸਰਵਿਸਿਜ਼ (ਮਿਲਟਰੀ) ਸਪੋਟਰਸ ਬੋਰਡ ਆਫ ਇੰਡੀਆ ਆਦਿ ਵਿੱਚ ਮਾਨਤਾ ਪ੍ਰਾਪਤ ਖੇਡ ਹੈ। ਕਬੱਡੀ ਸਰਕਲ ਸਟਾਇਲ ਪੰਜਾਬ ਤੇ ਹਰਿਆਣਾ- ਦੋ ਰਾਜਾਂ ਤੇ 'ਪਾਕਿਸਤਾਨੀ ਪੰਜਾਬ' ਦੇ ਪਿੰਡਾਂ ਦੀ ਦੇਸੀ ਕੌਮੀ ਖੇਡ ਹੈ ਜਾਂ ਵਿਦੇਸ਼ਾਂ ਵਿੱਚ ਆਪਣੇ 'ਪੈਸੇ ਦੀ ਹੈਂਕੜ' ਦਿਖਾਉਣ ਲਈ 'ਸ਼ਹਿਰਾਂ ਦੇ ਕਬੱਡੀ ਟੂਰਨਾਮੈਂਟਾਂ', 'ਇੰਟਰਨੈਸ਼ਨਲ ਕਬੱਡੀ ਕੱਪਾਂ' ਜਾਂ 'ਗੁਰਦਵਾਰਾ ਕਬੱਡੀ ਮੇਲਿਆਂ' ਤੱਕ ਸੀਮਤ ਹੈ। ਜੇ 'ਅਮਰੀਕਾ ਦੀ ਟਰੰਪ ਸਰਕਾਰ' ਨੇ '50% ਟੈਰਿਫ' ਲਗਾ ਦਿੱਤਾ ਤਾਂ ਵਿਦੇਸ਼ੀ ਪੰਜਾਬੀਆਂ ਦਾ ਇਹ 'ਸ਼ੁਗਲ' ਵੀ ਬੰਦ ਹੋ ਸਕਦਾ ਹੈ। ਦੇਸ਼-ਵਿਦੇਸ਼ ਦੇ ਕਬੱਡੀ ਜਗਤ ਵਿੱਚ ਸਾਡੇ 'ਕਬੱਡੀ ਸਰਕਲ ਸਟਾਇਲ' ਦੇ ਖਿਡਾਰੀ ਚੰਗੀ ਸਰੀਰਕ ਟਰੇਨਿੰਗ, ਸਪੋਰਟਸ ਕੋਚਿੰਗ ਅਤੇ ਖੇਡਾਂ ਦੀ ਆਧੁਨਿਕ ਖੇਡ ਸਿਖਲਾਈ ਤੋਂ ਵਾਂਝੇ ਰਹੇ ਹਨ। ਪੰਜਾਬ ਤੇ ਹਰਿਆਣਾ ਰਾਜਾਂ ਵਿੱਚ 'ਸਰਕਲ ਸਟਾਇਲ ਕਬੱਡੀ' ਦਾ ਵੱਡਾ ਹਿੱਸਾ ਅਨਪੜ੍ਹ ਅਤੇ ਆਪੇ ਬਣੇ ਅਣ ਸਿਖਾਂਦਰੂ ਕੋਚਾਂ, ਪ੍ਰਬੰਧਕਾਂ, ਨਾ-ਮਾਲੂਮ ਮੋਬਾਈਲ ਚੈਨਲਾਂ-ਰੀਲਾਂ, ਕੁਮੈਂਟਰੀ ਕਲਾਕਾਰਾਂ ਤੇ ਰੈਫਰੀਆਂ ਦੇ ਹੱਥਾਂ 'ਚ ਚਲਾ ਗਿਆ ਹੈ। ਉਨ੍ਹਾਂ ਲਈ ਕਬੱਡੀ ਇੱਕ ਹਰਮਨ ਪਿਆਰੀ ਖੇਡ ਨਹੀਂ, ਸਗੋਂ ਪੈਸਾ-ਧੰਦਾ, ਆਪਣੀ ਸ਼ੋਹਰਤ, ਆਪਣੇ ਵਿਦੇਸ਼ੀ ਆਕਾਵਾਂ ਨੂੰ ਖੁਸ਼ ਕਰਨ ਤੇ ਮਨਪ੍ਰਚਾਵੇ ਦਾ ਮੁੱਖ ਮਕਸਦ ਬਣ ਕੇ ਰਹਿ ਗਈ ਹੈ, ਜਿਸ ਨਾਲ ਖੇਡ ਕਬੱਡੀ ਅਸਲੀ ਨਿਸ਼ਾਨੇ ਤੋਂ ਖੁੰਝ ਗਈ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ 'ਯੂਨੀਵਰਸਿਟੀ ਖੇਡ ਡਾਇਰੈਕਟਰ' ਰਾਜ ਕੁਮਾਰ ਸ਼ਰਮਾ ਦੇ ਉੱਦਮ ਨਾਲ ਨੌਰਥ ਇੰਡੀਆ ਇੰਟਰ ਯੂਨੀਵਰਸਿਟੀ ਗੇਮਜ਼ ਦੇ ਕੈਲੰਡਰ ਵਿੱਚ ਕਬੱਡੀ ਸਰਕਲ ਸਟਾਇਲ ਲਾਗੂ ਹੋ ਗਈ ਹੈ ਅਤੇ ਉੱਤਰੀ ਭਾਰਤ ਦੇ ਸਾਰੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਬਾਕੀ ਖੇਡਾਂ ਹਾਕੀ, ਫੁਟਬਾਲ, ਅਥਲੈਟਿਕਸ ਆਦਿ ਵਾਂਗ ਅੰਤਰ ਕਾਲਜ ਤੇ ਅੰਤਰ ਯੂਨੀਵਰਸਿਟੀ-ਨੌਰਥ ਇੰਡੀਆ ਜੋਨ, ਕਬੱਡੀ ਸਰਕਲ ਸਟਾਇਲ ਦੇ ਮੁਕਾਬਲੇ ਵੀ ਹੁੰਦੇ ਹਨ। ਮੈਂ (ਸੰਤੋਖ ਸਿੰਘ ਮੰਡੇਰ) ਕਬੱਡੀ ਨੈਸ਼ਨਲ ਸਟਾਇਲ ਦੇ ਖਿਡਾਰੀ ਵਜੋਂ ਸਪੋਰਟਸ ਸਕੂਲ-ਕਮ-ਕਾਲਜ ਜਲੰਧਰ (ਪੰਜਾਬ) ਵਿੱਚ ਪੜ੍ਹਿਆ ਹਾਂ। ਕਬੱਡੀ ਕੋਚ ਸਰਦਾਰ ਅਜੀਤ ਸਿੰਘ ਮਾਲੜੀ ਤੋਂ ਕਬੱਡੀ ਦੀ ਮੈਦਾਨੀ ਸਿਖਲਾਈ ਲਈ ਤੇ ਡੰਡਿਆਂ ਦੀ ਮਾਰ ਵੀ ਖਾਧੀ। ਨੈਸ਼ਨਲ ਸਕੂਲ ਗੇਮਜ਼ ਆਫ ਇੰਡੀਆ, ਪੰਜਾਬ ਯੂਨੀਵਰਸਿਟੀ-ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ-ਪਟਿਆਲਾ ਵੱਲੋਂ ਇੰਟਰ ਯੂਨੀਵਰਸਿਟੀ ਕਬੱਡੀ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ। ਐਸ. ਡੀ. (ਸਨਾਤਨ ਧਰਮ) ਕਾਲਜ, ਅੰਬਾਲਾ ਕੈਂਟ (ਹਰਿਆਣਾ) ਦੀ ਕਬੱਡੀ ਟੀਮ ਨੈਸ਼ਨਲ ਸਟਾਇਲ, ਸੰਨ 1973-74 ਲਈ ਪੰਜਾਬ ਯੂਨੀਵਰਸਿਟੀ ਦੀ ਚੈਂਪੀਅਨ ਬਣੀ ਸੀ। ਪੰਜਾਬ ਖੇਡ ਵਿਭਾਗ ਵਿੱਚ ਜ਼ਿਲਾ ਕਬੱਡੀ ਕੋਚ ਸੰਗਰੂਰ, ਰੋਪੜ ਤੇ ਲੁਧਿਆਣਾ ਦੇ ਸਕੂਲਾਂ-ਕਾਲਜਾਂ ਵਿੱਚ ਕਬੱਡੀ ਖੇਡ ਦੀਆਂ ਕੋਚਿੰਗ ਸੇਵਾਵਾਂ ਦਿੱਤੀਆਂ। ਭਾਰਤ ਵਿੱਚ ਕਬੱਡੀ ਦੀ ਸਿਰਮੌਰ ਸੰਸਥਾ 'ਐਮਚਿਉਰ ਕਬੱਡੀ ਫੈਡਰੇਸ਼ਨ ਆਫ ਇੰਡੀਆ' ਦਾ 'ਏ-ਕਲਾਸ ਕਬੱਡੀ ਅੰਪਾਇਰ' ਰਿਹਾ। ਕੈਨੇਡਾ, ਅਮਰੀਕਾ, ਇੰਗਲੈਂਡ, ਯੂਰਪ, ਈਰਾਨ, ਪਾਕਿਸਤਾਨ ਤੇ ਭਾਰਤੀ ਪੰਜਾਬ ਵਿੱਚ ਕਬੱਡੀ ਸਰਕਲ ਸਟਾਇਲ ਦੇ 40 ਸਾਲ ਅਨੇਕਾਂ ਮੈਚ ਤੇ ਮੇਲੇ ਕਰਵਾਏ ਹਨ। ਕੈਨੇਡਾ-ਅਮਰੀਕਾ ਦੇ ਕਬੱਡੀ ਖੇਡ ਮੈਦਾਨਾਂ ਵਿੱਚ ਨਵੇਂ 'ਕਬੱਡੀ ਭਲਵਾਨ' ਜਖਮੀ ਤਾਹਨਾ ਕਿ 'ਤੈਨੂੰ ਕੀ ਪਤਾ ਹੈ', ਮਾਰ ਜਾਂਦੇ ਹਨ।

ਸੰਨ 1976 ਵਿੱਚ ਮੇਰੀ ਕਬੱਡੀ ਕੋਚ ਵਜੋਂ ਡਿਊਟੀ ਪਟਿਆਲਾ ਜ਼ਿਲੇ ਦੇ ਮਸ਼ਹੂਰ ਪਿੰਡ ਚਨਾਰਥੱਲ (ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪਿੰਡ) ਜਿੱਥੋਂ ਦਾ ਦੁਸ਼ਹਿਰਾ ਬੜਾ ਮਸ਼ਹੂਰ ਹੈ, 'ਦੁਸ਼ਹਿਰੇ ਦੇ ਕੌਮੀ ਤਿਉਹਾਰ' ਸਮੇਂ ਕਬੱਡੀ ਸਰਕਲ ਸਟਾਇਲ ਦਾ ਮੈਚ ਕਰਵਾਉਣ ਦੀ ਲੱਗੀ, ਜਿੱਥੇ ਪੰਜਾਬ ਸਰਕਾਰ ਵੱਲੋਂ 'ਫਸਟ ਪ੍ਰਾਈਜ਼' 5000 ਰੁਪਏ ਦਾ ਰੱਖਿਆ ਗਿਆ ਸੀ, ਜੋ ਉਸ ਸਮੇਂ ਦਾ ਇਹ ਬਹੁਤ ਵੱਡਾ ਇਨਾਮ ਸੀ। ਪਿਛਲੇ 50 ਸਾਲਾਂ ਵਿੱਚ ਸੰਨ 2026 ਤੱਕ ਹਜ਼ਾਰਾਂ ਵਾਲੀ ਕਬੱਡੀ ਲੱਖਾਂ ਤੋਂ ਕਰੋੜਾਂ ਦੀ ਹੋ ਗਈ ਹੈ। ਸਾਡੇ ਸਮੇਂ ਇੱਕ ਟੀਮ ਲਈ ਇੱਕ ਚੀਫ ਕੋਚ (ਮੁੱਖ ਕੋਚ) ਹੁੰਦਾ ਸੀ ਅਤੇ ਸਾਰੀ ਟੀਮ ਦੀ ਕਮਾਨ ਤੇ ਕਪਤਾਨ ਉਸ ਦੀ ਦੇਖ-ਰੇਖ ਥੱਲੇ ਹੁੰਦਾ ਸੀ, ਪਰ ਅੱਜ ਇੱਕ ਖਿਡਾਰੀ ਨਾਲ ਦੋ-ਤਿੰਨ ਕੋਚ, ਸਹਾਇਕ ਕੋਚ, ਮੈਨੇਜਰ, ਸਹਾਇਕ ਮੈਨੇਜਰ, ਤੌਲੀਏ ਵਾਲਾ, ਬੰਦੂਕਾਂ ਵਾਲੇ ਬਾਡੀਗਾਰਡ, ਮੋਬਾਈਲ ਫੋਨਾਂ ਨਾਲ ਸੋਸ਼ਲ ਮੀਡੀਆ ਦੀਆਂ ਰੀਲਾਂ ਬਣਾਉਣ ਵਾਲੇ ਅਖੌਤੀ ਪੱਤਰਕਾਰ, ਭਾੜੇ ਦੇ ਰੈਫਰੀ ਤੇ ਕਾਗਜ਼ੀ ਕੁਮੈਂਟਰੀ ਕਲਾਕਾਰ ਹਰ ਕਬੱਡੀ ਮੈਚ ਵਿੱਚ ਆਮ ਵੇਖੇ ਜਾ ਸਕਦੇ ਹਨ। ਵਿਸ਼ਵ ਭਰ ਦੀਆਂ ਖੇਡਾਂ ਵਿੱਚ ਖਿਡਾਰੀਆਂ, ਰੈਫਰੀਆਂ ਤੇ ਅੰਪਾਇਰਾਂ ਤੋਂ ਬਿਨਾ ਕੋਈ ਵੜ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਪੰਜਾਬ ਦੇ ਗੁਲਾਬ 'ਤੇ ਤੇਜਾਬ ਦੀਆਂ ਬੂੰਦਾਂ

ਹੂਕ

ਨਿੰਮਾ ਡੱਲੇਵਾਲਾ
ਫੋਨ: 513-432-9754



ਪੰਜਾਬ, ਜਿੱਥੋਂ ਦੇ ਅਸੀਂ ਜੰਮੇ-ਜਾਏ ਹਾਂ, ਜਿਸ ਨੂੰ ਅਸੀਂ ਰੰਗਲਾ ਪੰਜਾਬ ਆਖ ਨਿਵਾਜਦੇ ਹਾਂ, ਜਿਸ ਦੇ ਪੈਰ ਵਿੱਚ ਚੁਭੇ ਕੰਡੇ ਦੀ ਤਕਲੀਫ ਵੀ ਸਾਨੂੰ ਸੱਤ ਸਮੁੰਦਰ ਪਾਰ ਬੈਠਿਆਂ ਨੂੰ ਮਹਿਸੂਸ ਹੁੰਦੀ ਹੈ, ਉਸ ਪੰਜਾਬ ਦੇ ਹਰ ਦਰਦ ਦਾ ਸਾਡੀ ਰੂਹ ਨਾਲ ਬੜਾ ਗੂੜ੍ਹਾ ਰਿਸ਼ਤਾ ਹੈ। ਪੰਜਾਬ ਦੇ ਹਰ ਦਰਦ ਦੀ ਪੀੜ ਅਸੀਂ ਕਲਪਨਾ ਰਾਹੀਂ ਹੰਢਾਉਂਦੇ ਹਾਂ। ਇਹ ਭਾਰਤ ਦਾ ਕਮਾਊ ਪੁੱਤ, ਜੋ ਵੱਧ ਅੰਨ ਉਗਾ ਕੇ ਲੋਕਾਂ ਦੇ ਢਿੱਡ ਭਰਦਾ ਹੈ ਤੇ ਇਸ ਦੀ ਮਾਂ ਜਿਸ ਨੂੰ ਅਸੀਂ ਭਾਰਤ ਕਹਿੰਦੇ ਹਾਂ, ਉਹ ਇਸੇ ਨਾਲ ਹਮੇਸ਼ਾ ਵਿਤਕਰਾ ਕਿਉਂ ਕਰਦੀ ਹੈ? ਕਿਉਂ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ। ਦਿੱਲੀ, ਜਿਸ ਦਾ ਨੰਗਾ ਸਿਰ ਹਮੇਸ਼ਾ ਪੰਜਾਬ ਨੇ ਕੱਜਿਆ ਹੈ, ਜਦੋਂ ਵੀ ਕਿਸੇ ਨੇ ਇਸ ਦੀ ਇੱਜ਼ਤ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਸਭ ਤੋਂ ਪਹਿਲਾਂ ਡਾਂਗ ਚੱਕ ਕੇ ਮੂਹਰੇ ਹੋਇਆ ਹੈ, ਪਰ ਫਿਰ ਵੀ ਦਿੱਲੀ ਇਸ ਦੀ ਕਦੇ ਸਕੀ ਨਾ ਬਣ ਸਕੀ। ਆਪਣੀਆਂ ਕੋਝੀਆਂ ਚਾਲਾਂ ਨਾਲ ਹਮੇਸ਼ਾ ਇਸ ਨੇ ਪੰਜਾਬ ਸਿੰਘ ਦੀ ਪਿੱਠ ਉਤੇ ਵਾਰ ਕੀਤਾ ਹੈ, ਪਰ ਪੰਜਾਬ ਇੱਕ ਹਿੰਮਤੀ ਅਤੇ ਦਲੇਰ ਜੋ ਆਪਣੇ ਤਰੀਕੇ ਨਾਲ ਇਸ ਦੇ ਮੂੰਹ 'ਤੇ ਚਪੇੜ ਵੀ ਮਾਰ ਸਕਦਾ; ਪਰ ਇਸ ਦੀ ਦਰਿਆ-ਦਿਲੀ ਦਿੱਲੀ ਨੂੰ ਸਦਾ ਛੋਟੀ ਭੈਣ ਆਖ ਕੇ ਮਾਫ ਕਰਨ ਲਈ ਆਖ ਦਿੰਦੀ ਹੈ।

ਪੰਜਾਬ ਦਿੱਲੀ ਲਈ ਖੌਫ ਦਾ ਦੂਜਾ ਨਾਮ ਹੈ। ਦਿੱਲੀ ਨੇ ਇਸ ਨੂੰ ਹਮੇਸ਼ਾ ਸੁੱਟਣਾ ਚਾਹਿਆ। ਜਦੋਂ ਕੋਈ ਡਿੱਗਦਾ ਹੈ ਤਾਂ ਉਸ ਨੂੰ ਉੱਠਣ ਲਈ ਸਹਾਰਾ ਚਾਹੀਦਾ ਹੁੰਦਾ ਹੈ, ਪਰ ਪੰਜਾਬ ਸੂਰਮਾ ਜਦ ਵੀ ਡਿੱਗਿਆ ਜਾਂ ਡੇਗਿਆ ਗਿਆ, ਆਪ ਹੀ ਉਠਿਆ। ਸਭ ਦਾ ਦੁੱਖ ਵੰਡਾਉਣ ਵਾਲੇ ਪੰਜਾਬ ਨੂੰ ਕਦੇ ਪਾਣੀਆਂ ਵਿੱਚ ਡੋਬਿਆ ਜਾਂਦਾ, ਕਦੇ ਨਸ਼ੇ ਦਿਆਂ ਦਰਿਆਵਾਂ ਵਿੱਚ ਧੱਕਾ ਦਿੱਤਾ ਜਾਂਦਾ ਤੇ ਕਦੇ ਨਸਲਕੁਸ਼ੀ ਬਹਾਨੇ ਕਤਲ ਕੀਤਾ ਜਾਂਦਾ। ਇੰਜ ਲੱਗਦਾ, ਜਿਵੇਂ ਇਹ ਦੇਸ਼ ਦਾ ਹਿੱਸਾ ਹੀ ਨਾ ਹੋਵੇ, ਜਦਕਿ ਦੇਸ਼ ਦਾ ਰਖਵਾਲਾ ਬਣ ਕੇ ਇਹ ਹਮੇਸ਼ਾ ਬਾਰਡਰਾਂ 'ਤੇ ਤਣਿਆ ਰਹਿੰਦਾ ਹੈ। ਇਹ ਨਾ ਹੁੰਦਾ ਤਾਂ ਦੇਸ਼ ਆਜ਼ਾਦ ਨਾ ਹੁੰਦਾ, ਪਰ ਬੇਈਮਾਨ ਸਿਆਸਤ ਨੂੰ ਇਸ ਦੀ ਤਾਕਤ ਦਾ ਅੰਦਾਜ਼ਾ ਹੈ। ਇਸੇ ਲਈ ਉਹ ਇਸ ਨੂੰ ਖੋਖਲਾ ਕਰਨ ਲਈ ਹਮੇਸ਼ਾ ਜੁਗਤਾਂ ਘੜਦੀ ਹੈ। ਇਸ ਦੀ ਖੁਸ਼ਹਾਲੀ ਤੇ ਟੌਹਰ ਨਿਰਾਲੀ ਦਿੱਲੀ ਤੋਂ ਜਰੀ ਨਹੀਂ ਜਾਂਦੀ। ਸੋ, ਜਦੋਂ ਦਿਲ ਕਰੇ, ਤੁਰ ਪੈਂਦੀ ਹੈ ਇਸ ਦੇ ਖਿੜੇ ਗੁਲਾਬਾਂ ਉਤੇ ਜ਼ਹਿਰ ਛਿੜਕਣ; ਪਰ ਇਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਗੁਰੂਆਂ-ਪੀਰਾਂ ਦੀ ਧਰਤੀ ਹੈ, ਜੇ ਕਿਸੇ ਲਈ ਖੜ ਸਕਦੀ ਹੈ ਤਾਂ ਆਪਣੇ ਲਈ ਲੜ ਵੀ ਸਕਦੀ ਹੈ। ਇਸ ਦੇ ਨਮੂਨੇ ਇਤਿਹਾਸ ਦਿਆਂ ਪੰਨਿਆਂ ਉਤੋਂ ਪੜ੍ਹ ਲੈਣੇ ਚਾਹੀਦੇ ਹਨ।

ਪੰਜਾਬ ਦੇ ਗੁਲਾਬ 'ਤੇ ਤੇਜਾਬ ਦੀਆਂ ਬੂੰਦਾਂ,
ਲੱਗਦਾ ਏ ਪੈਣ ਲੱਗ ਗਈਆਂ ਨੇ ਦੁਬਾਰਾ।
ਅੱਗ ਲਾ ਕੇ ਠਾਰੇ ਸਦਾ ਆਪਣੇ ਕਲੇਜੇ,
ਜਿਹੜੀਆਂ ਵੀ ਜਦ ਜਦ ਆਈਆਂ ਸਰਕਾਰਾਂ।
ਲੱਗਦਾ ਚੁਰਾਸੀ ਇਨ੍ਹਾਂ ਮੋੜ ਕੇ ਲਿਆਉਣੀ,
ਪੈਣੀਆਂ ਨੇ ਪੱਗਾਂ ਅਤੇ ਪਰਨਿਆਂ 'ਤੇ ਮਾਰਾਂ।
ਇਸ ਨੂੰ ਹਰਾਉਣ ਵਾਲੇ ਸਦਾ ਹੀ ਨੇ ਹਾਰੇ,
ਜਿੱਤਾਂ ਲਈ ਜੰਮਿਆ, ਇਹ ਮੰਨਦਾ ਨਹੀਂ ਹਾਰਾਂ।
'ਨਿੰਮਿਆ' ਨਿਸ਼ਾਨ ਇਹਦੇ ਝੂਲਦੇ ਹੀ ਰਹਿਣੇ,
ਗੂੰਜਦਾ ਵੀ ਰਹਿਣਾ ਨਾਲੇ ਪੰਥ ਦਾ ਜੈਕਾਰਾ।

ਅੱਜ ਪੰਜਾਬ ਅੰਦਰ ਚੱਲ ਰਹੇ ਖੌਫਨਾਕ ਦੌਰ ਵਿੱਚੋਂ ਚੁਰਾਸੀ ਵਾਲੀ ਭਿਆਨਕ ਤਸਵੀਰ ਨਜ਼ਰ ਆ ਰਹੀ ਹੈ। ਪੰਜਾਬ ਦੀ ਫੁੱਲਾਂ ਵਰਗੀ ਜਵਾਨੀ ਉਤੇ ਅੱਜ ਚੁਰਾਸੀ ਵਾਲੇ ਤੇਜਾਬ ਦੀਆਂ ਬੂੰਦਾਂ ਨਜ਼ਰ ਆਉਂਦੀਆਂ ਵੇਖ ਮੇਰੀ ਕਲਮ ਕੋਲੋਂ ਬੋਲੇ ਬਿਨਾ ਰਿਹਾ ਨਾ ਗਿਆ। ਪੰਜਾਬ ਅੰਦਰ ਤਿੰਨ ਦਹਾਕੇ ਪਹਿਲਾਂ ਵਰਗੇ ਝੂਠੇ ਪੁਲਿਸ ਮੁਕਾਬਲਿਆਂ ਦਾ ਜਨਮ ਹੋ ਰਿਹਾ ਹੈ, ਜਿਨ੍ਹਾਂ ਦੀ ਨਸਬੰਦੀ ਜੇ ਅੱਜ ਨਾ ਹੋਈ ਤਾਂ ਜਿਹੜੀ ਜਵਾਨੀ ਨਸ਼ਿਆਂ ਤੋਂ ਬਚ ਗਈ, ਉਹ ਇਨ੍ਹਾਂ ਗੈਂਗਸਟਰਵਾਦ ਮੁਕਾਉਣ ਦੀ ਆੜ ਵਿੱਚ ਖਤਮ ਕਰ ਦੇਣੀ। ਇੰਜ ਕਰਿਆਂ ਗੈਂਗਵਾਦ ਖਤਮ ਨਹੀਂ, ਸਗੋਂ ਹੋਰ ਪੈਦਾ ਹੋਵੇਗਾ। ਇਨ੍ਹਾਂ ਦਾ ਅਸਲ ਮਕਸਦ ਤਾਂ ਪੰਜਾਬ ਨੂੰ ਖਤਮ ਕਰਨਾ ਹੈ, ਜਿਸ ਲਈ ਪਹਿਲਾਂ ਜਵਾਨੀ ਖਤਮ ਕਰਨੀ ਬਣਦੀ ਹੈ, ਨਹੀਂ ਅਸਲ ਗੈਂਗਸਟਰ ਤਾਂ ਇਨ੍ਹਾਂ ਨੇ ਜੇਲ੍ਹਾਂ ਵਿੱਚ ਜਵਾਈਆਂ ਵਾਂਗੂੰ ਰੱਖੇ ਹੋਏ! ਪਹਿਲਾਂ ਉਨ੍ਹਾਂ ਦੇ ਐਨਕਾਊਂਟਰ ਕਿਉਂ ਨਹੀਂ ਕਰਦੇ, ਜੋ ਆਪਣੇ ਜੁਰਮ ਆਪਣੇ ਮੂੰਹੋਂ ਕਬੂਲੀ ਬੈਠੇ ਨੇ?

ਦਿੱਲੀ ਤੋਂ ਤੁਰ ਸਿਆਸਤ ਨੇ ਪੰਜਾਬ ਅੰਦਰ ਵੜ ਐਸਾ ਆਪਸ ਵਿੱਚ ਪਾੜ ਪੁਆਇਆ ਕਿ ਪੱਗਾਂ ਵਾਲੇ ਹੀ ਪੱਗਾਂ ਵਾਲਿਆਂ ਦੇ ਵੈਰੀ ਬਣ ਗਏ। ਜਿਨ੍ਹਾਂ ਘਰਾਂ ਵਿੱਚੋਂ ਪੰਜਾਬ ਪੁਲਿਸ ਆਈ ਹੈ, ਉਨ੍ਹਾਂ ਹੀ ਘਰਾਂ ਦੇ ਮੁੰਡਿਆਂ ਨੂੰ ਨਾਜਾਇਜ਼ ਤਰੀਕੇ ਨਾਲ ਮਾਰ ਰਹੀ ਹੈ ਪੰਜਾਬ ਪੁਲਿਸ। ਕੁਝ ਪੈਸਿਆਂ ਦੇ ਲਾਲਚ ਅੱਗੇ ਲਹੂ ਦਾ ਕੋਈ ਮੁੱਲ ਨਹੀਂ ਰਿਹਾ। ਤਰੱਕੀਆਂ ਵਾਲੀ ਤੱਕੜੀ ਕਿਸੇ ਬੇਕਸੂਰ ਦੀ ਜਾਨ ਨੂੰ ਤੋਲਣ ਲੱਗੇ ਇਹ ਕਿਉਂ ਜੱਲਾਦਾਂ ਵਾਲਾ ਲਿਬਾਸ ਪਾ ਲੈਂਦੇ ਨੇ? ਕਿਸੇ ਦੇ ਘਰ ਦਾ ਚਿਰਾਗ ਬੁਝਾਉਣ ਤੇ ਆਪਣਾ ਘਰ ਰੁਸ਼ਨਾਉਣ ਲੱਗਿਆਂ ਨੂੰ ਇਨ੍ਹਾਂ ਦੀ ਆਤਮਾ ਕੁਝ ਵੀ ਨਹੀਂ ਆਖਦੀ! ਜੇ ਕੋਈ ਗੁਨਾਹਗਾਰ ਹੈ ਤਾਂ ਉਸ ਨੂੰ ਬਣਦੀ ਸਜ਼ਾ ਦੇਣ ਲਈ ਅਦਾਲਤਾਂ ਬਣੀਆਂ ਨੇ, ਪਰ ਇਹ ਬੇਈਮਾਨੀ ਦੀ ਦਲਦਲ ਵਿੱਚ ਧਸੇ ਹੋਏ ਆਪਣੀਆਂ ਜੇਬਾਂ ਭਰਨ ਲਈ ਕਿਸੇ ਦਾ ਵੀ ਘਰ ਖਾਲੀ ਕਰਨ ਸਕਦੇ ਨੇ। ਇੱਕ ਵਰਦੀ ਦੇ ਨਸ਼ੇ ਵਿੱਚ ਕਿਸੇ ਇਨਸਾਨ ਨੂੰ ਕੁੱਟ ਕੁੱਟ ਜਾਨੋਂ ਮਾਰਨ ਮਗਰੋਂ ਇਨ੍ਹਾਂ ਨੂੰ ਰਾਤ ਨੂੰ ਨੀਂਦ ਕਿਵੇਂ ਆਉਂਦੀ ਹੋਵੇਗੀ? ਆਪਣੀ ਔਲਾਦ ਦੇ ਚੁਗਣ ਲਈ ਕੰਡੇ ਬੀਜਣ ਦੀ ਬਜਾਏ ਆਪਣਾ ਕਰਮ (ਡਿਊਟੀ) ਵਫਾਦਾਰੀ ਤੇ ਇਮਾਨਦਾਰੀ ਨਾਲ ਕਰਨ ਤਾਂ ਲੋਕਾਂ ਦੇ ਮਨਾਂ ਅੰਦਰ ਇਨ੍ਹਾਂ ਪ੍ਰਤੀ ਪਿਆਰ ਪੈਦਾ ਹੋਵੇ; ਨਾ ਕਿ ਖੌਫ, ਨਫਰਤ ਅਤੇ ਡਰ-ਭੈਅ! ਇਹ ਵੀ ਆਪਣੇ ਹੀ ਨੇ, ਜੇ ਮਿਲੀ ਵਰਦੀ ਦਾ ਢੁਕਵਾਂ ਪ੍ਰਯੋਗ ਕਰਨ ਤਾਂ ਸਤਿਕਾਰ ਦੇ ਪਾਤਰ ਬਣਦੇ ਨੇ। ਇੱਕ ਸੱਚ ਕਿ ਸਾਰੇ ਵੀ ਮਾੜੇ ਨਹੀਂ।

ਜਾਇਜ਼ ਮਾਰੋ ਚਾਹੇ ਨਾਜਾਇਜ਼ ਮਾਰੋ, ਡੁੱਲ੍ਹਦਾ ਤਾਂ ਖੂਨ ਪੰਜਾਬ ਦਾ ਏ।

ਇਹ ਮਰੇ ਚਾਹੇ ਉਹ ਮਰੇ,
ਉਜਾੜਾ ਤਾਂ ਮਾਂ ਦੇ ਖਾਬ ਦਾ ਏ।
ਰਲ਼-ਮਿਲ਼ ਪੰਜਾਬ ਬਚਾਈਏ,
ਜੋ ਸਾਡਾ ਫੁੱਲ ਗੁਲਾਬ ਦਾ ਏ।
ਡਿੱਗ ਇਮਾਨੋਂ ਮਾਰਦੇ ਜਾਨੋਂ,
ਕਹਿੰਦੇ ਹੁਕਮ ਤਾਂ 'ਸਾਬ੍ਹ' ਦਾ ਏ।
ਫਰਜ਼ਾਂ ਦਾ ਨਹੀਂ ਗਰਜਾਂ ਦਾ
ਮਸਲਾ ਬਣਿਆ ਲਾਭ ਦਾ ਏ।
ਪੰਜਾਬੀ ਨੂੰ ਜਦੋਂ ਮਾਰੇ ਪੰਜਾਬੀ,
ਹੰਝੂ 'ਨਿੰਮਿਆ' ਡੁੱਲ੍ਹੇ ਝਨਾਬ ਦਾ ਏ।

ਇੱਕ ਗੱਲ ਦਾ ਅਫਸੋਸ ਪੰਜਾਬ ਨੂੰ ਹਮੇਸ਼ਾ ਹੀ ਰਿਹਾ ਹੈ ਕਿ ਉਸ ਦੇ ਵਸਨੀਕਾਂ ਦੁਆਰਾ ਚੁਣੀਆਂ ਗਈਆਂ ਸਰਕਾਰਾਂ ਦੀ ਡੋਰ ਦਿੱਲੀ ਦੇ ਤਖ਼ਤ 'ਤੇ ਬੈਠਿਆਂ ਦੇ ਹੱਥ ਹੀ ਕਿਉਂ ਹੁੰਦੀ ਹੈ? ਸ਼ਾਇਦ ਇਹ ਇੱਕ ਸਿਆਸਤੀ ਸੌਦੇਬਾਜ਼ੀ ਹੀ ਹੈ, ਜੋ ਪੰਜਾਬ ਦੀ ਕੁਰਸੀ ਉਤੇ ਬੈਠਿਆਂ ਨੂੰ ਵੀ ਕਿਸੇ ਦੇ ਇਸ਼ਾਰਿਆਂ ਮੁਤਾਬਿਕ ਚੱਲਣਾ ਪੈਂਦਾ ਹੈ, ਜਿਸ ਨਾਲ ਜਨਤਾ ਦੇ ਸੁਪਨਿਆਂ ਦਾ ਘਾਣ ਹੁੰਦਾ ਹੈ ਤੇ ਪੰਜਾਬ ਦੇ ਸੁਖਾਵੇਂ ਮਾਹੌਲ ਨਾਲ ਉਚ ਪੱਧਰ ਦੀ ਛੇੜ-ਛਾੜ ਹੁੰਦੀ। ਜੋ ਅੱਜ ਸੁਣਨ ਵਿੱਚ ਆ ਰਿਹਾ ਕਿ ਇੱਕ ਲੱਖ ਜਵਾਨੀ ਨੂੰ ਨਾਜਾਇਜ਼ ਜ਼ੁਲਮ ਦੀਆਂ ਲੱਕੜਾਂ ਵਿੱਚ ਸਾੜਨ ਦਾ ਟੀਚਾ ਮਿੱਥਿਆ ਗਿਆ- ਕੀ ਪੰਜਾਬ ਐਸੇ ਹੀ ਸੰਤਾਪ ਹੰਢਾਉਂਦਾ ਰਹੇਗਾ? ਕੀ ਪੰਜਾਬ ਨਾਲ ਖੂਨ ਦੀਆਂ ਹੋਲੀਆਂ ਖੇਡਣ ਵਰਗੇ ਹੁਕਮਾਂ ਦਾ ਇਹ ਖੰਡਨ ਨਹੀਂ ਕਰ ਸਕਦੇ। ਪੰਜਾਬ ਦੀ ਸਰਕਾਰ ਤੋਂ ਇਹ ਉਮੀਦ ਨਹੀਂ ਸੀ ਲੱਗਦੀ ਕਿ ਇਹ ਵੀ ਡਰਾਈਵਰ ਦੀ ਗੋਦ ਵਿੱਚ ਬੈਠੇ ਬੱਚੇ ਵਾਂਗ ਪੰਜਾਬ ਦੀ ਗੱਡੀ ਨੂੰ ਚਲਾਏਗੀ। ਇਨ੍ਹਾਂ ਸਵਾਰਥੀ ਸਰਕਾਰਾਂ ਤੋਂ ਲੋਕਾਂ ਦਾ ਵਿਸ਼ਵਾਸ ਉਠ ਗਿਆ। ਪੰਜਾਬੀਆਂ ਨੂੰ ਆਪਣੇ ਘਰ ਵਰਗਾ ਪੰਜਾਬ ਅਤੇ ਆਪਣੀ ਨਸਲ ਆਪ ਬਚਾਉਣੀ ਪੈਣੀ ਹੈ। ਜਿਵੇਂ ਪਰਦੇਸੀਆਂ ਦੇ ਸਹਿਯੋਗ ਨਾਲ ਪੰਜਾਬ ਦੇ ਪਿੰਡਾਂ ਨੂੰ ਸ਼ਹਿਰਾਂ ਵਰਗੇ ਬਣਾਇਆ, ਇਵੇਂ ਹੁਣ ਆਪਣੇ ਪਰਿਵਾਰਾਂ ਤੇ ਬੱਚਿਆਂ ਨੂੰ ਵੀ ਸਰਕਾਰਾਂ ਦੇ ਨਾਜਾਇਜ਼ ਜ਼ੁਲਮਾਂ ਤੋਂ ਬਚਾਉਣ ਦੀ ਲੋੜ ਹੈ। ਪੰਜਾਬ ਦੀ ਜਵਾਨੀ ਅੱਜ ਕੇਂਦਰ ਦੇ ਨਿਸ਼ਾਨੇ 'ਤੇ ਹੈ- ਗੌਰ ਕਰੋ ਤੇ ਜਾਗੋ; ਕਿਉਂਕਿ ਪੰਜਾਬ ਦੀ ਕੁਰਸੀ ਤੁਹਾਡਾ ਮੁੱਲ ਵੱਟੇ ਬਿਨਾ ਨਹੀਂ ਮਿਲਦੀ- ਫਿਰ ਚਾਹੇ ਤੁਹਾਡਾ ਖੂਨ ਹੈ ਜਾਂ ਖੂਨ ਪਸੀਨੇ ਦੀ ਕਮਾਈ! ਇਹੋ ਆਖਾਂਗਾ ਕਿ ਆਪਣੀ ਜਵਾਨੀ ਤੇ ਆਪਣੇ ਪੰਜਾਬ ਦਾ ਖਿਆਲ ਰੱਖਿਓ, ਕਿਉਂਕਿ ਅਸੀਂ ਪਰਦੇਸੀ ਤੁਹਾਡਾ ਫਿਕਰ ਰੱਖਦੇ ਹਾਂ।

ਸਮਾਂ ਨਹੀਂ ਹੁਣ ਸੌਣ ਦਾ,
ਉਠ ਪੰਜਾਬੀ ਜਾਗ ਪੰਜਾਬਾ।
ਨਸਲ ਤੇਰੀ ਨੂੰ ਡੰਗਣ ਲਈ,
ਤੇਰੇ ਹੀ ਬਣ'ਗੇ ਨਾਗ ਪੰਜਾਬਾ।
ਦਿੱਲੀ ਫਿਰੇ ਉਜਾੜਨ ਨੂੰ,
ਤੇਰੇ ਫੁੱਲਾਂ ਦਾ ਬਾਗ ਪੰਜਾਬਾ।
ਵੈਣਾਂ ਦੇ ਵਿੱਚ ਬਦਲ ਰਹੇ ਨੇ,
ਖੁਸ਼ੀਆਂ ਵਾਲੇ ਰਾਗ ਪੰਜਾਬਾ।
ਸਿਵਿਆਂ ਦੀ ਅੱਗ ਤਪਾਉਣ ਲੱਗਾ,
ਤੇਰੇ ਘਰ ਦਾ ਮਾਘ ਪੰਜਾਬਾ।
ਤੇਰੇ ਈ ਜੰਮੇ ਲੁੱਟਦੇ-ਕੁੱਟਦੇ,
ਕੈਸੇ ਤੇਰੇ ਭਾਗ ਪੰਜਾਬਾ।
'ਨਿੰਮਾ' ਆਖੇ ਮਿਹਰ ਕਰੇ,
ਤੇਰੇ ਉਤੇ ਨਾਨਕ ਬਾਬਾ।

ਅਗਰ ਝਾੜੂ ਹੀ ਗੰਦ ਪਾਉਣ ਲੱਗ ਜਾਵੇ ਤਾਂ ਵਿਹੜੇ ਦੀ ਸਫਾਈ ਦੀ ਉਮੀਦ ਕਿਸ ਤੋਂ ਰੱਖੀ ਜਾ ਸਕਦੀ ਹੈ? ਇਹ ਝਾੜੂ ਤਾਂ ਪੰਜਾਬ ਦੇ ਵਿਹੜਿਓਂ ਲੱਗਦਾ ਜੁਰਮ ਦੀ ਸਫਾਈ ਬਹਾਨੇ ਜਵਾਨੀ ਦੀ ਸਫਾਈ ਕਰਨ ਦੇ ਇਕਰਾਰਨਾਮਿਆਂ ਉਤੇ ਦਸਤਖਤ ਕਰੀ ਫਿਰਦਾ ਹੈ!

-0-

## ਠੋਸ ਤੇ ਪੱਕੀ ਨਿਯਮਾਵਲੀ ਤੋਂ ਸੱਖਣੀ ਰਹੀ ਖੇਡ ਕਬੱਡੀ

ਨਹੀਂ ਸਕਦਾ। ਇਸ ਵੱਡੇ ਖਿਲਾਰੇ ਕਰਕੇ ਖੇਡ ਕਬੱਡੀ ਦੁਨੀਆ ਵਿੱਚ ਤਰੱਕੀ ਕਰਨ ਦੀ ਬਜਾਏ, ਖੇਡ ਮੈਦਾਨ ਤੱਕ ਹਰਮਨ ਪਿਆਰੀ ਖੇਡ ਬਣਨ ਦੀ ਥਾਂ ਇਸ ਵਿੱਚ ਦਿਖਾਵਾ ਭਾਰੂ ਹੋ ਗਿਆ ਹੈ ਅਤੇ 'ਖੇਡ ਕਬੱਡੀ' ਅਸਲੀ ਨਿਸ਼ਾਨੇ ਤੋਂ ਲਗਾਤਾਰ ਭਟਕਦੀ ਚਲੀ ਗਈ। 'ਅਖੌਤੀ ਮੋਬਾਈਲ ਵੀਡੀਓ ਚੈਨਲਾਂ' ਨੇ ਸੋਸ਼ਲ ਮੀਡੀਆ ਉਪਰ ਕਬੱਡੀ ਖਿਡਾਰੀਆਂ ਦੀ ਸਹੀ ਜਾਣਕਾਰੀ ਦੇਣ ਦੀ ਥਾਂ, ਵਿਦੇਸ਼ਾਂ ਵਿੱਚ ਬੈਠੇ 'ਦਾਨੀ ਪੁਰਸ਼ਾਂ' ਦੀ ਮਹਿੰਮਾ ਤੇ ਹਉਮੈ ਨੂੰ ਵੱਡੀ ਥਾਂ ਦਿੱਤੀ ਹੈ। ਇਸ ਨਾਲ ਫੋਕੀ ਸ਼ੋਹਰਤ, ਝਗੜਿਆਂ ਤੇ ਅਫ਼ਵਾਹਾਂ ਦਾ ਬੋਲਬਾਲਾ ਵੱਧ ਹੋਇਆ ਹੈ। ਕਬੱਡੀ ਖੇਡ ਮੈਦਾਨਾਂ 'ਚ ਕਈ ਤਰ੍ਹਾਂ ਦੇ ਕਬੱਡੀ ਮੈਚਾਂ 'ਚ ਹੰਗਾਮੇ ਵੀ ਵੇਖਣ ਨੂੰ ਮਿਲੇ ਤੇ ਹਲਕੇ ਲਾਈਕਾਂ ਅਤੇ ਵਿਊਜ਼ ਲਈ ਬਣੇ ਕਈ ਨਕਲੀ ਪੇਜ ਬਿਨਾ ਤਸਦੀਕ ਦੇ ਖ਼ਬਰਾਂ ਚਲਾਉਂਦੇ ਰਹੇ। ਇਨ੍ਹਾਂ ਦੀਆਂ ਅਧੂਰੀਆਂ ਕਹਾਣੀਆਂ ਅਤੇ ਭੜਕਾਊ ਸਿਰਲੇਖਾਂ ਨੇ ਕਈ ਕਾਬਲ ਖਿਡਾਰੀਆਂ ਦੀ ਇੱਜ਼ਤ, ਮਾਨ ਤੇ ਸਨਮਾਨ ਨੂੰ ਨੁਕਸਾਨ ਪਹੁੰਚਾਇਆ ਹੈ, ਜਿਸ ਨਾਲ ਖੇਡ ਕਬੱਡੀ ਤਰੱਕੀ ਕਰਨ ਦੀ ਥਾਂ, ਫੋਕੀ ਸ਼ੋਹਰਤ ਤੇ ਹੰਕਾਰ ਨਾਲ ਹੇਠਾਂ ਨੂੰ ਖਿਸਕਦੀ ਗਈ। ਕਬੱਡੀ ਖਿਡਾਰੀਆਂ ਨੇ ਕਬੱਡੀ ਮੈਦਾਨ 'ਚ ਆਪਣੇ ਆਪ ਨੂੰ 'ਝੋਟਾ ਜਾਫੀ' ਤੇ 'ਹਵਾ ਹਵਾਈ ਰੇਡਰ' ਸਾਬਤ ਕਰਨ ਲਈ ਕਈ ਤਰ੍ਹਾਂ ਦੇ ਨਸ਼ੇ, ਡਰੱਗ, ਟੀਕਿਆਂ ਵਾਲੀ ਆਰਜੀ ਤਾਕਤ ਦੀ ਵਰਤੋਂ ਕੀਤੀ, ਜਿਸ ਨਾਲ 'ਖੇਡ ਕਬੱਡੀ' ਐਮਾਜ਼ੋਨ ਦੇ ਘਣੇ ਜੰਗਲਾਂ ਦੇ ਹਨੇਰਿਆਂ ਵਾਂਗ ਇਨਸਾਨੀ ਨਸ਼ਿਆਂ ਦੀ ਦਲਦਲ ਵਿੱਚ ਧੱਸਦੀ ਚਲੀ ਗਈ।

ਮੈਂ ਸੰਨ 1998 ਵਿੱਚ ਪਹਿਲੀ ਵਾਰ ਕੈਨੇਡਾ ਤੋਂ ਜਾ ਕੇ 'ਆਫੀਸ਼ਲ' ਪਾਕਿਸਤਾਨ ਦੀ ਕੌਮੀ 'ਪਾਕਿਸਤਾਨ ਕਬੱਡੀ ਟੀਮ' ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਸਕੱਤਰ ਜਰਨਲ ਮਰਹੂਮ ਖਵਾਜਾ ਮੁਹੰਮਦ ਅਲੀ ਵੱਲੋਂ ਕੋਚ ਜਨਾਬ ਮੁਜੱਫ਼ਰ ਭੱਟੀ ਦੇ ਨਾਲ ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਮਰਹੂਮ ਸ. ਸੁਖਦੇਵ ਸਿੰਘ ਢੀਂਡਸਾ ਤੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਵਾਨਗੀ ਨਾਲ ਪੰਜਾਬ ਲੈ ਕੇ ਆਇਆ ਸੀ। ਫਰੀਦਕੋਟ, ਸੰਗਰੂਰ, ਖੰਨਾ, ਮਾਲੇਰਕੋਟਲਾ ਆਦਿ ਪੰਜਾਬ ਦੇ ਸ਼ਹਿਰਾਂ ਵਿੱਚ ਜਿੱਥੇ ਵੀ ਕਬੱਡੀ ਦੇ ਮੈਚ ਹੋਏ, ਦਰਸ਼ਕਾਂ ਦੀ ਬੇਹਿਸਾਬ ਅੰਤਾਂ ਦੀ ਭੀੜ ਸੀ, ਜੋ ਪੰਜਾਬੀ ਪੇਂਡੂ ਦਰਸ਼ਕਾਂ ਦਾ ਆਪਣੀ ਕੌਮੀ ਖੇਡ ਕਬੱਡੀ ਲਈ ਸਿਰੇ ਦਾ ਮੋਹ ਸੀ।

*(ਚਲਦਾ)*

## ਖ਼ੁਸ਼ੀਆਂ ਵੰਡੋ, ਖ਼ੁਸ਼ਹਾਲੀ ਪਾਓ

ਵਿਸ਼ੇਸ਼

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਮਹਾਨ ਹਾਸ ਅਦਾਕਾਰ ਚਾਰਲੀ ਚੈਪਲਿਨ ਨੇ ਕਿਹਾ ਸੀ, "ਜੀਵਨ ਵਿੱਚ ਤੁਸੀਂ ਕਿੰਨੇ ਖ਼ੁਸ਼ ਹੋ, ਇਹ ਮਹੱਤਵਪੂਰਨ ਨਹੀਂ ਹੈ ਸਗੋਂ ਤੁਹਾਡੀ ਵਜ੍ਹਾ ਨਾਲ ਕਿੰਨੇ ਲੋਕ ਖ਼ੁਸ਼ ਹਨ, ਇਹ ਮਹੱਤਵਪੂਰਨ ਹੈ।" ਸੰਸਾਰ ਦਾ ਹਰੇਕ ਜੀਵ ਖ਼ੁਸ਼ ਰਹਿਣਾ ਚਾਹੁੰਦਾ ਹੈ, ਪਰ ਇਹ ਇੱਕ ਕੌੜਾ ਸੱਚ ਹੈ ਕਿ ਉਸਦੇ ਹਾਲਾਤ, ਉਸਦਾ ਸੁਭਾਅ ਤੇ ਉਸਦੀ ਸੋਚ ਉਸਨੂੰ ਖ਼ੁਸ਼ ਰਹਿਣ ਨਹੀਂ ਦਿੰਦੇ ਹਨ। ਜੇਕਰ ਸੰਸਾਰ ਦਾ ਹਰ ਵਿਅਕਤੀ 'ਆਪ ਖ਼ੁਸ਼ ਰਹੋ ਤੇ ਦੂਜਿਆਂ ਵਿੱਚ ਖ਼ੁਸ਼ੀਆਂ ਵੰਡੋ' ਦੇ ਸਿਧਾਂਤ 'ਤੇ ਅਮਲ ਕਰ ਲਏ ਤਾਂ ਸੰਸਾਰ ਦਾ ਮਣਾਂ-ਮੂੰਹੀਂ ਦੁੱਖ-ਦਰਦ ਤੇ ਪ੍ਰੇਸ਼ਾਨੀਆਂ ਘੜੀ-ਪਲ ਵਿੱਚ ਕਾਫ਼ੂਰ ਹੋ ਸਕਦੀਆਂ ਹਨ। ਜਿਨ੍ਹਾਂ ਵਿਦਵਾਨਾਂ ਤੇ ਮਹਾਂਪੁਰਸ਼ਾਂ ਨੇ ਜ਼ਿੰਦਗੀ ਦੇ ਸੱਚ ਨੂੰ ਸਮਝਿਆ ਤੇ ਜਾਣਿਆ ਹੈ, ਉਨ੍ਹਾਂ ਨੇ ਦੁੱਖ ਤੇ ਸੁੱਖ ਨੂੰ ਇੱਕ ਸਮਾਨ ਜਾਣ ਕੇ ਅਡੋਲ ਭਾਵ ਨਾਲ ਦੋਹਾਂ ਨੂੰ ਹੰਢਾਉਣ ਦਾ ਉਪਦੇਸ਼ ਦਿੱਤਾ ਹੈ। ਸਾਨੂੰ ਇਹ ਸੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਸਾਡੀ ਜ਼ਿੰਦਗੀ 'ਚ ਚੰਗੇ ਜਾਂ ਸੁੱਖ ਭਰੇ ਦਿਨ ਨਹੀਂ ਰਹੇ ਹਨ ਤਾਂ ਮਾੜੇ ਤੇ ਦੁੱਖ ਭਰੇ ਦਿਨ ਵੀ ਸਦਾ ਨਹੀਂ ਰਹਿਣਗੇ। ਸੋ ਹਰ ਹਾਲਾਤ ਵਿੱਚ ਖ਼ੁਸ਼ ਰਹਿਣ ਵਾਲਾ ਤੇ ਹਰ ਦੁੱਖ-ਸੁੱਖ ਨੂੰ ਪਰਮਾਤਮਾ ਦਾ ਤੋਹਫ਼ਾ ਜਾਣ ਕੇ ਖਿੜੇ ਮੱਥੇ ਕਬੂਲ ਕਰਨ ਵਾਲਾ ਸ਼ਖ਼ਸ ਹੀ ਇਸ ਦੁਨੀਆ ਵਿੱਚ ਸਫ਼ਲ ਜੀਵਨ ਜੀਅ ਕੇ ਜਾਂਦਾ ਹੈ, ਜਦੋਂ ਕਿ ਬਾਕੀ ਸਭ ਤਾਂ ਕੇਵਲ ਜੂਨ ਹੀ ਭੋਗਦੇ ਹਨ।

ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐਨ.ਓ. ਵੱਲੋਂ 20 ਮਾਰਚ ਦਾ ਦਿਨ 'ਕੌਮਾਂਤਰੀ ਖ਼ੁਸ਼ੀ ਦਿਵਸ' ਵਜੋਂ ਮਨਾਉਣ ਦਾ ਫ਼ੈਸਲਾ 28 ਜੂਨ 2012 ਨੂੰ ਕੀਤਾ ਗਿਆ ਸੀ ਤੇ ਉਸ ਫ਼ੈਸਲੇ ਅਨੁਸਾਰ ਹਰ ਸਾਲ ਇਸ ਦਿਨ ਨੂੰ ਦੁਨੀਆ ਭਰ ਵਿੱਚ ਪੂਰੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਯੂ.ਐਨ.ਓ. ਮੰਨਦਾ ਹੈ ਕਿ ਖ਼ੁਸ਼ੀ ਤੇ ਅਨੰਦ ਹਾਸਿਲ ਕਰਨਾ ਹਰੇਕ ਧਰਤੀ ਵਾਸੀ ਦਾ ਮੂਲ ਸਰੋਕਾਰ ਹੈ, ਜਿਸ ਵਾਸਤੇ ਮੂਲ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ, ਨਾਬਰਾਬਰੀ ਤੇ ਅੱਤਿਆਚਾਰ ਦਾ ਅੰਤ ਕੀਤਾ ਜਾਣਾ ਜ਼ਰੂਰੀ ਹੈ।

ਵਿਦਵਾਨਾਂ ਦਾ ਮਤ ਹੈ ਕਿ ਮਾਨਸਿਕ ਪੱਧਰ 'ਤੇ ਖ਼ੁਸ਼ ਰਹਿਣ ਲਈ ਹਰੇਕ ਵਿਅਕਤੀ ਨੂੰ ਤਿੰਨ ਨੁਕਤੇ ਜ਼ਰੂਰ ਅਪਨਾਉਣੇ ਚਾਹੀਦੇ ਹਨ। ਇਹ ਤਿੰਨ ਨੁਕਤੇ ਹਨ- ਸ਼ਾਂਤ ਰਹੋ, ਸਿਆਣੇ ਬਣੋ ਤੇ ਦੂਜਿਆਂ ਪ੍ਰਤੀ ਦਇਆ ਵਿਖਾਓ। ਮਨ ਨੂੰ ਸ਼ਾਂਤ ਤੇ ਅਡੋਲ ਰੱਖਣ ਲਈ ਸਾਨੂੰ ਇਹ ਭਾਵਨਾ ਧਾਰਨ ਕਰ ਲੈਣੀ ਚਾਹੀਦੀ ਹੈ ਕਿ ਦੁਨੀਆ ਵਿੱਚ ਅਜਿਹਾ ਬਹੁਤ ਕੁਝ ਹੈ ਜੋ ਸਾਡੇ ਵੱਸ ਤੋਂ ਬਾਹਰ ਹੈ। ਸੋ ਬੇਕਾਰ ਵਿੱਚ ਚਿੰਤਾ, ਫ਼ਿਕਰ ਜਾਂ ਦੁੱਖ ਮਹਿਸੂਸ ਕਰਨ ਦੀ ਬਜਾਇ ਸ਼ਾਂਤ ਚਿੱਤ ਰਹਿ ਕੇ ਉਸਾਰੂ ਭਾਵਨਾ ਨਾਲ ਆਪਣਾ ਫ਼ਰਜ਼ ਅਦਾ ਕਰਦੇ ਰਹਿਣਾ ਚਾਹੀਦਾ ਹੈ। ਸਿਆਣੇ ਬਣਨ ਦਾ ਭਾਵ ਹੈ ਕਿ ਨਕਾਰਾਤਮਕ ਸੋਚ ਦੀ ਥਾਂ ਚੰਗੀ ਤੇ ਉਸਾਰੂ ਸੋਚ



ਧਾਰਨ ਕਰ ਕੇ ਆਪਣੇ ਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋ ਜਾਣਾ ਚਾਹੀਦਾ ਹੈ। ਸੱਚੀ ਖ਼ੁਸ਼ੀ ਹਾਸਿਲ ਕਰਨ ਲਈ ਲੋੜਵੰਦਾਂ ਦੀ ਯਥਾਸ਼ਕਤੀ ਅਨੁਸਾਰ ਮਦਦ ਕਰੋ, ਉਨ੍ਹਾਂ ਦੇ ਭਲੇ ਲਈ ਜੋ ਵੀ ਸੰਭਵ ਹੋਵੇ, ਕਰ ਗੁਜ਼ਰੋ। ਕਿਸੇ ਵਿਦਵਾਨ ਨੇ ਕਿੰਨਾ ਖ਼ੂਬਸੂਰਤ ਕਿਹਾ ਹੈ ਕਿ "ਖ਼ੁਸ਼ ਰਹਿਣ ਦਾ ਇਹ ਅਰਥ ਹਰਗ਼ਿਜ਼ ਨਹੀਂ ਹੈ ਕਿ ਤੁਹਾਡੀ ਜ਼ਿੰਦਗੀ ਵਿੱਚ ਸਭ ਕੁਝ ਠੀਕ ਹੈ, ਸਗੋਂ ਇਸਦਾ ਮਤਲਬ ਇਹ ਹੈ ਕਿ ਤੁਸੀਂ ਆਪਣੇ ਦੁੱਖਾਂ ਤੋਂ ਉੱਪਰ ਉੱਠ ਕੇ ਜਿਊਣਾ ਸਿੱਖ ਲਿਆ ਹੈ।"

ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਖ਼ੁਸ਼ੀ ਪਦਾਰਥਾਂ ਵਿੱਚ ਨਹੀਂ ਵੱਸਦੀ ਹੈ, ਸਗੋਂ ਇਹ ਇੱਕ ਮਨੋਅਵਸਥਾ ਹੈ ਭਾਵ ਮਨ ਦੀ ਸਥਿਤੀ ਹੈ। ਲੋਕ ਅਕਸਰ ਪੈਸਾ, ਪਦਾਰਥ, ਪਰਿਵਾਰ, ਪੁੱਤਰ ਜਾਂ ਦੁਨਿਆਵੀ ਸੁੱਖਾਂ ਵਿੱਚੋਂ ਖ਼ੁਸ਼ੀ ਹਾਸਿਲ ਕਰਨ ਦੀ ਚਾਹਤ ਵਿੱਚ ਸਾਰੀ ਉਮਰ ਭੱਜ-ਨੱਸ ਕਰਦੇ ਰਹਿੰਦੇ ਹਨ ਤੇ ਜੀਵਨ ਦੇ ਅੰਤ ਵਿੱਚ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਇਨ੍ਹਾਂ ਵਿੱਚੋਂ ਬਹੁਤੇ ਤਾਂ ਸੁੱਖਾਂ ਦੀ ਥਾਂ ਉਨ੍ਹਾਂ ਦੇ ਜੀਵਨ ਦੇ ਵੱਡੇ ਦੁੱਖਾਂ ਕਾਰਨ ਹੋ ਨਿਬੜੇ ਸਨ। ਆਰਥਿਕ, ਸਮਾਜਿਕ, ਰਾਜਨੀਤਕ ਜਾਂ ਸੰਸਾਰਕ ਪੱਧਰ 'ਤੇ ਸੰਪੰਨ ਹੋ ਜਾਣ ਦਾ ਇਹ ਮਤਲਬ ਹਰਗ਼ਿਜ਼ ਵੀ ਨਹੀਂ ਹੈ ਕਿ ਸਬੰਧਿਤ ਸ਼ਖ਼ਸ ਬੇਹੱਦ ਖ਼ੁਸ਼ ਹੋਵੇਗਾ। ਕਾਨ੍ਹਿਆਂ ਦੀ ਛੰਨ ਬਣਾ ਕੇ ਤੇ ਹੱਥ ਉੱਤੇ ਰੱਖ ਕੇ ਰੋਟੀ ਖਾਣ ਵਾਲਾ ਗ਼ਰੀਬ ਵਿਅਕਤੀ ਸ਼ਾਇਦ ਮਹਿਲਾਂ ਵਿੱਚ ਬੈਠ ਕੇ ਸੋਨੇ-ਚਾਂਦੀ ਦੇ ਬਰਤਨਾਂ ਵਿੱਚ ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਧਨਾਢ ਨਾਲੋਂ ਵੱਧ ਸ਼ਾਂਤ, ਸੰਤੁਸ਼ਟ, ਮਾਨਸਿਕ ਤਲ 'ਤੇ ਹੌਲ੍ਹਾ ਫੁੱਲ ਤੇ ਖ਼ੁਸ਼ ਹੋਵੇ ਅਤੇ ਚੈਨ ਦੀ ਨੀਂਦ ਸੌਂਦਾ ਹੋਵੇ।

ਯਾਦ ਰੱਖੋ, ਸੁੱਖ ਜਾਂ ਖ਼ੁਸ਼ੀ ਪਦਾਰਥ ਅੰਦਰ ਨਹੀਂ ਸਗੋਂ ਵਿਅਕਤੀ ਦੀ ਮਨੋਦਸ਼ਾ ਅੰਦਰ ਸਮਾਏ ਹੋਏ ਹਨ। ਸਾਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਆਪਣੀ ਚਾਹਤ ਦੀਆਂ ਚੀਜ਼ਾਂ ਨੂੰ ਹਾਸਿਲ ਕਰਨ ਦੀ ਸ਼ਿੱਦਤ ਦੇ ਨਾਲ ਨਾਲ ਸਾਨੂੰ ਜੋ ਚੀਜ਼ਾਂ ਸਾਡੇ ਕੋਲ ਹਨ, ਉਨ੍ਹਾਂ ਦੇ ਨਾਲ ਵੀ ਖ਼ੁਸ਼ ਰਹਿਣਾ ਸਿੱਖਣਾ ਚਾਹੀਦਾ ਹੈ। ਬੜੀ ਹੀ ਵਚਿੱਤਰ ਬਾਤ ਹੈ ਕਿ ਲੋਕ 'ਖ਼ਾਲੀ ਹੱਥੀਂ ਗਿਆ ਸਿਕੰਦਰ' ਜਿਹੇ ਗੀਤ ਤਾਂ ਗਾਉਂਦੇ ਹਨ, ਪਰ ਆਪ ਸਾਰੀ ਉਮਰ ਪੈਸਾ ਤੇ ਪਦਾਰਥ ਇਕੱਠੇ ਕਰਨ ਲਈ ਸਾਮ, ਦਾਮ, ਦੰਡ, ਭੇਦ- ਭਾਵ ਹਰ ਹਰਬਾ ਵਰਤਦੇ ਹਨ। ਚੇਤੇ ਰੱਖੋ ਧੋਖੇ, ਝੂਠ, ਪਾਪ ਤੇ ਅਪਰਾਧ ਦੀ ਬੁਨਿਆਦ 'ਤੇ ਟਿਕੀ ਜ਼ਿੰਦਗੀ ਵਿੱਚ ਸੁੱਖ ਤੇ ਖ਼ੁਸ਼ੀ ਦੀ ਕੋਈ ਥਾਂ ਨਹੀਂ ਹੁੰਦੀ ਹੈ।

ਡੇਲ ਕਾਰਨੇਗੀ ਨੇ ਸਹੀ ਕਿਹਾ ਸੀ, "ਹਰ ਕਿਸੇ ਨੂੰ ਖ਼ੁਸ਼ ਰੱਖਣਾ ਸਾਡੇ ਵੱਸ ਵਿੱਚ ਨਹੀਂ ਹੈ, ਪਰ ਸਾਡੇ ਕਰਕੇ ਕਿਸੇ ਦਾ ਦਿਲ ਨਾ ਦੁਖੇ, ਘੱਟੋ ਘੱਟ ਇਹ ਤਾਂ ਸਾਡੇ ਵੱਸ 'ਚ ਹੈ।" ਸੋ, ਅਖ਼ੀਰ 'ਚ ਇਹ ਕਹਿਣਾ ਬਣਦਾ ਹੈ ਕਿ ਵਿਸ਼ਵ ਖ਼ੁਸ਼ੀ ਦਿਵਸ ਮੌਕੇ ਹਰੇਕ ਮਨੁੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਹਰ ਹਾਲਤ ਵਿੱਚ ਆਪ ਵੀ ਖ਼ੁਸ਼ ਰਹੇਗਾ ਤੇ ਦੂਜਿਆਂ ਦੀ ਖ਼ੁਸ਼ੀ ਲਈ ਵੀ ਕਾਰਜਸ਼ੀਲ ਤੇ ਸਮਰਪਿਤ ਰਹੇਗਾ। ਇਹ ਸੋਚ ਹੀ ਸੰਸਾਰ ਨੂੰ ਵੱਸਣ ਅਤੇ ਹੱਸਣ ਯੋਗ ਸਥਾਨ ਬਣਾ ਸਕਦੀ ਹੈ; ਵਰਨਾ ਇਨਸਾਨ ਨੇ ਝੂਠੀ ਖ਼ੁਸ਼ੀ ਤੇ ਮਿਥਿਆ ਭਾਵ ਝੂਠਾ ਸੁੱਖ ਹਾਸਿਲ ਕਰਨ ਦੇ ਲਾਲਚਵੱਸ ਇਸ ਸੰਸਾਰ ਨੂੰ ਨਰਕ ਤੋਂ ਵੀ ਬਦਤਰ ਸਥਾਨ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਹੈ। ਸਾਨੂੰ ਸਭ ਨੂੰ ਇਹ ਸੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ:

ਉਦਾਸੀਓਂ ਕੀ ਵਜ੍ਹਾ ਤੋ ਬਹੁਤ ਹੈਂ ਇਸ ਜ਼ਮਾਨੇ ਮੇਂ
ਪਰ ਬੇਵਜ੍ਹਾ ਮੁਸਕਰਾਨੇ ਕੀ ਬਾਤ ਕੁਛ ਔਰ ਹੈ।

# ਮੋਟਾਪਾ ਬਣ ਰਿਹਾ 'ਸਾਇਲੈਂਟ ਕਿਲਰ'

## *ਇਨਫੈਕਸ਼ਨ ਨਾਲ ਜੁੜੀਆਂ ਹਰ ਦਸਵੀਂ ਮੌਤ ਦੇ ਪਿੱਛੇ ਵੱਧਦਾ ਵਜ਼ਨ

ਪੰਜਾਬੀ ਪਰਵਾਜ਼ ਬਿਊਰੋ




ਅੱਜ ਦੇ ਸਮੇਂ ਵਿੱਚ ਮੋਟਾਪਾ ਸਿਰਫ਼ ਇੱਕ ਆਮ ਸਿਹਤ ਸਮੱਸਿਆ ਨਹੀਂ ਰਿਹਾ, ਸਗੋਂ ਇਹ ਹੌਲੀ-ਹੌਲੀ ਇੱਕ 'ਸਾਇਲੈਂਟ ਕਿਲਰ' ਵਜੋਂ ਸਾਹਮਣੇ ਆ ਰਿਹਾ ਹੈ। ਮਸ਼ਹੂਰ ਮੈਡੀਕਲ ਜਰਨਲ ਲੈਂਸੇਟ ਵਿੱਚ ਪ੍ਰਕਾਸ਼ਿਤ ਇੱਕ ਨਵੇਂ ਅੰਤਰਰਾਸ਼ਟਰੀ ਅਧਿਐਨ ਨੇ ਦਰਸਾਇਆ ਹੈ ਕਿ ਵਧਦਾ ਵਜ਼ਨ ਸਰੀਰ ਦੀ ਰੋਗ-ਰੋਧਕ ਸਮਰੱਥਾ ਨੂੰ ਕਮਜ਼ੋਰ ਕਰ ਦਿੰਦਾ ਹੈ। ਇਸ ਕਾਰਨ ਆਮ ਜਿਹੇ ਇਨਫੈਕਸ਼ਨ ਵੀ ਗੰਭੀਰ ਬਿਮਾਰੀਆਂ ਵਿੱਚ ਬਦਲ ਸਕਦੇ ਹਨ ਅਤੇ ਕਈ ਵਾਰ ਮੌਤ ਦਾ ਕਾਰਨ ਵੀ ਬਣ ਜਾਂਦੇ ਹਨ।

ਅਧਿਐਨ ਮੁਤਾਬਕ ਸਾਲ 2023 ਵਿੱਚ ਦੁਨੀਆ ਭਰ ਵਿੱਚ ਇਨਫੈਕਸ਼ਨ ਕਾਰਨ ਹੋਈਆਂ ਲਗਭਗ 54 ਲੱਖ ਮੌਤਾਂ ਵਿੱਚੋਂ ਕਰੀਬ 6 ਲੱਖ ਮੌਤਾਂ ਮੋਟਾਪੇ ਨਾਲ ਜੁੜੀਆਂ ਹੋਈਆਂ ਸਨ। ਇਸ ਦਾ ਮਤਲਬ ਹੈ ਕਿ ਇਨਫੈਕਸ਼ਨ ਨਾਲ ਹੋਣ ਵਾਲੀ ਹਰ ਦਸਵੀਂ ਮੌਤ ਦੇ ਪਿੱਛੇ ਵਧਦਾ ਵਜ਼ਨ ਇੱਕ ਵੱਡਾ ਕਾਰਕ ਬਣ ਰਿਹਾ ਹੈ।

ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਮੋਟਾਪਾ ਹੁਣ ਇੱਕ ਵੱਡੀ ਗਲੋਬਲ ਸਿਹਤ ਚੁਣੌਤੀ ਬਣ ਗਿਆ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆ ਵਿੱਚ ਇੱਕ ਅਰਬ ਤੋਂ ਵੱਧ ਲੋਕ ਮੋਟਾਪੇ ਦਾ ਸ਼ਿਕਾਰ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਅਤੇ ਨੌਜਵਾਨ ਵੀ ਸ਼ਾਮਲ ਹਨ। ਪਿਛਲੇ ਤਿੰਨ ਦਹਾਕਿਆਂ ਦੌਰਾਨ ਦੁਨੀਆ ਵਿੱਚ ਮੋਟਾਪੇ ਦੀ ਦਰ ਲਗਭਗ ਦੋ ਗੁਣਾਂ ਹੋ ਚੁੱਕੀ ਹੈ। ਭਾਰਤ ਵਿੱਚ ਵੀ ਇਹ ਸਮੱਸਿਆ ਤੇਜ਼ੀ ਨਾਲ ਵਧ ਰਹੀ ਹੈ। ਵੱਖ-ਵੱਖ ਸਿਹਤ ਰਿਪੋਰਟਾਂ ਅਨੁਸਾਰ ਭਾਰਤ ਦੇ ਸ਼ਹਿਰੀ ਇਲਾਕਿਆਂ ਵਿੱਚ ਲਗਭਗ 25 ਤੋਂ 30 ਫੀਸਦੀ ਲੋਕ ਵੱਧ ਵਜ਼ਨ ਜਾਂ ਮੋਟਾਪੇ ਦਾ ਸ਼ਿਕਾਰ ਹਨ। ਇਹ ਹਾਲਤ ਇਸ ਲਈ ਵੀ ਚਿੰਤਾਜਨਕ ਹੈ, ਕਿਉਂਕਿ ਮੋਟਾਪਾ ਸਿਰਫ਼ ਦਿਲ ਦੀਆਂ ਬਿਮਾਰੀਆਂ ਜਾਂ ਸ਼ੂਗਰ ਨਾਲ ਹੀ ਨਹੀਂ, ਸਗੋਂ ਇਨਫੈਕਸ਼ਨ ਦੇ ਖ਼ਤਰੇ ਨਾਲ ਵੀ ਜੁੜਦਾ ਜਾ ਰਿਹਾ ਹੈ।

### 5.4 ਲੱਖ ਲੋਕਾਂ 'ਤੇ ਕੀਤਾ ਗਿਆ ਅਧਿਐਨ

ਇਹ ਅਧਿਐਨ ਲਗਭਗ 5.4 ਲੱਖ ਬਾਲਗ ਲੋਕਾਂ ਦੇ ਡਾਟਾ ਦੇ ਆਧਾਰ 'ਤੇ ਕੀਤਾ ਗਿਆ। ਇਸ ਵਿੱਚ ਫਿਨਲੈਂਡ ਦੇ ਲਗਭਗ 67 ਹਜ਼ਾਰ ਲੋਕਾਂ ਅਤੇ ਯੂ.ਕੇ. ਬਾਇਓਬੈਂਕ ਦੇ 4.7 ਲੱਖ ਤੋਂ ਵੱਧ ਲੋਕਾਂ ਦੇ ਸਿਹਤ ਅੰਕੜੇ ਸ਼ਾਮਲ ਕੀਤੇ ਗਏ। ਸ਼ੋਧਕਾਰਾਂ ਨੇ ਅਧਿਐਨ ਦੀ ਸ਼ੁਰੂਆਤ ਵਿੱਚ ਸਾਰੇ ਭਾਗੀਦਾਰਾਂ ਦਾ ਬਾਡੀ ਮਾਸ ਇੰਡੈਕਸ (ਬੀ.ਐਮ.ਆਈ.) ਮਾਪਿਆ ਅਤੇ ਫਿਰ ਲਗਭਗ 13 ਤੋਂ 14 ਸਾਲਾਂ ਤੱਕ ਉਨ੍ਹਾਂ ਦੀ ਸਿਹਤ 'ਤੇ ਨਿਗਰਾਨੀ ਕੀਤੀ।

ਬੀ.ਐਮ.ਆਈ. ਇੱਕ ਅਜਿਹਾ ਮਾਪਦੰਡ ਹੈ, ਜਿਸ ਨਾਲ ਪਤਾ ਲੱਗਦਾ ਹੈ ਕਿ ਕਿਸੇ ਵਿਅਕਤੀ ਦਾ ਵਜ਼ਨ ਉਸਦੀ ਲੰਬਾਈ ਦੇ ਮੁਕਾਬਲੇ ਠੀਕ ਹੈ ਜਾਂ ਨਹੀਂ। 18.5 ਤੋਂ 24.9- ਆਮ ਵਜ਼ਨ; 25 ਤੋਂ 29.9- ਓਵਰਵੈਟ ਅਤੇ 30 ਜਾਂ ਇਸ ਤੋਂ ਵੱਧ- ਮੋਟਾਪਾ। ਅਧਿਐਨ ਵਿੱਚ ਪਤਾ ਲੱਗਿਆ ਕਿ ਜਿਨ੍ਹਾਂ ਲੋਕਾਂ ਦਾ ਬੀ.ਐਮ.ਆਈ. 30 ਜਾਂ ਇਸ ਤੋਂ ਵੱਧ ਸੀ, ਉਨ੍ਹਾਂ ਵਿੱਚ ਕਿਸੇ ਵੀ ਇਨਫੈਕਸ਼ਨ ਕਾਰਨ ਹਸਪਤਾਲ ਵਿੱਚ ਦਾਖ਼ਲ ਹੋਣ ਜਾਂ ਮੌਤ ਦਾ ਖ਼ਤਰਾ ਆਮ ਵਜ਼ਨ ਵਾਲੇ ਲੋਕਾਂ ਨਾਲੋਂ ਲਗਭਗ 70 ਫੀਸਦੀ ਵੱਧ ਸੀ। ਜੇ ਕਿਸੇ ਵਿਅਕਤੀ ਦਾ ਬੀ.ਐਮ.ਆਈ. 40 ਜਾਂ ਇਸ ਤੋਂ ਵੀ ਵੱਧ ਹੋਵੇ ਤਾਂ ਹਾਲਤ ਹੋਰ ਗੰਭੀਰ ਹੋ ਜਾਂਦੀ ਹੈ। ਅਜਿਹੇ ਲੋਕਾਂ ਵਿੱਚ ਗੰਭੀਰ ਇਨਫੈਕਸ਼ਨ ਦਾ ਖ਼ਤਰਾ ਤਿੰਨ ਗੁਣਾ ਤੱਕ ਵੱਧ ਸਕਦਾ ਹੈ।

ਯੂ.ਕੇ. ਦੇ ਅੰਕੜਿਆਂ ਅਨੁਸਾਰ ਆਮ ਵਜ਼ਨ ਵਾਲੇ ਲੋਕਾਂ ਵਿੱਚ ਗੰਭੀਰ ਇਨਫੈਕਸ਼ਨ ਦਾ ਸਾਲਾਨਾ ਖ਼ਤਰਾ 1.1 ਫੀਸਦੀ ਸੀ, ਜਦਕਿ ਮੋਟਾਪੇ ਨਾਲ ਪੀੜਤ ਲੋਕਾਂ ਵਿੱਚ ਇਹ ਵੱਧ ਕੇ 1.8 ਫੀਸਦੀ ਤੱਕ ਪਹੁੰਚ ਗਿਆ।

ਅਧਿਐਨ ਵਿੱਚ ਕਈ ਆਮ ਬਿਮਾਰੀਆਂ ਦਾ ਵੀ ਵਿਸ਼ਲੇਸ਼ਣ ਕੀਤਾ ਗਿਆ। ਇਸ ਵਿੱਚ ਪਤਾ ਲੱਗਿਆ ਕਿ ਮੋਟਾਪੇ ਕਾਰਨ ਕਈ ਕਿਸਮ ਦੇ ਇਨਫੈਕਸ਼ਨ ਦਾ ਖ਼ਤਰਾ ਵਧ ਜਾਂਦਾ ਹੈ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਇਹ ਬਿਮਾਰੀਆਂ ਸ਼ਾਮਲ ਹਨ: ਫਲੂ, ਕੋਵਿਡ-19, ਨਿਮੋਨੀਆ, ਗੈਸਟ੍ਰੋਐਂਟਰਾਈਟਿਸ, ਯੂਰੀਨਰੀ ਟ੍ਰੈਕਟ ਇਨਫੈਕਸ਼ਨ, ਸਾਹ ਦੀਆਂ ਬਿਮਾਰੀਆਂ। ਹਾਲਾਂਕਿ ਐਚ.ਆਈ.ਵੀ. ਅਤੇ ਟੀ.ਬੀ. ਦੇ ਮਾਮਲਿਆਂ ਵਿੱਚ ਮੋਟਾਪੇ ਨਾਲ ਸਿੱਧਾ ਸੰਬੰਧ ਸਪਸ਼ਟ ਨਹੀਂ ਮਿਲਿਆ। ਕੋਵਿਡ-19 ਮਹਾਂਮਾਰੀ ਦੌਰਾਨ ਵੀ ਇਹ ਗੱਲ ਸਾਹਮਣੇ ਆਈ ਸੀ ਕਿ ਮੋਟਾਪੇ ਨਾਲ ਪੀੜਤ ਲੋਕਾਂ ਵਿੱਚ ਗੰਭੀਰ ਕੋਵਿਡ ਦਾ ਖ਼ਤਰਾ ਕਾਫ਼ੀ ਵੱਧ ਹੁੰਦਾ ਹੈ।

ਅਧਿਐਨ ਨਾਲ ਜੁੜੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਮੋਟਾਪਾ ਸਰੀਰ ਦੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਦਿੰਦਾ ਹੈ। ਜਦੋਂ ਸਰੀਰ ਦੀ ਰੋਗ-ਰੋਧਕ ਤਾਕਤ ਘਟ ਜਾਂਦੀ ਹੈ ਤਾਂ ਉਹ ਬੈਕਟੀਰੀਆ, ਵਾਇਰਸ ਅਤੇ ਹੋਰ ਜੀਵਾਣੂਆਂ ਨਾਲ ਠੀਕ ਤਰ੍ਹਾਂ ਲੜ ਨਹੀਂ ਸਕਦਾ। ਇਸ ਕਾਰਨ ਆਮ ਜਿਹਾ ਇਨਫੈਕਸ਼ਨ ਵੀ ਗੰਭੀਰ ਰੂਪ ਧਾਰ ਸਕਦਾ ਹੈ।

ਅਧਿਐਨ ਦਾ ਇੱਕ ਮਹੱਤਵਪੂਰਣ ਨਤੀਜਾ ਇਹ ਵੀ ਸਾਹਮਣੇ ਆਇਆ ਕਿ ਵਜ਼ਨ ਘਟਾਉਣ ਨਾਲ ਇਨਫੈਕਸ਼ਨ ਦਾ ਖ਼ਤਰਾ ਘਟ ਸਕਦਾ ਹੈ। ਜਿਨ੍ਹਾਂ ਲੋਕਾਂ ਨੇ ਆਪਣਾ ਵਜ਼ਨ ਘਟਾ ਕੇ ਮੋਟਾਪੇ ਤੋਂ ਆਮ ਬੀ.ਐਮ.ਆਈ. ਦੀ ਸ਼੍ਰੇਣੀ ਵਿੱਚ ਵਾਪਸੀ ਕੀਤੀ, ਉਨ੍ਹਾਂ ਵਿੱਚ ਗੰਭੀਰ ਇਨਫੈਕਸ਼ਨ ਦਾ ਖ਼ਤਰਾ ਲਗਭਗ 20 ਫੀਸਦੀ ਘਟ ਗਿਆ। ਇਸ ਦੇ ਉਲਟ ਜਿਨ੍ਹਾਂ ਲੋਕਾਂ ਦਾ ਵਜ਼ਨ ਵੱਧ ਕੇ ਮੋਟਾਪੇ ਦੀ ਸ਼੍ਰੇਣੀ ਵਿੱਚ ਪਹੁੰਚ ਗਿਆ, ਉਨ੍ਹਾਂ ਵਿੱਚ ਇਹ ਖ਼ਤਰਾ ਕਰੀਬ 30 ਫੀਸਦੀ ਵੱਧ ਗਿਆ।

ਅਧਿਐਨ ਅਨੁਸਾਰ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਮੋਟਾਪਾ ਇੱਕ ਮਹੱਤਵਪੂਰਨ ਕਾਰਕ ਬਣ ਰਿਹਾ ਹੈ। ਅਮਰੀਕਾ ਵਿੱਚ ਇਨਫੈਕਸ਼ਨ ਨਾਲ ਹੋਈਆਂ ਮੌਤਾਂ ਵਿੱਚ 26 ਫੀਸਦੀ ਮਾਮਲਿਆਂ ਵਿੱਚ ਮੋਟਾਪਾ ਕਾਰਕ ਸੀ। ਬ੍ਰਿਟੇਨ ਵਿੱਚ ਇਹ ਅੰਕੜਾ 16 ਫੀਸਦੀ; ਫਿਨਲੈਂਡ ਵਿੱਚ 19 ਫੀਸਦੀ; ਸਵੀਡਨ ਵਿੱਚ 13 ਫੀਸਦੀ; ਨਾਰਵੇ ਵਿੱਚ 11 ਫੀਸਦੀ ਅਤੇ ਡੈਨਮਾਰਕ ਵਿੱਚ 12 ਫੀਸਦੀ ਰਿਹਾ। ਇਹ ਅੰਕੜੇ ਦਰਸਾਉਂਦੇ ਹਨ ਕਿ ਵਿਕਸਿਤ ਦੇਸ਼ਾਂ ਵਿੱਚ ਵੀ ਮੋਟਾਪਾ ਇੱਕ ਵੱਡੀ ਸਿਹਤ ਸਮੱਸਿਆ ਬਣ ਚੁੱਕਾ ਹੈ।

ਸਿਹਤ ਵਿਸ਼ੇਸ਼ਗਿਆਨਾਂ ਅਨੁਸਾਰ ਮੋਟਾਪੇ ਨੂੰ ਕਾਬੂ ਕਰਨ ਲਈ ਲੋਕਾਂ ਨੂੰ ਆਪਣੀ ਜੀਵਨਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਜਿਵੇਂ ਕਿ: ਸੰਤੁਲਿਤ ਅਤੇ ਪੌਸ਼ਟਿਕ ਖ਼ੁਰਾਕ; ਰੋਜ਼ਾਨਾ ਕਸਰਤ; ਵੱਧ ਚੀਨੀ ਤੇ ਜੰਕ ਫੂਡ ਤੋਂ ਬਚਾਅ ਅਤੇ ਰੈਗੂਲਰ ਸਿਹਤ ਜਾਂਚ। ਇਸ ਦੇ ਨਾਲ ਹੀ ਮੋਟਾਪੇ ਨਾਲ ਪੀੜਤ ਲੋਕਾਂ ਲਈ ਟੀਕਾਕਰਨ ਅਤੇ ਬੂਸਟਰ ਡੋਜ਼ ਵੀ ਮਹੱਤਵਪੂਰਨ ਮੰਨੇ ਜਾਂਦੇ ਹਨ, ਤਾਂ ਜੋ ਇਨਫੈਕਸ਼ਨ ਦੇ ਖ਼ਤਰੇ ਨੂੰ ਘਟਾਇਆ ਜਾ ਸਕੇ।

ਭਾਵੇਂ ਇਹ ਅਧਿਐਨ ਪੂਰੀ ਤਰ੍ਹਾਂ ਕਾਰਨ ਅਤੇ ਪ੍ਰਭਾਵ ਨੂੰ ਸਾਬਤ ਨਹੀਂ ਕਰਦਾ, ਪਰ ਇਹ ਸਪਸ਼ਟ ਕਰਦਾ ਹੈ ਕਿ ਮੋਟਾਪਾ ਹੁਣ ਸਿਰਫ਼ ਜੀਵਨਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਤੱਕ ਹੀ ਸੀਮਿਤ ਨਹੀਂ। ਇਹ ਗੰਭੀਰ ਇਨਫੈਕਸ਼ਨ ਅਤੇ ਮੌਤ ਦੇ ਖ਼ਤਰੇ ਨੂੰ ਵੀ ਵਧਾ ਸਕਦਾ ਹੈ। ਸਿਹਤ ਵਿਗਿਆਨੀਆਂ ਦਾ ਮੰਨਣਾ ਹੈ ਕਿ ਜੇ ਮੋਟਾਪੇ ਦੀ ਸਮੱਸਿਆ ਨੂੰ ਸਮੇਂ ਸਿਰ ਕਾਬੂ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਾਲਾਂ ਵਿੱਚ ਇਹ ਦੁਨੀਆ ਲਈ ਇੱਕ ਵੱਡਾ ਸਿਹਤ ਸੰਕਟ ਬਣ ਸਕਦੀ ਹੈ।

---

## ਖਰੀ ਗੱਲ

ਅਸ਼ਵਨੀ ਚਤਰਥ, ਬਟਾਲਾ
ਫੋਨ:+91-6284220595



# 'ਲੋਕ ਕੀ ਕਹਿਣਗੇ?'

## ਇਹ ਦਬਾਅ ਬਣਾ ਰਿਹਾ ਆਮ ਆਦਮੀ ਨੂੰ ਕਰਜ਼ਾਈ

ਮੌਜੂਦਾ ਦੌਰ ਨੂੰ ਵਿਖਾਵੇਬਾਜ਼ੀ ਦਾ ਦੌਰ ਕਿਹਾ ਜਾ ਸਕਦਾ ਹੈ, ਜਿਸ ਵਿੱਚ ਹਰੇਕ ਆਦਮੀ ਦੂਜੇ ਤੋਂ ਆਪਣੇ ਆਪ ਨੂੰ ਵਧ-ਚੜ੍ਹ ਕੇ ਵਿਖਾਉਣ ਦੀ ਕੋਸ਼ਿਸ਼ ਕਰਨ ਵਿੱਚ ਲੱਗਾ ਰਹਿੰਦਾ ਹੈ। ਅੱਜ ਕੱਲ ਲੋਕ ਆਪਣੀ ਜ਼ਮੀਨ-ਜਾਇਦਾਦ ਅਤੇ ਰੁਤਬੇ ਦਾ ਵਿਖਾਵਾ ਕਰਨ ਲਈ ਮੋਟਾ ਪੈਸਾ ਖ਼ਰਚ ਕਰ ਦਿੰਦੇ ਹਨ। ਇਵੇਂ ਲੱਗਦਾ ਹੈ, ਜਿਵੇਂ ਅੱਜ ਦੇ ਆਦਮੀ ਦਾ ਕੰਮ ਹੀ ਦੂਜਿਆਂ ਦਾ ਧਿਆਨ ਆਪਣੇ ਵੱਲ ਖਿਚਣਾ ਰਹਿ ਗਿਆ ਹੋਵੇ। ਅਕਸਰ ਵੇਖਦੇ ਹਾਂ ਕਿ ਸਮਾਜਿਕ ਇਕੱਤਰਤਾ ਭਾਵੇਂ ਕੋਈ ਧਾਰਮਿਕ, ਪਰਿਵਾਰਕ ਜਾਂ ਕੋਈ ਜਸ਼ਨਮਈ ਸਮਾਗਮ ਹੋਵੇ, ਲੋਕ ਆਪਣੇ ਮਹਿੰਗੇ ਤੋਂ ਮਹਿੰਗੇ ਕੱਪੜਿਆਂ ਅਤੇ ਨਵੇਂ ਤੋਂ ਨਵੇਂ ਵਾਹਨਾਂ ਦਾ ਵਿਖਾਵਾ ਕਰਨੋਂ ਪਿੱਛੇ ਨਹੀਂ ਹਟਦੇ। ਇਕੱਤਰਤਾ ਦੀ ਮੂਲ ਭਾਵਨਾ ਨੂੰ ਦਰਕਿਨਾਰ ਕਰਕੇ, ਲੋਕ ਇੱਕ ਦੂਸਰੇ ਦੀਆਂ ਫ਼ੋਟੋਆਂ ਖਿੱਚਦੇ ਹਨ ਅਤੇ ਵੰਨ-ਸੁਵੰਨੀਆਂ ਸੈਲਫ਼ੀਆਂ ਲੈਂਦੇ ਹਨ।

ਅਸਲ ਵਿੱਚ ਸੋਸ਼ਲ ਮੀਡੀਆ ਦੇ ਦੌਰ ਵਿੱਚ ਵੱਖ-ਵੱਖ ਸੋਸ਼ਲ ਮੀਡੀਆ ਪਲੈਟਫਾਰਮਾਂ ਨੇ ਜਸ਼ਨਾਂ ਦੇ ਵਿਖਾਵਿਆਂ ਨੂੰ ਉਨ੍ਹਾਂ ਦੀ ਭਾਵਨਾਤਮਿਕ ਮਹਤੱਤਾ ਅਤੇ ਰਵਾਇਤੀ ਕਦਰਾਂ-ਕੀਮਤਾਂ ਤੋਂ ਵੀ ਜ਼ਿਆਦਾ ਜ਼ਰੂਰੀ ਬਣਾ ਦਿੱਤਾ ਹੈ। ਹੁਣ ਤਾਂ ਯੁੱਗਾਂ ਪੁਰਾਣੇ ਰੀਤੀ ਰਿਵਾਜਾਂ ਦੀ ਥਾਂ ਉੱਤੇ ਪ੍ਰੋਗਰਾਮ ਨੂੰ ਚਿੱਤਰਮਈ ਦਿੱਖ ਦੇਣ ਲਈ ਸਮੇਂ ਅਤੇ ਸਥਾਨ ਨੂੰ ਬਦਲ ਦਿੱਤਾ ਜਾਂਦਾ ਹੈ। ਕਿਸੇ ਵੀ ਪ੍ਰੋਗਰਾਮ ਨੂੰ ਲਿਸ਼ਕਣੀ ਸਜਾਵਟ, ਸ਼ਾਹੀ ਭੋਜਨ, ਬਰੈਨਡਡ ਕੱਪੜੇ ਅਤੇ ਮਹਿੰਗੇ ਤੋਹਫ਼ਿਆਂ ਨਾਲ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਇੱਕ ਅਦਿੱਖ ਮੁਕਾਬਲਾ ਜਿਹਾ ਬਣਾ ਦਿੱਤਾ ਗਿਆ ਹੈ, ਜਿਸ ਕਰਕੇ ਹਰ ਕੋਈ ਆਪਣੇ ਪ੍ਰੋਗਰਾਮ ਨੂੰ ਦੂਜਿਆਂ ਤੋਂ ਵਧੀਆ ਵਿਖਾਉਣਾ ਚਾਹੁੰਦਾ ਹੈ। ਇੱਥੋਂ ਤੱਕ ਕਿ ਭਾਵੇਂ ਕੋਈ ਇਕੱਤਰਤਾ ਸੋਗਮਈ ਕੰਮ ਸਬੰਧੀ ਹੋਵੇ, ਉਸ ਵਿੱਚ ਵੀ ਆਪਣੇ ਪਹਿਰਾਵੇ ਦੀ ਮਰਯਾਦਾ ਨੂੰ ਭੁੱਲ ਕੇ ਆਪਣੀਆਂ ਪੋਸ਼ਾਕਾਂ ਦੀ ਨੁਮਾਇਸ਼ ਕਰਨ ਲੱਗ ਜਾਂਦੇ ਹਨ।

ਲੋਕਾਂ ਦੇ ਇਸ ਵਰਤਾਰੇ ਵਿੱਚ ਸੋਸ਼ਲ ਮੀਡੀਆ ਦਾ ਬਹੁਤ ਵੱਡਾ ਅਤੇ ਨਾਂਹ-ਪੱਖੀ ਯੋਗਦਾਨ ਹੈ। ਹਰ ਕੋਈ ਆਦਮੀ ਆਪਣੀ ਆਨ-ਲਾਈਨ ਹੋਂਦ ਦੀ ਦੌੜ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਵਿੱਚ ਲੱਗਾ ਹੋਇਆ ਹੈ। ਪਹਿਲੇ ਸਮਿਆਂ ਵਿੱਚ ਲੋਕਾਂ ਵਿੱਚ ਸਾਦਗੀ ਹੋਇਆ ਕਰਦੀ ਸੀ। ਲੋਕ ਸਰਲਤਾ ਤੇ ਸਹਿਜਤਾ ਨਾਲ ਰਹਿੰਦੇ ਸਨ ਅਤੇ ਉਸ ਸਮੇਂ ਵਿੱਚ ਮੁਕਾਬਲੇਬਾਜ਼ੀ ਦਾ ਰੁਝਾਨ ਵੀ ਘੱਟ ਸੀ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਉਸ ਸਮੇਂ ਰੁਪਏ-ਪੈਸੇ ਦਾ ਪਸਾਰ ਘੱਟ ਹੀ ਸੀ।

ਜ਼ਿਕਰਯੋਗ ਹੈ ਕਿ ਭਾਰਤੀ ਸਮਾਜ ਵਿੱਚ ਜਿੰਨੀਆਂ ਵੀ ਸਮਾਜਿਕ ਇਕੱਤਰਤਾਵਾਂ ਹੁੰਦੀਆਂ ਹਨ, ਉਨ੍ਹਾਂ ਵਿੱਚੋਂ ਵਿਆਹ-ਸ਼ਾਦੀ ਦੇ ਪ੍ਰੋਗਰਾਮ ਨੂੰ ਮਨੁੱਖ ਲਈ ਨਵੇਂ ਰਿਸ਼ਤੇ ਕਾਇਮ ਕਰਨ ਦਾ ਅਤੇ ਲੋਕਾਂ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਦਾ ਇੱਕ ਅਹਿਮ ਮਾਧਿਅਮ ਮੰਨਿਆ ਗਿਆ ਹੈ। ਵਿਆਹ ਸ਼ਾਦੀ ਦਾ ਮੌਕਾ ਮਨੁੱਖ ਲਈ ਇੱਕ ਅਜਿਹਾ ਖੁਸ਼ੀ ਦਾ ਮੌਕਾ ਹੁੰਦਾ ਹੈ, ਜੋ ਉਸ ਨੂੰ ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਨ ਦਾ ਸਬੱਬ ਪ੍ਰਦਾਨ ਕਰਦਾ ਹੈ। ਪਰ ਅਜੋਕੇ ਸਮੇਂ 'ਚ ਤਾਂ ਇਹ ਇੱਕ ਮਹਿਜ਼ ਫ਼ਜ਼ੂਲ ਖ਼ਰਚੀ ਦਾ ਅਤੇ ਝੂਠੇ ਵਿਖਾਵੇ ਦਾ ਸਬੱਬ ਬਣ ਕੇ ਰਹਿ ਗਿਆ ਹੈ। ਅਜੋਕੇ ਸਮੇਂ ਦੇ ਵਿਆਹਾਂ ਵਿੱਚ ਪ੍ਰੀ-ਵੈਡਿੰਗ, ਪੋਸਟ-ਵੈਡਿੰਗ, ਡਰੋਨ ਦੀ ਵਰਤੋਂ, ਫ਼ੋਟੋ-ਸ਼ੂਟ, ਡਾਂਸਰਾਂ ਦੀ ਸਟੇਜ ਪ੍ਰਦਰਸ਼ਨੀ, ਫ਼ੋਟੋਗ੍ਰਾਫ਼ੀ, ਵੀਡੀਓਗ੍ਰਾਫ਼ੀ, ਘੋੜੀ ਦੀ ਜਗ੍ਹਾ ਹਾਥੀ ਜਾਂ ਰੱਥ ਦਾ ਪ੍ਰਬੰਧ, ਖਾਣ ਪੀਣ ਦੀਆਂ ਵਸਤਾਂ ਦੀ ਅਥਾਹ ਵੰਨ-ਸੁਵੰਨਤਾ, ਪੈਲੇਸਾਂ ਵਿੱਚ ਪਰੋਸੇ ਜਾਂਦੇ ਭੋਜਨਾਂ ਦੀ ਵੱਧ ਤੋਂ ਵੱਧ ਬਰਬਾਦੀ, ਵਿਆਹ-ਸ਼ਾਦੀ ਆਦਿ ਪ੍ਰੋਗਰਾਮਾਂ ਦਾ ਲਾਈਵ ਟੈਲੀਕਾਸਟ ਅਤੇ ਅਜਿਹੇ ਅਨੇਕਾਂ ਹੋਰ ਕਾਰਜਕ੍ਰਮ ਹਨ, ਜੋ ਵਿਆਹਾਂ ਦੇ ਖ਼ਰਚਿਆਂ ਨੂੰ ਵਧਾਉਂਦੇ ਹਨ। ਇਸੇ ਤਰ੍ਹਾਂ ਦੂਸਰੇ ਸਮਾਜਿਕ ਕਾਰਜਕ੍ਰਮਾਂ- ਚਾਹੇ ਉਹ ਖ਼ੁਸ਼ੀ ਦੇ ਹੋਣ ਜਾਂ ਗਮੀ ਦੇ, ਵਿੱਚ ਵੀ ਵਿਖਾਵੇ ਦਾ ਬੋਲ-ਬਾਲਾ ਕਾਫ਼ੀ ਵਧ ਗਿਆ ਹੈ।



ਗੱਲ ਕਰੀਏ ਪੁਰਾਣਿਆਂ ਸਮਿਆਂ ਦੀ ਤਾਂ ਉਨ੍ਹਾਂ ਵਕਤਾਂ ਵਿੱਚ ਵਿਆਹ-ਸ਼ਾਦੀ ਦਾ ਸਮਾਂ ਦੋ ਪਰਿਵਾਰਾਂ ਦੇ ਮਿਲਣ ਅਤੇ ਇੱਕ ਦੂਸਰੇ ਨੂੰ ਸਮਝਣ ਦਾ ਮੌਕਾ ਹੋਇਆ ਕਰਦਾ ਸੀ, ਨਾ ਕਿ ਆਪਣੇ ਆਪ ਨੂੰ ਦੂਸਰੇ ਤੋਂ ਵੱਡਾ ਦਿਖਾਉਣ ਦਾ। ਉਨ੍ਹਾਂ ਸਮਿਆਂ ਵਿੱਚ ਇੱਕ ਸਧਾਰਨ ਜਿਹੇ ਪਰਿਵਾਰ ਦੇ ਵਿਆਹ ਸ਼ਾਦੀ ਦੀਆਂ ਛੋਟੀਆਂ-ਛੋਟੀਆਂ ਲੋੜਾਂ ਆਂਢ-ਗੁਆਂਢ ਤੋਂ ਹੀ ਪੂਰੀਆਂ ਕਰ ਲਈਆਂ ਜਾਂਦੀਆਂ ਸਨ, ਪਰ ਰੁਪਏ-ਪੈਸੇ ਦੇ ਪਸਾਰ ਅਤੇ ਸ਼ਹਿਰੀਕਰਨ ਸਦਕਾ ਸਮੇਂ ਦਾ ਪਹੀਆ ਅਜਿਹਾ ਅੱਗੇ ਵਧਿਆ, ਜਿਸ ਨਾਲ ਸਮਾਜ ਦੇ ਸਾਧਾਰਨ-ਵਰਗ ਦਾ ਇੱਕ ਹਿੱਸਾ ਹੇਠਲੇ ਮੱਧ-ਵਰਗ ਵਿੱਚ ਤਬਦੀਲ ਹੋ ਗਿਆ, ਜਿਸ ਨੂੰ ਰੁਪਏ-ਪੈਸੇ ਦੇ ਖੰਭ ਲੱਗ ਗਏ। ਵਿਆਹ ਸ਼ਾਦੀ ਜਾਂ ਹੋਰ ਸਮਾਜਿਕ ਕਾਰ-ਵਿਹਾਰ ਦੇ ਕੰਮ, ਜੋ ਪਹਿਲਾਂ ਸਰਾਵਾਂ ਅਤੇ ਧਾਰਮਿਕ ਸਥਾਨਾਂ ਵਰਗੇ ਸੇਵਾ ਦੇ ਕੇਂਦਰਾਂ ਵਿੱਚ ਸੰਪੂਰਨ ਕਰ ਲਏ ਜਾਂਦੇ ਸਨ, ਹੁਣ ਉਨ੍ਹਾਂ ਦੀ ਥਾਂ ਪੈਲੇਸਾਂ ਵਰਗੇ ਵਪਾਰਕ ਅਦਾਰਿਆਂ ਨੇ ਲੈ ਲਈ। ਲੋਕ ਇਨ੍ਹਾਂ ਵਿਆਹਾਂ ਅਤੇ ਸਮਾਜਿਕ ਕਾਰਜਕ੍ਰਮਾਂ ਵਿੱਚ ਅਥਾਹ ਧਨ ਖ਼ਰਚ ਕਰਦੇ ਹਨ ਅਤੇ ਭਰਪੂਰ ਵਿਖਾਵਾ ਕਰਦੇ ਹਨ। ਅੱਜ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਅੰਦਰ ਐੱਮ.ਬੀ.ਏ. ਦੀ ਡਿਗਰੀ ਵਿੱਚ ਪੜ੍ਹਾਏ ਜਾਂਦੇ ਵਿਸ਼ੇ ਜਿਵੇਂ ਸਹਿਯੋਗ, ਮਿਲਵਰਤਨ ਤੇ ਕੰਮ ਦੀ ਵੰਡ ਬਿਨਾਂ ਸ਼ੱਕ ਪੰਜਾਬ ਦੇ ਪਿੰਡਾਂ ਦੀ ਹੀ ਦੇਣ ਹਨ, ਜਿੱਥੇ ਲੋਕ ਆਪਸੀ ਸਹਿਯੋਗ ਅਤੇ ਮਿਲਵਰਤਨ ਨਾਲ ਅਤੇ ਬਿਨਾਂ ਜ਼ਿਆਦਾ ਖ਼ਰਚ ਕੀਤੇ ਵੱਡੇ-ਵੱਡੇ ਸਮਾਜਿਕ ਕਾਰਜਾਂ ਨੂੰ ਨੇਪਰੇ ਚੜ੍ਹਾਉਂਦੇ ਸਨ।

ਜ਼ਿਕਰਯੋਗ ਹੈ ਕਿ ਵੱਧ ਤੋਂ ਵੱਧ ਡੱਬੇ ਵੰਡ ਕੇ ਇਕੱਠੀ ਕੀਤੀ ਗਈ ਲੋਕਾਂ ਦੀ ਭੀੜ ਨੂੰ ਅਸੀਂ ਆਪਣੀ ਤਰੱਕੀ ਸਮਝਣ ਦੀ ਭੁੱਲ ਕਰ ਬੈਠਦੇ ਹਾਂ, ਜਦ ਕਿ ਸੱਚਾਈ ਇਹ ਹੈ ਕਿ ਪੈਲੇਸਾਂ ਅੰਦਰ ਸਟਾਲਾਂ ਦੇ ਰੂਪ ਵਿੱਚ ਭੋਜਨ ਦੇ ਲਾਏ ਗਏ ਢੇਰਾਂ ਦਾ ਤਕਰੀਬਨ ਅੱਧਾ ਹਿੱਸਾ ਕੂੜੇਦਾਨ ਵਿੱਚ ਸੁੱਟ ਦਿੱਤਾ ਜਾਂਦਾ ਹੈ, ਜੋ ਕਿ ਇੱਕ ਬਹੁਤ ਹੀ ਸ਼ਰਮਨਾਕ ਅਤੇ ਨਿੰਦਣਯੋਗ ਵਰਤਾਰਾ ਹੈ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਸਮਾਜਿਕ ਕਾਰਜਕ੍ਰਮਾਂ ਵਿੱਚ ਭੋਜਨ ਪਦਾਰਥਾਂ ਦੀ ਜਿੰਨੀ ਜ਼ਿਆਦਾ ਵੰਨਗੀ ਹੁੰਦੀ ਹੈ, ਓਨੀ ਹੀ ਉਨ੍ਹਾਂ ਦੀ ਬਰਬਾਦੀ ਜ਼ਿਆਦਾ ਹੁੰਦੀ ਹੈ। ਜਾਣਨ ਦੀ ਲੋੜ ਹੈ ਕਿ ਪੁਰਾਣੇ ਜ਼ਮਾਨੇ ਦੇ ਪ੍ਰੋਗਰਾਮਾਂ ਵਿੱਚ ਲੋਕਾਂ 'ਚ ਸਾਦਗੀ ਹੁੰਦੀ ਸੀ ਅਤੇ ਪਰੋਸਿਆ ਜਾਣ ਵਾਲਾ ਭੋਜਨ ਪੌਸ਼ਟਿਕਤਾ ਭਰਪੂਰ ਤੇ ਕਿਫ਼ਾਇਤੀ ਹੋਇਆ ਕਰਦਾ ਸੀ। ਭਾਵ ਥੋੜ੍ਹਾ ਖ਼ਰਚ ਕਰਕੇ ਵੀ ਸਾਰੇ ਪਿੰਡ ਨੂੰ ਖਾਣਾ ਖਵਾਇਆ ਜਾ ਸਕਦਾ ਸੀ। ਪਰ ਅਜੋਕੇ ਯੁੱਗ ਦੇ ਪੈਲੇਸਾਂ ਵਾਲੇ ਪ੍ਰੋਗਰਾਮਾਂ 'ਚ ਵਰਤਾਇਆ ਜਾਂਦਾ ਭੋਜਨ ਮਹਿੰਗਾ ਵੀ ਹੁੰਦਾ ਹੈ ਅਤੇ ਸਿਹਤ ਪੱਖੋਂ ਗ਼ੈਰ-ਮਿਆਰੀ ਤੇ ਬਿਮਾਰੀਆਂ ਲਗਾਉਣ ਵਾਲਾ ਵੀ ਹੁੰਦਾ ਹੈ। ਅਫ਼ਸੋਸ ਦੀ ਗੱਲ ਇਹ ਕਿ ਪ੍ਰੋਗਰਾਮਾਂ ਵਿੱਚ ਆਏ ਮਹਿਮਾਨ ਵੀ ਪਲੇਟ ਨੂੰ ਤੂਸ ਕੇ ਭਰ ਲੈਂਦੇ ਹਨ ਅਤੇ ਅੱਧਾ ਖਾ ਕੇ ਅੱਧਾ ਕੂੜੇਦਾਨ ਵਿੱਚ ਸੁੱਟ ਦਿੰਦੇ ਹਨ, ਤੇ ਫਿਰ ਅਗਲੇ ਸਟਾਲ ਵੱਲ ਤੁਰ ਪੈਂਦੇ ਹਨ। ਇਨ੍ਹਾਂ ਠਾਠ-ਬਾਠ ਅਤੇ ਝੂਠੇ ਵਿਖਾਵੇ ਵਾਲੇ ਵਿਆਹ ਸ਼ਾਦੀਆਂ ਤੇ ਹੋਰ ਪ੍ਰੋਗਰਾਮਾਂ ਵਿੱਚ ਬਰਬਾਦ ਕੀਤੇ ਖਾਣੇ ਨਾਲ ਉਨ੍ਹਾਂ ਗਰੀਬ ਲੋਕਾਂ ਦਾ ਪੇਟ ਭਰ ਸਕਦਾ ਹੈ, ਜੋ ਲੋਕ ਭੁੱਖੇ ਪੇਟ ਸੌਣ ਨੂੰ ਮਜਬੂਰ ਹੁੰਦੇ ਹਨ।

ਸਭ ਤੋਂ ਜ਼ਿਆਦਾ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਇੱਕ ਆਮ ਆਦਮੀ ਵੀ ਆਪਣੇ ਵਿੱਤੋਂ ਬਾਹਰ ਜਾ ਕੇ ਅਤੇ ਉਧਾਰ ਚੁੱਕ ਕੇ ਇਸੇ ਤਾਣੇ-ਬਾਣੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਉਮਰ ਭਰ ਕਰਜ਼ੇ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ। ਇਸ ਲਈ ਸਿਆਣਪ ਇਸੇ ਗੱਲ ਵਿੱਚ ਹੈ ਕਿ ਹਰੇਕ ਆਦਮੀ ਨੂੰ ਆਪਣੇ ਵਿੱਤ ਵਿੱਚ ਰਹਿ ਕੇ ਅਤੇ ਫ਼ਜ਼ੂਲ ਖ਼ਰਚ ਤੋਂ ਬਚ ਕੇ ਹੀ ਵਿਆਹ-ਸ਼ਾਦੀ ਦਾ ਖ਼ਰਚ ਕਰਨਾ ਚਾਹੀਦਾ ਹੈ ਅਤੇ ਝੂਠੀ ਸਮਾਜਿਕ ਵਿਖਾਵੇਬਾਜ਼ੀ ਤੋਂ ਬਚਣਾ ਚਾਹਦਾ ਹੈ।

# ਭਾਈ ਮਰਦਾਨੇ ਦੇ ਵਾਰਿਸਾਂ ਦੇ ਘਰ ਜਾਣ ਦਾ ਸਬੱਬ

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ਼ਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾ਼ਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਗਿਆਰਵੀਂ ਕਿਸ਼ਤ, ਜਿਸ ਵਿੱਚ ਨਜ਼ਮ ਹੁਸੈਨ ਸੱਯਦ ਤੇ ਅਫ਼ਜ਼ਲ ਸਾਹਿਰ ਨਾ਼ਲ ਮੁਲਾਕਾਤ ਅਤੇ ਭਾਈ ਮਰਦਾਨੇ ਦੇ ਵਾਰਿਸਾਂ ਦੇ ਘਰ ਜਾਣ ਦਾ ਸੰਖੇਪ ਵੇਰਵਾ ਦਰਜ ਹੈ...*



**ਰਵਿੰਦਰ ਸਹਿਰਾਅ**
ਫੋਨ: 219-900-1115

ਸਾਲ 2024 ਦੀ 29 ਫਰਵਰੀ, ਵੀਰਵਾਰ ਦੁਪਹਿਰ ਵੇਲੇ ਅਸੀਂ ਨਜ਼ਮ ਹੋਰਾਂ ਨੂੰ ਮਿਲਣਾ ਸੀ। ਪਿਛਲੀ ਫੇਰੀ ਦੌਰਾਨ ਅਸੀਂ ਪੰਜਾਬੀ ਸਾਹਿਤ ਦੀ ਇਸ ਵੱਡੀ ਨਾਮਣੇ ਵਾਲੀ ਸ਼ਖ਼ਸੀਅਤ ਦੇ ਦੀਦਾਰੇ ਕਰਨ ਤੋਂ ਵਾਂਝੇ ਰਹਿ ਗਏ ਸੀ। ਕਾਰਨ ਉਨ੍ਹਾਂ ਦੀ ਵਿਗੜਦੀ ਜਾ ਰਹੀ ਸਿਹਤ ਤੇ ਕੋਵਿਡ ਦੌਰਾਨ ਤੇ ਉਸ ਪਿੱਛੋਂ ਉਹ ਬਹੁਤ ਘੱਟ ਲੋਕਾਂ ਨੂੰ ਮਿਲਦੇ ਸਨ। ਹਫ਼ਤਾਵਰੀ ਸੰਗਤ ਵੀ ਹੁਣ ਜ਼ੂਮ 'ਤੇ ਹੀ ਹੁੰਦੀ ਸੀ। ਆਪਣੀ ਕਾਵਿ ਕਿਤਾਬ 'ਕੁਝ ਨਾ ਕਹੋ' ਵਿੱਚ ਮੈਂ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਮਨਜ਼ੂਰ ਏਜਾਜ਼, ਜਾਵੇਦ ਬੂਟਾ ਤੇ ਸਫ਼ੀਰ ਰਾਮਾਹ ਹੋਰਾਂ ਤੋਂ ਸੁਣੀਆਂ ਗੱਲਾਂ ਤੋਂ ਅਸਰ ਲੈ ਕੇ ਇੱਕ ਕਾਵਿ ਚਿੱਤਰ ਵੀ ਉਨ੍ਹਾਂ ਬਾਰੇ ਲਿਖਿਆ ਸੀ:

**ਸ਼ਬਦਾਂ ਦੀ ਸੰਗਤ: ਨਜ਼ਮ ਹੁਸੈਨ ਸੱਯਦ**

ਉਹ ਨਜ਼ਮ ਲਿਖੇ, ਡਰਾਮਾ ਜਾਂ ਪਰਖ਼
ਉਸਦੇ ਅੱਖਰ ਅੰਗਿਆਰ ਬਣ ਮਘਦੇ ਹਨ
ਤੇ ਦੁੱਲੇ ਭੱਟੀ, ਅਹਿਮਦ ਖਰਲ ਜਿਹੇ
ਯੋਧਿਆਂ ਦੀ ਗੱਲ ਕਰਦੇ ਹਨ।
ਉਹ ਸੰਗਤ ਦਾ ਪਿਆਰਾ ਹੈ
ਸੰਗਤ ਨੂੰ ਪ੍ਰਣਾਇਆ ਹੈ
ਪੰਜਾਬੀ ਦਾ ਆਸ਼ਿਕ ਹੈ
ਪੰਜਾਬ ਦਾ ਜਾਇਆ ਹੈ।

ਪਿਛਲੀ ਫੇਰੀ ਦੌਰਾਨ ਉਨ੍ਹਾਂ ਦੀ ਭਤੀਜੀ ਸਰਬਤ ਮੁਹੱਊਦੀਨ ਨੇ ਮਿਲਾਉਣ ਦੀ ਹਾਮੀ ਭਰੀ ਵੀ ਸੀ, ਪਰ ਸਾਡੇ ਕੋਲ ਦਿਨ ਥੋੜ੍ਹੇ ਸਨ ਤੇ ਮੁਲਾਕਾਤ ਨਾ ਹੋ ਸਕੀ। ਇਸ ਵੇਰ ਉਨ੍ਹਾਂ ਦੀ ਧੀਆਂ ਵਰਗੀ ਚਹੇਤੀ ਡਾ. ਆਸਮਾ ਕਾਦਰੀ ਨਾ਼ਲ ਤਾਹਿਰ ਸੰਧੂ ਨੇ ਗੱਲ ਕੀਤੀ ਤਾਂ ਉਨ੍ਹਾਂ ਥੋੜ੍ਹੇ ਜਿਹੇ ਸਮੇਂ ਦੀ ਮੁਲਾਕਾਤ ਦੀ ਹਾਮੀ ਭਰ ਦਿੱਤੀ। ਅਸੀਂ ਦਿੱਤੇ ਹੋਏ ਸਮੇਂ ਉਨ੍ਹਾਂ ਦੇ ਘਰ ਪਹੁੰਚ ਗਏ। ਉਹ ਦਸ-ਪੰਦਰਾਂ ਮਿੰਟਾਂ ਬਾਅਦ ਡਰਾਇੰਗ ਰੂਮ ਵਿੱਚ ਆਏ। ਮੂੰਹ 'ਤੇ ਅਜੇ ਵੀ ਮਾਸਕ ਪਹਿਨਿਆ ਹੋਇਆ ਸੀ। ਸਰੀਰ ਕਮਜ਼ੋਰ ਤੇ ਸੁਣਦਾ ਵੀ ਉੱਚਾ ਸੀ। ਆਸਮਾ ਕਾਦਰੀ ਉਨ੍ਹਾਂ ਨੂੰ ਉੱਚੀ-ਉੱਚੀ ਕੰਨ ਕੋਲ ਜਾ ਕੇ ਸਮਝਾ ਰਹੇ ਸਨ। ਉਨ੍ਹਾਂ ਮੇਰੀ ਨਜ਼ਮ ਵੀ ਪੜ੍ਹ ਕੇ ਸੁਣਾਈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਪਰਖ਼ (ਆਲੋਚਨਾ) ਦੀ ਕਿਤਾਬ 'ਫ਼ਰੀਦੋਂ ਨਾਨਕ, ਨਾਨਕੋਂ ਫ਼ਰੀਦ' ਮੈਂ ਕਾਲਜ ਵੇਲੇ ਦੀ ਪੜ੍ਹੀ ਹੋਈ ਹੈ। ਉਨ੍ਹਾਂ ਦੇ ਨਾਟਕ ਚੜ੍ਹਦੇ ਪੰਜਾਬ ਦੀ ਧਰਤੀ ਉੱਪਰ ਬਹੁਤ ਖੇਡੇ ਗਏ ਸਨ। ਅਸੀਂ ਉਨ੍ਹਾਂ ਦੀ ਦੋ-ਤਿੰਨ ਮਿੰਟ ਦੀ ਵੀਡੀਓ ਵੀ ਬਣਾਈ, ਜਿਸ ਵਿੱਚ ਉਨ੍ਹਾਂ ਚੜ੍ਹਦੇ ਅਤੇ ਲਹਿੰਦੇ ਪੰਜਾਬਾਂ ਨੂੰ ਮਿਲ ਬੈਠਣ ਉੱਪਰ ਜ਼ੋਰ ਦਿੱਤਾ।

ਡਾ. ਆਸਮਾ ਕਾਦਰੀ ਬੜੇ ਸੁਲਝੇ ਹੋਏ ਹਨ ਤੇ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ। ਉਹ ਪੂਰੀ ਤਰ੍ਹਾਂ ਨਜ਼ਮ ਹੋਰਾਂ ਦੀ ਰੰਗਤ ਵਿੱਚ ਰੰਗੇ ਹੋਏ ਹਨ। ਨਜ਼ਮ ਹੋਰਾਂ ਵਾਂਗ ਹੀ ਉਨ੍ਹਾਂ ਦੀ ਬਾਬਾ ਫ਼ਰੀਦ ਅਤੇ ਗੁਰੂ ਨਾਨਕ ਦੇ ਫ਼ਲਸਫ਼ੇ ਉਪਰ ਪੂਰੀ ਪਕੜ ਹੈ। ਇਸ ਸਬੰਧ ਵਿੱਚ ਉਹ ਅਮਰੀਕਾ, ਕੈਨੇਡਾ ਦੇ ਗੁਰੂਘਰਾਂ ਵਿੱਚ ਲੈਕਚਰ ਦੇਣ ਵੀ ਜਾਂਦੇ ਰਹਿੰਦੇ ਹਨ। ਉਹ ਯੂਨੀਵਰਸਿਟੀ ਦੇ ਗੋਲਡ ਮੈਡਲਿਸਟ ਹਨ ਤੇ ਬਹੁਤ ਖ਼ੁਦਦਾਰ ਹਨ। ਪੀਐਚ.ਡੀ. ਕਰਦਿਆਂ ਉਨ੍ਹਾਂ ਦੀ ਨਿਗਰਾਨ ਨਾ਼ਲ ਤੂੰ-ਤੂੰ, ਮੈਂ-ਮੈਂ ਹੋ ਗਈ। ਨਿਗਰਾਨ ਨੇ ਉਸਦੀ ਗੱਲ ਨਾ ਮਿਲਣ 'ਤੇ ਪੀਐਚ.ਡੀ. ਨਾ ਮੁਕੰਮਲ ਕਰਨ ਦੀ ਧਮਕੀ ਵੀ ਦਿੱਤੀ, ਪਰ ਉਹਨੇ ਪ੍ਰਵਾਹ ਨਾ ਕੀਤੀ ਤੇ ਯੂਨੀਵਰਸਿਟੀ ਵਿੱਚ ਮੁਕੱਦਮਾ ਕਰ ਦਿੱਤਾ। ਜੋ ਮਰਦ ਪ੍ਰਧਾਨ ਸਮਾਜ ਵਿੱਚ ਉਸਦੇ ਖ਼ਿਲਾਫ਼ ਗਿਆ, ਪਰ ਉਹ ਫਿਰ ਵੀ ਡਟੀ ਰਹੀ। ਨਿਗਰਾਨ ਦੀਆਂ ਲਲਚਾਈਆਂ ਖ਼ਾਹਿਸ਼ਾਂ ਨੂੰ ਬੂਰ ਨਹੀਂ ਪੈਣ ਦਿੱਤਾ। ਵਿਦਿਆਰਥੀਆਂ 'ਚ ਉਹ ਬਹੁਤ ਹਰਮਨ ਪਿਆਰੀ ਹੈ। ਅੱਜ ਕੱਲ੍ਹ ਉਹ ਯੂਨੀਵਰਸਿਟੀ ਦੇ ਨਵੇਂ ਹੋਸਟਲ ਦੀ ਵਾਰਡਨ ਵੀ ਹੈ। ਸਾਨੂੰ ਉਨ੍ਹਾਂ ਘਰ ਰੁਕਣ ਦੀ ਤਾਕੀਦ ਕੀਤੀ। ਅਸੀਂ ਥੋੜ੍ਹਾ ਜਿਹਾ ਸਮਾਂ ਉਸ ਅਤੇ ਉਸਦੇ ਬੇਟੇ ਸੁਮੇਲ ਨਾ਼ਲ ਗੁਜ਼ਾਰਿਆ। ਚਾਹ-ਪਾਣੀ ਪੀਤਾ ਤੇ ਅਲਵਿਦਾ ਲਈ।

## ਅਫ਼ਜ਼ਲ ਸਾਹਿਰ ਨਾ਼ਲ ਇੱਕ ਸ਼ਾਮ

ਡਾ. ਆਸਮਾ ਕਾਦਰੀ ਤੋਂ ਅਜੇ ਵਿਹਲੇ ਹੋਏ ਈ ਸੀ ਕਿ ਤਾਹਿਰ ਨੇ ਅਫ਼ਜ਼ਲ ਨੂੰ ਫ਼ੋਨ ਕੀਤਾ। ਉਹ ਪਹਿਲਾਂ ਹੀ ਸਾਡੀ ਉਡੀਕ ਕਰ ਰਿਹਾ ਸੀ। ਅਸੀਂ ਥੋੜ੍ਹੇ ਲੇਟ ਹੋ ਗਏ ਸੀ, ਪਰ ਪੰਦਰਾਂ-ਵੀਹ ਮਿੰਟਾਂ ਵਿੱਚ ਅਸੀਂ ਉਸਦੇ ਆਸ਼ਿਆਨੇ ਪਹੁੰਚ ਗਏ। ਉਹ ਬੜੀ ਮੁਹੱਬਤੀ ਜੱਫ਼ੀ ਨਾ਼ਲ ਮਿਲਿਆ। ਕੁਝ ਦੋਸਤ ਵੀ ਬੁਲਾ ਰੱਖੇ ਸੀ।

ਅਫ਼ਜ਼ਲ ਨੂੰ ਲਹਿੰਦੇ ਪੰਜਾਬ ਦਾ ਸ਼ਿਵ ਕੁਮਾਰ ਬਟਾਲਵੀ ਵੀ ਕਿਹਾ ਜਾਂਦਾ ਹੈ, ਪਰ ਉਹ ਕਹਿੰਦਾ ਹੈ ਕਿ ਉਹ ਸਿਰਫ਼ ਅਫ਼ਜ਼ਲ ਸਾਹਿਰ ਹੀ ਬਣਨਾ ਚਾਹੁੰਦਾ ਹੈ। ਗੱਲਾਂ-ਬਾਤਾਂ ਵਿੱਚ ਉਹਨੇ ਮੇਰਾ ਪਿੰਡ ਦਾ ਨਾਮ ਪੁੱਛਿਆ ਤਾਂ ਮੈਂ ਕਿਹਾ ਫਰਾਲਾ...। ਕਹਿੰਦਾ ਲਉ ਜੀ ਫੇਰ ਤਾਂ ਆਪਾਂ ਗਰਾਈਂ ਆ, ਮੇਰਾ ਪਿੰਡ ਵੀ ਫਰਾਲਾ ਹੈ। ਇਸੇ ਤਰ੍ਹਾਂ ਵਰਿਆਮ ਸੰਧੂ ਤੇ ਭੈਣ ਜੀ ਰਜਵੰਤ ਨੂੰ ਉਸਨੇ ਮਾਸੀ-ਮਾਸੜ ਦੱਸਿਆ। ਉਸਦੀ ਬੇਗ਼ਮ ਸ਼ਿਫ਼ਾ ਅਹਿਮਦ ਸਾਹਿਰ ਵੀ ਬਹੁਤ ਸਲੀਕੇ ਵਾਲੀ ਔਰਤ ਹੈ। ਉਹ ਗੌਰਮਿੰਟ ਕਾਲਜ (ਲੜਕੀਆਂ) ਵਿੱਚ ਪ੍ਰੋਫ਼ੈਸਰ ਹੈ।

ਉਸਦਾ ਜਨਮ 14 ਅਪ੍ਰੈਲ 1953 ਨੂੰ ਪਿੰਡ ਫਰਾਲਾ ਆਰ.ਬੀ. 258, ਜ਼ਿਲ੍ਹਾ ਲਾਇਲਪੁਰ (ਹੁਣ ਫ਼ੈਸਲਾਬਾਦ) ਵਿੱਚ ਹੋਇਆ। ਉਸਦੇ ਮਾਪੇ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਵੰਡ ਵੇਲੇ ਪਾਕਿਸਤਾਨ ਚਲੇ ਗਏ ਸਨ। ਦਹਾਕਿਆਂ ਬੱਧੀ ਉਹ ਐੱਫ਼.ਐੱਮ. 103 ਰੇਡੀਉ ਤੋਂ ਪੰਜਾਬੀ ਪ੍ਰੋਗਰਾਮ ਕਰਦਾ ਰਿਹਾ ਜਿਸਨੂੰ ਲਾਹੌਰ, ਮੁਲਤਾਨ ਤੇ ਕਰਾਚੀ ਤੱਕ ਸੁਣਿਆ ਜਾਂਦਾ ਰਿਹਾ। ਉਸਦੀ ਅਦਾਇਗੀ ਵੀ ਕਮਾਲ ਦੀ ਹੈ ਤੇ ਲਫ਼ਜ਼ਾਂ ਦੀ ਚੋਣ ਵੀ ਬੱਲੇ-ਬੱਲੇ...। ਉਰਦੂ ਸ਼ਾਇਰੀ ਕਰਦਾ ਉਹ ਮਾਂ ਦੇ ਮੂੰਹੋਂ ਸੁਣੀਆਂ ਬੋਲੀਆਂ ਤੇ ਟੱਪੇ ਸੁਣ-ਸੁਣ ਪੰਜਾਬੀ ਵੱਲ ਮੁੜਿਆ। ਉਸਦੀ ਪਹਿਲੀ ਕਿਤਾਬ 'ਨਾ਼ਲ ਸੱਜਣ ਦੇ ਰਹੀਏ' ਬਹੁਤ ਮਕਬੂਲ ਹੋਈ।

ਉਹ ਕਮਾਲ ਦਾ ਬਰੌਡਕਾਸਟਰ ਵੀ ਹੈ। ਘਰ ਵਿੱਚ ਸਟੂਡੀਓ ਵੀ ਬਣਾ ਰੱਖਿਆ ਹੈ। ਉਹਨੇ ਆਪਣੇ ਬੇਲੀਆਂ ਨੂੰ ਕੈਮਰੇ ਤੇ ਹੋਰ ਸਮੱਗਰੀ ਲਿਆਉਣ ਨੂੰ ਕਿਹਾ। ਫਿਰ ਕੀ ਸੀ, ਉਹਨੇ ਬੜੇ ਹੀ ਨਿਵੇਕਲੇ ਅੰਦਾਜ਼ ਅਤੇ ਅਦਾਵਾਂ ਨਾ਼ਲ ਮੇਰੀਆਂ ਦੋ ਨਜ਼ਮਾਂ ਰਿਕਾਰਡ ਕੀਤੀਆਂ। ਭਲਕੇ ਉਹਨੂੰ ਪਿਲਾਕ ਵਿੱਚ 'ਸੰਗਤ' (ਜਿਸਦਾ ਉਹ ਸਕੱਤਰ ਹੈ) ਦੀ ਮਿਲਣੀ ਵਿੱਚ ਮਿਲਣ ਦਾ ਵਾਅਦਾ ਕਰਕੇ ਉਸ ਕੋਲੋਂ ਇਜਾਜ਼ਤ ਲਈ। ਅਫ਼ਜ਼ਲ ਸਾਹਿਰ ਦੀਆਂ ਕਾਵਿ ਵੰਨਗੀਆਂ:



ਭਾਈ ਲਾਲ ਜੀ ਦੇ ਸਪੁੱਤਰ ਤੇ ਭਾਈ ਮਰਦਾਨੇ ਦੀ 18ਵੀਂ ਵੰਸ਼ (ਖੱਬੇ) ਭਾਈ ਨਈਮ ਤਾਹਿਰ ਲਾਲ ਜੀ ਅਤੇ (ਸੱਜੇ) ਮੁਹੰਮਦ ਹੁਸੈਨ





(ਖੱਬੇ) ਨਜ਼ਮ ਹੁਸੈਨ ਸੱਯਦ ਅਤੇ (ਸੱਜੇ) ਅਫ਼ਜ਼ਲ ਸਾਹਿਰ ਨਾ਼ਲ ਮੁਲਾਕਾਤ ਸਮੇਂ

**ਸਾਡੇ ਸੁਫ਼ਨੇ ਰਹਿ ਗਏ ਕੋਰੇ**
***(ਜਮੀਲ ਪਾਲ ਦੀ ਵੇਲ)***

ਸੁਫ਼ਨੇ ਰਹਿ ਗਏ ਕੋਰੇ
ਸੱਜਣ! ਸਾਡੇ ਸੁਫ਼ਨੇ ਰਹਿ ਗਏ ਕੋਰੇ
ਅੱਖੀਆਂ ਅੰਦਰ ਪਾੜ ਪਏ,
ਜਿਉਂ ਕੰਧਾਂ ਵਿਚ ਮਘੋਰੇ।

ਜੱਗ ਕੂੜ ਪਸਾਰਾ ਕਹਿਰ ਦਾ
ਸਾਨੂੰ ਚਸਕਾ ਲੱਗਾ ਜ਼ਹਿਰ ਦਾ
ਦਿਲ ਪਾਰਾ ਕਿਤੇ ਨਾ ਠਹਿਰਦਾ
ਸਾਨੂੰ ਧੁੜਕੂ ਉੱਠੇ ਪਹਿਰ ਦਾ
ਇੱਕ ਪਾਸਾ ਮਰਿਆ ਸ਼ਹਿਰ ਦਾ
ਵਿੱਚ ਭੁੱਖਾ ਫਨੀਅਰ ਲਹਿਰ ਦਾ।

ਮਾਵਾਂ ਨੇ ਖੀਸੇ ਫੋਲ ਕੇ
ਪੁੱਤ ਸਫ਼ਰਾਂ 'ਤੇ ਟੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ।

ਅਸੀਂ ਸਈਆਂ ਨੈਣਾਂ ਵਾਲੀਆਂ
ਸਾਨੂੰ ਜੋਇਆ ਅੰਨ੍ਹੇ ਹਾਲੀਆਂ
ਮੰਨ ਖੋਬੇ ਸੱਧਰਾਂ ਗਾਲੀਆਂ
ਸਾਡਾ ਜੀਵਨ ਵਿੱਚ ਕੁਠਾਲੀਆਂ
ਖਸਮਾਂ ਦੀਆਂ ਅੱਗਾਂ ਬਾਲੀਆਂ
ਦਿਲ ਗੁਨਹੇ ਵਿੱਚ ਕੁਨਾਲੀਆਂ।

ਇਸ ਔਂਤਰ ਜਾਣੇ ਸਮੇਂ ਨੇ
ਸਾਹ ਬਰਫ਼ਾਂ ਵਾਂਗੂ ਖੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ।

**ਅੱਕ ਸਵਾਦੀ ਲੱਗੇ**

ਸਈਓ ਨੀ, ਮੈਨੂੰ ਅੱਕ ਸਵਾਦੀ ਲੱਗੇ
ਪੀੜਾਂ ਹੇਠ ਹੰਢਾਵਾਂ ਜਿੰਦੜੀ
ਸਾਹਵਾਂ ਦੇ ਵਿੱਚ ਖੱਗੇ
ਸਈਓ ਨੀ! ਮੈਨੂੰ ਅੱਕ ਸਵਾਦੀ ਲੱਗੇ।
ਚੇਤਰ ਮਾਹੀ ਸੱਜਰੀ ਵਾਅ ਨਾ਼ਲ
ਖਿੜਨ ਫੁੱਲਾਂ ਦੇ ਡੋਡੇ
ਮੈਂ ਕਬਰਾਂ ਵੱਲ ਟੁਰਦੀ ਜਾਵਾਂ
ਲਾ ਹਿਜਰਾਂ ਨੂੰ ਮੋਢੇ
ਸਾਹੋਂ ਟੁਰ ਕੰਡਿਆਲੀਆਂ ਚੀਕਾਂ
ਆ ਰੁਕੀਆਂ ਸ਼ਾਹ ਰਗੇ
ਸਈਓ ਨੀ! ਮੈਨੂੰ ਅੱਕ ਸਵਾਦੀ ਲੱਗੇ।
ਮੇਰੀ ਅੱਥਰੀ ਆਸ ਤੇ ਸੌਂ ਗਈ
ਰਾਤ ਹਟਕੋਰੇ ਭਰਦੀ
ਓਸੇ ਰਾਤ ਇੱਕ ਘੁੱਗੀ ਮਰ ਗਈ
ਪਾ਼ਲੇ ਦੇ ਵਿੱਚ ਠਰਦੀ
ਟੀਸਾਂ ਵਾਲੀ ਲਹਿਰ ਨੇ ਕੀਤੇ
ਫੁੱਲਾਂ ਦੇ ਰੰਗ ਬੱਗੇ
ਸਈਓ ਨੀ!
ਮੈਨੂੰ ਅੱਕ ਸਵਾਦੀ ਲੱਗੇ।

## ਭਾਈ ਮਰਦਾਨੇ ਦੇ ਵਾਰਿਸਾਂ ਦੇ ਘਰ

ਸਾਡਾ ਅਗਲਾ ਪੜਾਅ ਭਾਈ ਮਰਦਾਨੇ ਦੀ ਅਠਾਰਵੀਂ ਪੀੜ੍ਹੀ ਨੂੰ ਮਿਲਣ ਦਾ ਸੀ। ਅਸੀਂ ਭਾਈ ਨਈਮ ਤਾਹਿਰ ਲਾਲ ਹੋਰਾਂ ਨੂੰ ਫ਼ੋਨ ਕਰਕੇ ਪਹਿਲਾਂ ਹੀ ਆਉਣ ਬਾਰੇ ਦੱਸ ਦਿੱਤਾ ਸੀ। ਉਹ ਮੁਹੱਲਾ ਹੁਸੈਨਪੁਰਾ, ਗਾਜ਼ੀਆਬਾਦ ਲਾਹੌਰ ਦੇ ਇਲਾਕੇ ਵਿੱਚ ਰਹਿੰਦੇ ਹਨ। ਡਰਾਈਵਰ ਨੂੰ ਉਨ੍ਹਾਂ ਫ਼ੋਨ ਉੱਪਰ ਰਾਹ ਦੇ ਮੋੜ-ਘੇੜ ਸਮਝਾ ਦਿੱਤੇ। ਬਾਦਸ਼ਾਹੀ ਮਸਜਿਦ ਤੋਂ ਇਹ ਕੋਈ ਅੱਧੇ ਘੰਟੇ ਦੀ ਡਰਾਈਵ ਸੀ। ਉਨ੍ਹਾਂ ਕਿਹਾ ਕਿ ਤੁਸੀਂ ਫਲਾਣੀ ਥਾਂ 'ਤੇ ਆ ਜਾਇਓ ਉੱਥੋਂ ਅਸੀਂ ਤੁਹਾਨੂੰ ਘਰ ਲੈ ਜਾਵਾਂਗੇ, ਕਿਉਂਕਿ ਭੀੜੇ ਬਾਜ਼ਾਰ ਵਿੱਚ ਕਾਰ ਦੇ ਜਾਣ ਦੀ ਸੰਭਾਵਨਾ ਘੱਟ ਸੀ ਤੇ ਡਰ ਸੀ ਕਿਤੇ ਅਸੀਂ ਫਸ ਹੀ ਨਾ ਜਾਈਏ।

ਘਰ ਤੋਂ ਥੋੜ੍ਹੀ ਦੂਰ ਬਾਹਰ ਮੇਨ ਬਾਜ਼ਾਰ ਮੂਹਰੇ ਨਈਮ ਲਾਲ ਜੀ ਤੇ ਉਨ੍ਹਾਂ ਦੇ ਭਰਾ ਮੁਹੰਮਦ ਹੁਸੈਨ, ਜੋ ਭਾਈ ਮਰਦਾਨੇ ਦੀ ਸਤਾਰਵੀਂ ਪੀੜ੍ਹੀ ਦੇ ਪ੍ਰਸਿੱਧ ਕੀਰਤਨੀਏ ਭਾਈ ਲਾਲ ਜੀ ਦੇ ਸਪੁੱਤਰ ਹਨ, ਸਾਡੀ ਉਡੀਕ ਕਰ ਰਹੇ ਸਨ। ਉਹ ਸਾਨੂੰ ਬੜੇ ਤਪਾਕ ਨਾ਼ਲ ਮਿਲੇ ਤੇ ਅਸੀਂ ਉਨ੍ਹਾਂ ਦੇ ਘਰ ਨੂੰ ਤੰਗ ਗਲੀ 'ਚੋਂ ਹੁੰਦੇ ਹੋਇਆਂ ਉਨ੍ਹਾਂ ਦੇ ਮਗਰ-ਮਗਰ ਚੱਲ ਪਏ। ਸ਼ਾਹਜੇਬ ਵੀ ਸਾਡੇ ਨਾ਼ਲ ਸੀ। ਅਸੀਂ ਚਾਹ ਪਾਣੀ ਛਕਿਆ। ਭਾਈ ਲਾਲ ਜੀ ਬਾਰੇ ਕਾਫ਼ੀ ਗੱਲਾਂ-ਬਾਤਾਂ ਹੋਈਆਂ, ਘਰ ਦੀ ਖ਼ਸਤਾ ਹਾਲਤ ਸੀ।

ਭਾਈ ਮਰਦਾਨਾ ਦੀ ਦੇਣ ਮੇਰੇ ਜ਼ਿਹਨ ਵਿੱਚ ਘੁੰਮ ਰਹੀ ਸੀ। ਉਨ੍ਹਾਂ ਦਾ ਜਨਮ 1459 ਈ. ਵਿੱਚ ਨਨਕਾਣਾ ਸਾਹਿਬ ਵਿੱਚ 6 ਫਰਵਰੀ ਨੂੰ ਅਤੇ ਅਕਾਲ ਚਲਾਣਾ 1534 ਵਿੱਚ ਕਰਤਾਰਪੁਰ ਸਾਹਿਬ ਵਿਖੇ ਹੋਇਆ ਦੱਸਿਆ ਜਾਂਦਾ ਹੈ। ਭਾਈ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਪਹਿਲਾ ਕੀਰਤਨੀਆ ਹੋਣ ਦਾ ਮਾਣ ਵੀ ਹਾਸਿਲ ਹੈ। ਉਹ ਉਦਾਸੀਆਂ ਵਿੱਚ ਗੁਰੂ ਨਾਨਕ ਜਾਂ ਸ਼ਾਹ ਫ਼ਕੀਰ ਦੇ ਨਾ਼ਲ-ਨਾ਼ਲ ਰਹੇ ਤੇ ਚੁਰੰਜਾ ਸਾਲ ਤੱਕ ਗੁਰੂ ਜੀ ਦਾ ਸਾਥ ਨਿਭਾਇਆ। ਉਨ੍ਹਾਂ ਦੀ ਮਾਤਾ ਦਾ ਨਾਮ ਲੱਖੋ ਅਤੇ ਪਿਤਾ ਮੀਰ ਬਾਦਰੇ ਸੀ, ਜੋ ਪਿੰਡ ਦਾ ਮਰਾਸੀ ਸੀ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਮਾਂ-ਬਾਪ ਦੀ ਔਲਾਦ ਜਨਮਦੇ ਹੀ ਮਰ ਜਾਂਦੀ ਸੀ। ਮਾਂ-ਬਾਪ ਬਹੁਤ ਨਿਰਾਸ਼ ਸਨ, ਜਦੋਂ ਭਾਈ ਮਰਦਾਨੇ ਦਾ ਜਨਮ ਹੋਇਆ ਤਾਂ ਮਾਂ-ਬਾਪ ਨੇ ਉਹਦਾ ਨਾਮ 'ਮਰ ਜਾਣਾ' ਰੱਖ ਦਿੱਤਾ; ਜਿਸ ਕਰਕੇ ਉਹ ਲੋਕਾਂ ਵਿੱਚ ਮਰਜਾਣੇ ਨਾ਼ਲ ਹੀ ਜਾਣਿਆ ਜਾਣ ਲੱਗਾ।

ਗੁਰੂ ਨਾਨਕ ਜੀ ਦੇ ਨਾ਼ਲ ਉਨ੍ਹਾਂ ਦਾ ਮੇਲ 1480 ਦੇ ਕਰੀਬ ਦੱਸਿਆ ਜਾਂਦਾ ਹੈ। ਇਸ ਬਾਰੇ ਵੀ ਕਈ ਦੰਦ ਕਥਾਵਾਂ ਪ੍ਰਚਲਤ ਹਨ। ਜਦੋਂ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਂਦਿਆਂ ਸੁਣਿਆ ਤਾਂ ਉਸਦਾ ਨਾਮ ਪੁੱਛਿਆ ਤਾਂ ਉਹ ਕਹਿੰਦਾ, ਜੀ 'ਮਰਜਾਣਾ', ਤਾਂ ਗੁਰੂ ਨਾਨਕ ਨੇ ਕਿਹਾ, ਤੂੰ ਅੱਜ ਤੋਂ 'ਮਰਜਾਣਾ' ਨਹੀਂ 'ਮਰਦਾ ਨਾ' ਹੈਂ। ਉਸਦਾ ਨਾਮ ਮਰਦਾਨਾ ਹੀ ਪੈ ਗਿਆ, ਜਿਸਨੂੰ ਸ਼ਰਧਾਲੂ ਅੱਜ ਤੱਕ ਯਾਦ ਕਰਦੇ ਹਨ, ਜੋ ਮਰਿਆ ਨਹੀਂ ਅੱਜ ਵੀ ਜਿਊਂਦਾ ਹੈ। ਉਸ ਦਿਨ ਤੋਂ ਬਾਅਦ ਉਸਨੇ ਆਪਣੇ ਆਖ਼ਰੀ ਸਾਹਾਂ ਤੱਕ ਗੁਰੂ ਨਾਨਕ ਦਾ ਸਾਥ ਨਿਭਾਇਆ। ਉਨ੍ਹਾਂ ਗੁਰੂ ਦੀ ਸੰਗਤ ਦੇ ਨਾ਼ਲ-ਨਾ਼ਲ ਆਪਣਾ ਮਜ਼੍ਹਬ ਵੀ ਨਾ ਛੱਡਿਆ ਤੇ ਬਾਲ ਬੱਚਿਆਂ ਦੀ ਪਾਲਣਾ ਪੋਸ਼ਣਾ ਵੀ ਕੀਤੀ। 1487 ਤੋਂ 1491 ਤੱਕ ਉਹ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਹੀ ਰਹੇ। ਜਦੋਂ ਗੁਰੂ ਜੀ ਨੇ ਸੁਲਤਾਨਪੁਰ ਲੋਧੀ ਆਉਣ ਦਾ ਫ਼ੈਸਲਾ ਕੀਤਾ ਤਾਂ ਮਰਦਾਨਾ ਜੀ ਵੀ ਉਨ੍ਹਾਂ ਦੇ ਨਾ਼ਲ ਹੀ ਆ ਗਏ। ਸਾਜ਼ ਅਤੇ ਆਵਾਜ਼ ਦਾ ਇਹ ਅਦਭੁੱਤ ਮੇਲ ਸੀ ਜੋ ਉਦਾਸੀਆਂ ਸਮੇਂ ਵੀ ਪੂਰਾ ਨਿਭਿਆ। ਇਸ ਦੀ ਮਹਿਮਾ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਵੀ ਕੀਤੀ ਹੈ: ਇੱਕ ਬਾਬਾ ਅਕਾਲ ਪੁਰਖ, ਦੂਜਾ ਰਬਾਬੀ ਭਾਈ ਮਰਦਾਨਾ।

ਕੁਝ ਇਤਿਹਾਸਕਾਰ ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ ਅਫ਼ਗਾਨਿਸਤਾਨ ਦੇ ਕੁਰਮ ਨਗਰ ਦੇ ਦਰਿਆ ਕੁਰਮ ਕਿਨਾਰੇ ਹੋਇਆ ਦੱਸਦੇ ਹਨ। ਕਈ ਸਾਖੀਕਾਰਾਂ ਨੇ ਉਨ੍ਹਾਂ ਨੂੰ ਨਿਰਾਦਰ ਭਰੇ ਸ਼ਬਦਾਂ ਨਾ਼ਲ ਲਿਖਿਆ ਹੈ। ਉਸਦੀ ਵੰਸ਼ 'ਚੋਂ ਸਤਾਰਵੀਂ ਸਦੀ ਦੇ ਕੀਰਤਨੀਏ ਭਾਈ ਲਾਲ ਜੀ ਦੀ ਦਿਲੀ ਇੱਛਾ ਸੀ ਕਿ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਆ ਕੇ ਕੀਰਤਨ ਕਰਨ, ਪਰ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ। ਉੱਥੇ ਬੈਠਿਆਂ ਕਿੰਨੀਆਂ ਹੀ ਗੱਲਾਂ ਇੱਕ ਫ਼ਿਲਮ ਦੀ ਤਰ੍ਹਾਂ ਮੇਰੇ ਜ਼ਿਹਨ ਵਿੱਚ ਚੱਲ ਰਹੀਆਂ ਸਨ। ਸਾਡੇ ਧਰਮ ਦੇ ਠੇਕੇਦਾਰਾਂ ਦੀਆਂ ਨਿਕੰਮੀਆਂ ਸੋਚਾਂ ਨੂੰ ਦੁਰਕਾਰ ਰਹੀਆਂ ਸਨ।

ਹੁਣ ਸਾਡੇ ਜਾਣ ਦਾ ਵਕਤ ਆ ਗਿਆ ਸੀ। ਦੋਵੇਂ ਭਰਾ ਸਾਨੂੰ ਕਾਰ ਤੱਕ ਛੱਡਣ ਜਾ ਰਹੇ ਸਨ ਤਾਂ ਇੱਕ ਮਕਾਨ ਮੂਹਰੇ ਖੜ੍ਹੇ ਨਿੱਕੇ-ਨਿੱਕੇ ਬਾਲਾਂ ਨੇ ਨੀਰੂ ਵੱਲ ਤੱਕਿਆ ਜਿਵੇਂ ਕੁਝ ਪੁੱਛਣਾ ਚਾਹੁੰਦੇ ਹੋਣ। ਕੋਈ ਤਿੰਨ ਚਾਰ ਸਾਲ ਦੇ ਇੱਕ ਬੱਚਾ ਤੇ ਬੱਚੀ ਸਨ। ਅਚਾਨਕ ਬੱਚੀ ਨੇ ਨੀਰੂ ਨੂੰ ਕਿਹਾ, "ਆਪ ਇੰਡੀਆ ਸੇ ਹੋ?" ਨੀਰੂ ਕਹਿੰਦੀ ਤੁਹਾਨੂੰ ਕਿਵੇਂ ਪਤਾ ਕਿ ਅਸੀਂ ਇੰਡੀਆ ਤੋਂ ਹਾਂ ਤਾਂ ਕਹਿੰਦੀ, "ਹਮ ਇੰਡੀਆ ਕੇ ਡਰਾਮੇ ਦੇਖਤੇ ਹੈਂ, ਉਸਮੇਂ ਆਪ ਕੀ ਤਰ੍ਹਾ ਡਰੈੱਸ ਪਹਿਨੀ ਹੋਤੀ ਹੈ।" ਅਸੀਂ ਹੈਰਾਨ ਸੀ ਤੇ ਬੱਚਿਆਂ ਨੂੰ ਪਿਆਰ ਦੇ ਕੇ ਕਾਰ ਤੱਕ ਪਹੁੰਚੇ ਤੇ ਦੋਵਾਂ ਭਰਾਵਾਂ ਨਾ਼ਲ ਤਸਵੀਰਾਂ ਕਰਵਾ ਕੇ ਫਿਰ ਮਿਲਣ ਦੇ ਵਾਅਦੇ ਨਾ਼ਲ ਹੋਟਲ ਲਈ ਰਵਾਨਾ ਹੋਏ। ਇਹ ਦਿਨ ਸਾਡੇ ਲਈ ਬੜਾ ਲਾਹੇਵੰਦਾ ਸੀ।

ਸੱਚੋ-ਸੱਚ

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



## ਵਿਸ਼ਵਵਿਆਪੀ ਖੇਤੀਬਾੜੀ ਸਬਸਿਡੀਆਂ ਤੇ ਵਪਾਰ ਸਮਝੌਤੇ-2

# ਅਮਰੀਕਾ ਜਾਂ ਯੂਰਪੀਅਨ ਯੂਨੀਅਨ ਦੇ ਕਿਸਾਨਾਂ ਤੋਂ ਪੰਜਾਬ ਕਿਵੇਂ ਵੱਖਰਾ ਹੈ

***ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਵਰਗੇ ਸੰਗਠਨ ਵਿਸ਼ਵ ਵਪਾਰ ਨੂੰ ਨਿਰਪੱਖ ਬਣਾਉਣ ਲਈ ਕੁਝ ਖਾਸ ਕਿਸਮਾਂ ਦੀਆਂ ਸਬਸਿਡੀਆਂ 'ਤੇ ਸੀਮਾਵਾਂ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਵਿਸ਼ਵ ਖੇਤੀਬਾੜੀ ਵਪਾਰ ਸਮਝੌਤਿਆਂ ਨੂੰ ਸਮਝਣ ਲਈ ਵਿਸ਼ਵਵਿਆਪੀ ਸਬਸਿਡੀਆਂ ਨੂੰ ਸਮਝਣਾ ਜ਼ਰੂਰੀ ਹੈ; ਕਿਉਂਕਿ ਇਹ ਦੋਵੇਂ ਨੇੜਿਓਂ ਜੁੜੇ ਹੋਏ ਹਨ। ਇਨ੍ਹਾਂ ਨੂੰ ਸਮਝੇ ਬਿਨਾ ਵਿਸ਼ਵਵਿਆਪੀ ਖੇਤੀਬਾੜੀ ਵਪਾਰ ਵਿਵਾਦਾਂ ਅਤੇ ਗੱਲਬਾਤ ਨੂੰ ਪੂਰੀ ਤਰ੍ਹਾਂ ਸਮਝਣਾ ਅਸੰਭਵ ਹੈ। ਪੇਸ਼ ਹੈ ਦੂਜੀ ਕਿਸ਼ਤ, ਜਿਸ ਵਿੱਚ 'ਅਮਰੀਕਾ ਜਾਂ ਯੂਰਪੀਅਨ ਯੂਨੀਅਨ ਦੇ ਕਿਸਾਨਾਂ ਤੋਂ ਪੰਜਾਬ ਕਿਵੇਂ ਵੱਖਰਾ ਹੈ' ਦੇ ਸੰਦਰਭ ਵਿੱਚ ਚਰਚਾ ਛੋਹੀ ਗਈ ਹੈ...***

ਪੰਜਾਬ 'ਚ ਕਿਸਾਨਾਂ ਦੀ ਔਸਤ ਜ਼ਮੀਨੀ ਮਾਲਕੀ ਬਹੁਤ ਘੱਟ ਹੈ, ਉਨ੍ਹਾਂ ਦੀ ਆਮਦਨ ਸਹਾਇਤਾ/ਸਰਕਾਰੀ ਸਬਸਿਡੀ ਮੁੱਖ ਤੌਰ 'ਤੇ ਘੱਟੋ-ਘੱਟ ਸਮਰਥਨ ਮੁੱਲ ਅਤੇ ਮੁਫ਼ਤ ਇਨਪੁਟ ਹੈ। ਜੋਖਮ ਕਵਰੇਜ ਬੀਮਾ ਬਹੁਤ ਸੀਮਤ ਹੈ, ਵਿਭਿੰਨਤਾ ਸਹਾਇਤਾ ਘੱਟ ਹੈ ਅਤੇ ਵਾਤਾਵਰਣ/ਸੰਭਾਲ ਭੁਗਤਾਨ ਵੀ ਘੱਟ ਹਨ। ਜਦੋਂ ਕਿ ਅਮਰੀਕੀ/ਯੂਰਪੀਅਨ ਯੂਨੀਅਨ ਦਾ ਕਿਸਾਨ ਇੱਕ ਵੱਡਾ ਵਪਾਰਕ ਕਿਸਾਨ ਹੈ, ਜਿਸ ਕੋਲ ਸਿੱਧੀਆਂ ਨਕਦ ਅਦਾਇਗੀਆਂ, ਮਜਬੂਤ ਫਸਲ-ਜੋਖਮ ਬੀਮਾ, ਉੱਚ ਫਸਲ ਵਿਭਿੰਨਤਾ ਅਤੇ ਵਾਤਾਵਰਣ ਸੰਭਾਲ ਸਹਾਇਤਾ ਦੇ ਰੂਪ ਵਿੱਚ ਵੱਡੀਆਂ ਸਰਕਾਰੀ ਸਬਸਿਡੀਆਂ ਹਨ। ਪੱਛਮੀ ਦੇਸ਼ ਹੌਲੀ-ਹੌਲੀ ਸਬਸਿਡੀਆਂ ਨੂੰ ਇਨ੍ਹਾਂ ਵੱਲ ਤਬਦੀਲ ਕਰ ਰਹੇ ਹਨ: ਵਾਤਾਵਰਣ ਪ੍ਰਦੂਸ਼ਨ, ਜਲਵਾਯੂ ਲਚਕੀਲਾਪਣ ਅਤੇ ਟਿਕਾਊ ਅਭਿਆਸ; ਜਦੋਂ ਕਿ ਪੰਜਾਬ ਅਜੇ ਵੀ ਵੱਡੇ ਪੱਧਰ 'ਤੇ ਉਤਪਾਦਨ ਦਾ ਸਮਰਥਨ ਕਰਦਾ ਹੈ, ਸਥਿਰਤਾ ਦਾ ਨਹੀਂ।

### ਸਬਸਿਡੀਆਂ ਅਤੇ ਪੰਜਾਬ ਸੰਕਟ

ਪੰਜਾਬ ਅੱਜ ਵਧਦੇ ਕਿਸਾਨ ਕਰਜ਼, ਨੌਜਵਾਨਾਂ ਦੀ ਬੇਰੁਜ਼ਗਾਰੀ, ਭੂਮੀਗਤ ਸੰਕਟ, ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਗਿਰਾਵਟ ਅਤੇ ਅਸਥਿਰ ਪੇਂਡੂ ਅਰਥਵਿਵਸਥਾ ਦਾ ਸਾਹਮਣਾ ਕਰ ਰਿਹਾ ਹੈ। ਬਹੁਤ ਸਾਰੇ ਮਾਹਰ ਦਲੀਲ ਦਿੰਦੇ ਹਨ ਕਿ ਪੰਜਾਬ ਦੀ ਸਮੱਸਿਆ 'ਬਹੁਤ ਜ਼ਿਆਦਾ ਸਬਸਿਡੀਆਂ' ਨਹੀਂ ਹੈ; ਪਰ ਮਾੜੀ ਤਰ੍ਹਾਂ ਡਿਜ਼ਾਈਨ ਕੀਤੀਆਂ ਸਬਸਿਡੀਆਂ ਹਨ। ਸਬਸਿਡੀਆਂ ਨਾਲ ਉੱਚ ਉਤਪਾਦਨ, ਮੋਨੋਕਲਚਰ (ਕਣਕ-ਝੋਨਾ ਚੱਕਰ), ਪਾਣੀ ਦੀ ਜ਼ਿਆਦਾ ਵਰਤੋਂ ਅਤੇ ਸਰਕਾਰੀ ਖਰੀਦ 'ਤੇ ਨਿਰਭਰਤਾ ਵਧੀ ਹੈ। ਪਿਛਲੇ 25-30 ਸਾਲਾਂ ਤੋਂ ਪੰਜਾਬ ਦੀ ਆਰਥਿਕ ਖੜੋਤ ਅੰਸ਼ਕ ਤੌਰ 'ਤੇ ਇਸ ਸਬਸਿਡੀ ਢਾਂਚੇ ਨਾਲ ਜੁੜੀ ਹੋਈ ਹੈ।

### ਗਲੋਬਲ ਬਹਿਸ: ਕੀ ਪੰਜਾਬ 'ਸਬਸਿਡੀ ਆਦੀ' ਹੈ ਜਾਂ ਇਹ ਢਾਂਚਾਗਤ ਜਾਲ ਹੈ?

ਪੰਜਾਬ ਦੇ ਕਿਸਾਨਾਂ ਨੂੰ ਕਈ ਵਾਰ 'ਸਬਸਿਡੀਆਂ ਉੱਤੇ ਨਿਰਭਰ' ਕਿਹਾ ਜਾਂਦਾ ਹੈ; ਪਰ ਗਲੋਬਲ ਤੁਲਨਾ ਦਰਸਾਉਂਦੀ ਹੈ ਕਿ ਅਮਰੀਕਾ, ਯੂਰਪੀਅਨ ਯੂਨੀਅਨ, ਚੀਨ- ਸਾਰੇ ਕਿਸਾਨਾਂ ਨੂੰ ਭਾਰੀ ਸਬਸਿਡੀ ਦਿੰਦੇ ਹਨ। ਅਮੀਰ ਦੇਸ਼ ਭਾਰਤ ਨਾਲੋਂ ਪ੍ਰਤੀ ਕਿਸਾਨ ਵੱਧ ਸਬਸਿਡੀਆਂ ਪ੍ਰਦਾਨ ਕਰਦੇ ਹਨ। ਅਸਲ ਅੰਤਰ ਇਹ ਹੈ ਕਿ ਅਮੀਰ ਦੇਸ਼ ਸਥਿਰਤਾ ਅਤੇ ਵਿਭਿੰਨਤਾ ਵੱਲ ਸਬਸਿਡੀਆਂ ਨੂੰ ਮੁੜ ਡਿਜ਼ਾਈਨ ਕਰ ਰਹੇ ਹਨ, ਜਦੋਂ ਕਿ ਭਾਰਤ ਅਤੇ ਪੰਜਾਬ ਪਿੱਛੇ ਹਨ। ਪੰਜਾਬ ਅਜੇ ਵੀ 1970 ਦੇ ਦਹਾਕੇ ਦੇ ਹਰੀ ਕ੍ਰਾਂਤੀ ਮਾਡਲ ਵਿੱਚ ਫਸਿਆ ਹੋਇਆ ਹੈ।

### ਪੰਜਾਬ ਵਿੱਚ ਕੀ ਬਦਲਣਾ ਚਾਹੀਦਾ ਹੈ?

ਪੰਜਾਬ ਨਾਲ ਵਿਸ਼ਵਵਿਆਪੀ ਸਬਕਾਂ ਨੂੰ ਜੋੜਦੇ ਹੋਏ, ਹੇਠ ਲਿਖੇ ਸੁਝਾਅ ਸੁਧਾਰਾਂ ਵਿੱਚ ਸ਼ਾਮਲ ਹੋ ਸਕਦੇ ਹਨ:

(1) ਫਸਲ-ਆਧਾਰਤ ਸਬਸਿਡੀ ਤੋਂ ਬਦਲਣਾ: ਕਿਸਾਨ-ਆਧਾਰਤ ਆਮਦਨ ਸਹਾਇਤਾ ਵੱਲ ਅਤੇ ਚੌਲਾਂ ਨੂੰ ਉਤਸ਼ਾਹਿਤ ਕਰਨ ਦੀ ਬਜਾਏ, ਸਿੱਧੀ ਆਮਦਨ ਸਹਾਇਤਾ ਦਿਓ।

(2) ਵਿਭਿੰਨਤਾ ਲਈ ਪ੍ਰੋਤਸਾਹਨ: ਦਾਲਾਂ, ਤੇਲ ਬੀਜ, ਬਾਗਬਾਨੀ ਡੇਅਰੀ ਅਤੇ ਖੇਤੀਬਾੜੀ-ਪ੍ਰੋਸੈਸਿੰਗ ਦਾ ਸਮਰਥਨ ਕਰੋ।

(3) ਪਾਣੀ-ਆਧਾਰਤ ਪ੍ਰੋਤਸਾਹਨ: ਭੂਮੀਗਤ ਪਾਣੀ ਬਚਾਉਣ ਲਈ ਕਿਸਾਨਾਂ ਨੂੰ ਭੁਗਤਾਨ ਕਰੋ।

(4) ਮਿੱਟੀ ਸਿਹਤ ਭੁਗਤਾਨ: ਜੈਵਿਕ ਕਾਰਬਨ ਸੁਧਾਰ ਲਈ ਕਿਸਾਨਾਂ ਨੂੰ ਇਨਾਮ ਦਿਓ।

(5) ਇਨਪੁਟ ਨਿਰਭਰਤਾ ਘਟਾਓ ਅਤੇ ਕੁਦਰਤੀ ਖੇਤੀ, ਸ਼ੁੱਧ ਖੇਤੀਬਾੜੀ ਅਤੇ ਤੁਪਕਾ ਸਿੰਚਾਈ ਉਤਸ਼ਾਹਿਤ ਕਰੋ।

ਵਿਸ਼ਵ ਪੱਧਰ 'ਤੇ ਖੇਤੀਬਾੜੀ ਸਬਸਿਡੀਆਂ 'ਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ, ਕਿਉਂਕਿ ਜਲਵਾਯੂ ਪਰਿਵਰਤਨ ਵਿਗੜ ਰਿਹਾ ਹੈ, ਪਾਣੀ ਦੀ ਕਮੀ ਵਧ ਰਹੀ ਹੈ, ਬਜਟ ਤੰਗ ਹਨ ਅਤੇ ਵਪਾਰਕ ਤਣਾਅ ਵਧ ਰਹੇ ਹਨ। ਪੰਜਾਬ ਜਿਸ ਮੋੜ 'ਤੇ ਖੜ੍ਹਾ ਹੈ, ਉਸ ਦੇ ਮੱਦੇਨਜ਼ਰ ਕਣਕ-ਚੌਲ ਨਿਰਭਰਤਾ ਨੂੰ ਜਾਰੀ ਰੱਖਣ ਜਾਂ ਸਥਿਰਤਾ ਵੱਲ ਆਪਣੀ ਸਬਸਿਡੀ ਪ੍ਰਣਾਲੀ ਨੂੰ ਮੁੜ ਡਿਜ਼ਾਈਨ ਕਰਨ ਦੀ ਲੋੜ ਹੈ।

### ਅੰਤਿਮ ਪ੍ਰਤੀਬਿੰਬ

ਪੰਜਾਬ ਨੇ ਇੱਕ ਵਾਰ ਭਾਰਤ ਨੂੰ ਭੁੱਖਮਰੀ ਤੋਂ ਬਚਾਇਆ ਸੀ। ਹੁਣ ਪੰਜਾਬ ਖੁਦ ਵਾਤਾਵਰਣ ਅਤੇ ਆਰਥਿਕ ਤਣਾਅ ਦਾ ਸਾਹਮਣਾ ਕਰ ਰਿਹਾ ਹੈ। ਵਿਸ਼ਵ ਤਜਰਬਾ ਸਾਨੂੰ ਸਿਖਾਉਂਦਾ ਹੈ ਕਿ ਸਬਸਿਡੀਆਂ ਗਲਤ ਨਹੀਂ ਹਨ; ਪਰ ਸਬਸਿਡੀਆਂ ਦਾ ਵਿਕਾਸ ਹੋਣਾ ਚਾਹੀਦਾ ਹੈ। ਜੇ ਪੰਜਾਬ ਸਮਝਦਾਰੀ ਨਾਲ ਸੁਧਾਰ ਕਰਦਾ ਹੈ ਜਾਂ ਗਲੋਬਲ ਮਾਡਲਾਂ ਤੋਂ ਸਿੱਖਦਾ ਹੈ, ਤਾਂ ਇਹ ਹੇਠ ਲਿਖੇ ਕਾਰਜ ਕਰ ਸਕਦਾ ਹੈ:

*ਕਿਸਾਨਾਂ ਦੀ ਆਮਦਨ ਦੀ ਰੱਖਿਆ ਕਰੋ
*ਭੂਮੀਗਤ ਪਾਣੀ ਬਚਾਓ
*ਖੇਤੀਬਾੜੀ ਵਿਭਿੰਨਤਾ ਕਰੋ
*ਪੇਂਡੂ ਅਰਥਵਿਵਸਥਾ ਨੂੰ ਮੁੜ ਸੁਰਜੀਤ ਕਰੋ
*ਕਰਜ਼ਾ ਘਟਾਓ।

ਪੰਜਾਬ ਦੀ ਖੇਤੀਬਾੜੀ ਦਾ ਭਵਿੱਖ ਸਬਸਿਡੀਆਂ ਨੂੰ ਹਟਾਉਣ ਵਿੱਚ ਨਹੀਂ ਹੈ, ਪਰ ਉਨ੍ਹਾਂ ਨੂੰ ਸਮਝਦਾਰੀ ਨਾਲ ਮੁੜ ਡਿਜ਼ਾਈਨ ਕਰਨ ਵਿੱਚ ਹੈ।



ਪੁਰਾਣੇ ਸਮੇਂ ਦੌਰਾਨ ਮਿਡਵੈਸਟ ਵਿੱਚ ਖੇਤੀਬਾੜੀ ਨਾਲ ਸਬੰਧਤ ਇੱਕ ਚਿੱਤਰ

### ਕੀ ਪੰਜਾਬ ਦੇ ਕਿਸਾਨ ਸਬਸਿਡੀ ਦੇ ਆਦੀ ਹਨ?

ਨਹੀਂ, ਬਿਲਕੁਲ ਨਹੀਂ! ਪੰਜਾਬ ਦੇ ਕਿਸਾਨਾਂ ਨੂੰ 'ਸਬਸਿਡੀ ਦੇ ਆਦੀ' ਕਹਿਣਾ ਬੇਇਨਸਾਫ਼ੀ ਹੈ ਅਤੇ ਵੱਡੀ ਤਸਵੀਰ ਨੂੰ ਨਜ਼ਰਅੰਦਾਜ਼ ਕਰਨਾ ਹੈ, ਕਿਉਂਕਿ ਇਕੱਲੇ ਪੰਜਾਬ ਦੇ ਕਿਸਾਨਾਂ ਨੇ ਸਿਸਟਮ ਨਹੀਂ ਬਣਾਇਆ। 1960 ਦੇ ਦਹਾਕੇ ਤੋਂ ਬਾਅਦ ਭਾਰਤ ਸਰਕਾਰ ਨੇ ਦੇਸ਼ ਦੀ ਭੋਜਨ ਦੀ ਘਾਟ ਨੂੰ ਹੱਲ ਕਰਨ ਲਈ ਪੰਜਾਬ ਨੂੰ ਕਣਕ ਅਤੇ ਚੌਲ ਉਗਾਉਣ ਲਈ ਉਤਸ਼ਾਹਿਤ ਕੀਤਾ। ਰਾਸ਼ਟਰੀ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਐਮ.ਐਸ.ਪੀ., ਖਾਦ ਸਹਾਇਤਾ ਅਤੇ ਮੁਫ਼ਤ ਬਿਜਲੀ ਨੀਤੀਗਤ ਫੈਸਲੇ ਲਏ ਗਏ ਸਨ। ਪੰਜਾਬ ਦੇ ਕਿਸਾਨਾਂ ਨੇ ਉਸ ਸੱਦੇ ਦਾ ਜਵਾਬ ਦਿੱਤਾ ਅਤੇ ਭਾਰਤ ਨੂੰ ਭੋਜਨ ਵਿੱਚ ਸਵੈ-ਨਿਰਭਰ ਬਣਨ ਵਿੱਚ ਮਦਦ ਕੀਤੀ।

ਸਬਸਿਡੀਆਂ ਸਿਰਫ਼ ਪੰਜਾਬ ਤੱਕ ਹੀ ਸੀਮਿਤ ਨਹੀਂ ਹਨ। ਸੰਯੁਕਤ ਰਾਜ ਅਮਰੀਕਾ, ਯੂਰਪੀਅਨ ਯੂਨੀਅਨ, ਚੀਨ ਅਤੇ ਜਾਪਾਨ ਦੇ ਕਿਸਾਨਾਂ ਨੂੰ ਭਾਰਤ ਨਾਲੋਂ ਵੱਡੀ ਸਰਕਾਰੀ ਸਹਾਇਤਾ ਮਿਲਦੀ ਹੈ। ਕੋਈ ਵੀ ਉਨ੍ਹਾਂ ਨੂੰ 'ਸਬਸਿਡੀਆਂ ਦਾ ਆਦੀ' ਨਹੀਂ ਕਹਿੰਦਾ। ਖੇਤੀਬਾੜੀ ਸਬਸਿਡੀਆਂ ਇੱਕ ਵਿਸ਼ਵਵਿਆਪੀ ਅਭਿਆਸ ਹੈ, ਕਿਉਂਕਿ ਖੇਤੀ ਜੋਖਮ ਭਰਿਆ ਕਿੱਤਾ ਹੈ।

ਪੰਜਾਬ ਦੇ ਕਿਸਾਨਾਂ ਨੂੰ ਵਧਦੀਆਂ ਇਨਪੁਟ ਲਾਗਤਾਂ, ਡਿੱਗਦੇ ਜ਼ਮੀਨੀ ਪਾਣੀ, ਕਰਜ਼ੇ ਦੇ ਦਬਾਅ ਅਤੇ ਬਾਜ਼ਾਰ ਦੀ ਅਨਿਸ਼ਚਿਤਤਾ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਕਿਸਾਨ ਸਿਰਫ਼ ਜਿਉਂਦੇ ਰਹਿਣ ਲਈ ਸਬਸਿਡੀਆਂ 'ਤੇ ਨਿਰਭਰ ਕਰਦੇ ਹਨ, ਅਮੀਰ ਬਣਨ ਲਈ ਨਹੀਂ।

ਅਸਲ ਮੁੱਦਾ 'ਸਬਸਿਡੀਆਂ ਦੇ ਆਦੀ' ਹੋਣਾ ਨਹੀਂ ਹੈ, ਸਗੋਂ ਨੀਤੀਗਤ ਡਿਜ਼ਾਈਨ ਹੈ। ਮੌਜੂਦਾ ਪ੍ਰਣਾਲੀ ਕਣਕ-ਚੌਲ ਚੱਕਰ ਅਤੇ ਭਾਰੀ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀ ਹੈ। ਜੇਕਰ ਨੀਤੀਆਂ ਵਿਭਿੰਨਤਾ ਅਤੇ ਸਥਿਰਤਾ ਵੱਲ ਬਦਲਦੀਆਂ ਹਨ, ਤਾਂ ਕਿਸਾਨ ਦੁਬਾਰਾ ਅਨੁਕੂਲ ਬਣ ਜਾਣਗੇ, ਜਿਵੇਂ ਕਿ ਉਨ੍ਹਾਂ ਨੇ ਹਰੀ ਕ੍ਰਾਂਤੀ ਦੌਰਾਨ ਕੀਤਾ ਸੀ।

ਪੰਜਾਬ ਦੇ ਕਿਸਾਨ ਸਬਸਿਡੀਆਂ ਦੇ ਆਦੀ ਨਹੀਂ ਹਨ, ਪਰ ਉਹ ਰਾਸ਼ਟਰੀ ਜ਼ਰੂਰਤਾਂ ਲਈ ਬਣਾਈ ਗਈ ਪ੍ਰਣਾਲੀ ਦੇ ਭਾਗੀਦਾਰ ਹਨ। ਉਨ੍ਹਾਂ ਨੂੰ ਹੁਣ ਕਾਫ਼ੀ ਸੰਦ ਅਤੇ ਖੇਤੀਬਾੜੀ ਸਬਸਿਡੀਆਂ ਪ੍ਰਦਾਨ ਕਰਕੇ ਇਨਾਮ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਕਣਕ ਅਤੇ ਚੌਲਾਂ ਦੀ ਵਾਧੂ ਇੱਕ-ਫਸਲ ਦੇ ਹਰੇ ਇਨਕਲਾਬ ਮਾਡਲ ਤੋਂ ਦਾਲਾਂ, ਤੇਲ ਬੀਜਾਂ, ਮੱਕੀ ਅਤੇ ਉੱਚ ਮੁੱਲ ਵਾਲੀਆਂ ਫਸਲਾਂ (ਸਬਜ਼ੀਆਂ, ਫਲ, ਬਾਗਬਾਨੀ) ਅਤੇ ਪਸ਼ੂ ਪਾਲਣ (ਡੇਅਰੀ, ਪੋਲਟਰੀ, ਬੱਕਰੀਆਂ ਤੇ ਮੱਛੀ ਪਾਲਣ) ਵੱਲ ਤਬਦੀਲ ਹੋ ਸਕਣ।

### ਪੰਜਾਬ ਬਨਾਮ ਮਿਡਵੈਸਟ (ਅਮਰੀਕਾ)- ਇੱਕ ਸਾਧਾਰਨ ਤੁਲਨਾ

ਪੰਜਾਬ ਅਤੇ ਅਮਰੀਕੀ ਮਿਡਵੈਸਟ ਰਾਜ, ਜਿਵੇਂ ਕਿ ਆਇਓਵਾ, ਇਲੀਨਾਏ ਅਤੇ ਕੈਨਸਸ)- ਮੁੱਖ ਖੇਤੀਬਾੜੀ ਖੇਤਰ ਹਨ। ਇਹ ਵੱਡੀ ਮਾਤਰਾ ਵਿੱਚ ਕਣਕ, ਮੱਕੀ, ਭਿੰਨ ਤਰ੍ਹਾਂ ਦੇ ਬੀਨਜ਼ ਅਤੇ ਹੋਰ ਅਨਾਜ ਉਗਾਉਂਦੇ ਹਨ। ਹਾਲਾਂਕਿ ਉਨ੍ਹਾਂ ਦੇ ਸਿਸਟਮ ਵੱਖਰੇ ਹਨ। ਪੰਜਾਬ ਵਿੱਚ ਜ਼ਿਆਦਾਤਰ ਕਿਸਾਨਾਂ ਕੋਲ ਛੋਟੀ ਜਾਂ ਦਰਮਿਆਨੀ ਜ਼ਮੀਨ ਹੈ। ਉਹ ਸਰਕਾਰੀ ਸਹਾਇਤਾ ਜਿਵੇਂ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.), ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਅਤੇ ਖਾਦ ਸਬਸਿਡੀਆਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਖੇਤੀ ਮੁੱਖ ਤੌਰ 'ਤੇ ਕਣਕ-ਚੌਲ ਚੱਕਰ ਦੀ ਪਾਲਣਾ ਕਰਦੀ ਹੈ। ਭੂਮੀਗਤ ਪਾਣੀ ਘਟ ਰਿਹਾ ਹੈ, ਕਿਉਂਕਿ ਚੌਲ ਬਹੁਤ ਸਾਰਾ ਪਾਣੀ ਵਰਤਦੇ ਹਨ।

ਮੱਧ-ਪੱਛਮ ਵਿੱਚ ਖੇਤ ਆਮ ਤੌਰ 'ਤੇ ਬਹੁਤ ਵੱਡੇ ਹੁੰਦੇ ਹਨ ਅਤੇ ਬਹੁਤ ਜ਼ਿਆਦਾ ਮਸ਼ੀਨੀਕਰਨ ਅਪਨਾਇਆ ਜਾਂਦਾ ਹੈ। ਕਿਸਾਨਾਂ ਨੂੰ ਮੁੱਖ ਤੌਰ 'ਤੇ ਫਸਲ ਬੀਮਾ ਅਤੇ ਸਿੱਧੀ ਆਮਦਨ ਭੁਗਤਾਨਾਂ ਰਾਹੀਂ ਸਰਕਾਰੀ ਸਹਾਇਤਾ ਮਿਲਦੀ ਹੈ, ਮੁਫ਼ਤ ਬਿਜਲੀ ਨਹੀਂ! ਉਹ ਮੱਕੀ, ਸੋਇਆਬੀਨ ਅਤੇ ਕਣਕ ਵਰਗੀਆਂ ਵਿਭਿੰਨ ਫਸਲਾਂ ਉਗਾਉਂਦੇ ਹਨ। ਬਹੁਤ ਸਾਰੇ ਖੇਤਰਾਂ ਵਿੱਚ ਸਿੰਚਾਈ ਘੱਟ/ਆਮ ਹੈ, ਕਿਉਂਕਿ ਬਾਰਿਸ਼ ਬਿਹਤਰ ਹੁੰਦੀ ਹੈ। ਪੰਜਾਬ ਭਾਰਤ ਲਈ ਭੋਜਨ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਦਾ ਹੈ। ਮਿਡਵੈਸਟ ਨਿਰਯਾਤ ਅਤੇ ਵਿਸ਼ਵ ਬਾਜ਼ਾਰਾਂ 'ਤੇ ਵਧੇਰੇ ਧਿਆਨ ਕੇਂਦਰਿਤ ਕਰਦਾ ਹੈ। ਦੋਵੇਂ ਸਬਸਿਡੀਆਂ ਪ੍ਰਾਪਤ ਕਰਦੇ ਹਨ, ਪਰ ਬਣਤਰ ਅਤੇ ਪੈਮਾਨਾ ਵੱਖਰਾ ਹੈ।

### ਸਬਸਿਡੀਆਂ ਅਤੇ ਮੁਫ਼ਤ ਚੀਜ਼ਾਂ ਵਿੱਚ ਅੰਤਰ

ਸਬਸਿਡੀਆਂ ਅਤੇ ਮੁਫ਼ਤ ਚੀਜ਼ਾਂ ਅਕਸਰ ਉਲਝਣ ਵਿੱਚ ਹੁੰਦੀਆਂ ਹਨ, ਪਰ ਇਹ ਇੱਕੋ ਜਿਹੀਆਂ ਨਹੀਂ ਹੁੰਦੀਆਂ। ਸਬਸਿਡੀ ਸਰਕਾਰ ਦੁਆਰਾ ਜ਼ਰੂਰੀ ਵਸਤੂਆਂ ਜਾਂ ਸੇਵਾਵਾਂ ਦੀ ਲਾਗਤ ਘਟਾਉਣ ਲਈ ਦਿੱਤੀ ਜਾਂਦੀ ਵਿੱਤੀ ਸਹਾਇਤਾ ਹੈ। ਇਸਦਾ ਮੁੱਖ ਉਦੇਸ਼ ਆਰਥਿਕ ਜਾਂ ਸਮਾਜਿਕ ਲਾਭ ਹੈ। ਮਿਸਾਲ ਵਜੋਂ ਖਾਦ ਸਬਸਿਡੀ ਕਿਸਾਨਾਂ ਨੂੰ ਸਸਤੇ ਵਿੱਚ ਭੋਜਨ ਪੈਦਾ ਕਰਨ ਵਿੱਚ ਮਦਦ ਕਰਦੀ ਹੈ। ਭੋਜਨ ਸਬਸਿਡੀ ਗਰੀਬ ਪਰਿਵਾਰਾਂ ਨੂੰ ਘੱਟ ਕੀਮਤਾਂ 'ਤੇ ਮੁਢਲਾ ਅਨਾਜ ਖਰੀਦਣ ਵਿੱਚ ਮਦਦ ਕਰਦੀ ਹੈ। ਸਬਸਿਡੀਆਂ ਆਮ ਤੌਰ 'ਤੇ ਲੰਬੇ ਸਮੇਂ ਦੀ ਨੀਤੀ ਯੋਜਨਾਬੰਦੀ ਦਾ ਹਿੱਸਾ ਹੁੰਦੀਆਂ ਹਨ।

ਦੂਜੇ ਪਾਸੇ, ਮੁਫ਼ਤ ਚੀਜ਼ਾਂ ਉਹ ਚੀਜ਼ਾਂ ਹਨ, ਜੋ ਮੁੱਖ ਤੌਰ 'ਤੇ ਵੋਟਰਾਂ ਨੂੰ ਆਕਰਸ਼ਿਤ ਕਰਨ ਜਾਂ ਰਾਜਨੀਤਿਕ ਸਮਰਥਨ ਪ੍ਰਾਪਤ ਕਰਨ ਲਈ ਮੁਫਤ ਦਿੱਤੀਆਂ ਜਾਂਦੀਆਂ ਹਨ। ਮਿਸਾਲ ਵਜੋਂ ਲੰਬੇ ਸਮੇਂ ਦੀ ਆਰਥਿਕ ਯੋਜਨਾਬੰਦੀ ਤੋਂ ਬਿਨਾ ਮੁਫਤ ਖਪਤਕਾਰ ਵਸਤੂਆਂ ਜਾਂ ਨਕਦ ਵਾਅਦੇ ਸ਼ਾਮਲ ਹੋ ਸਕਦੇ ਹਨ। ਸਰਲ ਸ਼ਬਦਾਂ ਵਿੱਚ ਸਬਸਿਡੀਆਂ ਵਿਕਾਸ ਅਤੇ ਸਥਿਰਤਾ ਵੱਲ ਇਸ਼ਾਰਾ ਕਰਦੀਆਂ ਹਨ, ਜਦੋਂ ਕਿ ਮੁਫ਼ਤ ਚੀਜ਼ਾਂ ਅਕਸਰ ਥੋੜ੍ਹੇ ਸਮੇਂ ਦੇ ਰਾਜਨੀਤਿਕ ਲਾਭ ਹੁੰਦੀਆਂ ਹਨ। ਹਾਲਾਂਕਿ ਕਈ ਵਾਰ ਅਭਿਆਸ ਵਿੱਚ ਉਨ੍ਹਾਂ ਦੋਨਾਂ ਵਿਚਕਾਰ ਰੇਖਾ ਬਹੁਤ ਧੁੰਦਲੀ ਵੀ ਹੋ ਸਕਦੀ ਹੈ।

### ਸਰਕਾਰੀ ਸਬਸਿਡੀਆਂ, ਫ੍ਰੀਬੀਆਂ, ਬਰਬਾਦੀ ਅਤੇ ਭ੍ਰਿਸ਼ਟਾਚਾਰ ਦਾ ਆਪਸੀ ਸੰਬੰਧ

ਸਰਕਾਰਾਂ ਵੱਲੋਂ ਲੋਕਾਂ ਦੀ ਮਦਦ ਲਈ ਦਿੱਤੀਆਂ ਜਾਣ ਵਾਲੀਆਂ ਸਹਾਇਤਾਵਾਂ ਨੂੰ ਸਬਸਿਡੀ ਜਾਂ ਫ੍ਰੀਬੀ ਕਿਹਾ ਜਾਂਦਾ ਹੈ। ਸਬਸਿਡੀ ਦਾ ਮਕਸਦ ਗਰੀਬਾਂ ਦੀ ਮਦਦ ਕਰਨਾ, ਜ਼ਰੂਰੀ ਚੀਜ਼ਾਂ ਸਸਤੀਆਂ ਕਰਨਾ ਅਤੇ ਸਮਾਜਿਕ ਅਸਮਾਨਤਾ ਘਟਾਉਣਾ ਹੁੰਦਾ ਹੈ; ਪਰ ਜਦੋਂ ਇਹ ਸਹਾਇਤਾ ਬਿਨਾ ਸੋਚ-ਵਿਚਾਰ ਜਾਂ ਗਲਤ ਢੰਗ ਨਾਲ ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਬਰਬਾਦੀ ਅਤੇ ਭ੍ਰਿਸ਼ਟਾਚਾਰ ਪੈਦਾ ਹੋ ਜਾਂਦਾ ਹੈ। ਸਬਸਿਡੀ ਜਦੋਂ ਲੋੜਵੰਦ ਲੋਕਾਂ ਤੱਕ ਪਹੁੰਚਦੀ ਹੈ, ਤਾਂ ਇਹ ਫਾਇਦੇਮੰਦ ਹੁੰਦੀ ਹੈ। ਮਿਸਾਲ ਵਜੋਂ ਕਿਸਾਨਾਂ ਲਈ ਬੀਜ ਜਾਂ ਖਾਦ ਉੱਤੇ ਸਹਾਇਤਾ ਉਤਪਾਦਨ ਵਧਾਉਂਦੀ ਹੈ, ਪਰ ਜਦੋਂ ਸਬਸਿਡੀ ਹਰ ਕਿਸੇ ਨੂੰ ਮਿਲਣ ਲੱਗ ਪਵੇ, ਭਾਵੇਂ ਉਹ ਲੋੜਵੰਦ ਨਾ ਵੀ ਹੋਵੇ, ਤਾਂ ਇਸ ਨਾਲ ਸਰਕਾਰੀ ਪੈਸੇ ਦੀ ਬਰਬਾਦੀ ਹੁੰਦੀ ਹੈ।

ਫ੍ਰੀਬੀਆਂ-ਜਿਵੇਂ ਮੁਫ਼ਤ ਬਿਜਲੀ, ਪਾਣੀ ਜਾਂ ਸਹੂਲਤਾਂ- ਚੋਣਾਂ ਦੇ ਸਮੇਂ ਲੋਕਾਂ ਨੂੰ ਖੁਸ਼ ਕਰਨ ਲਈ ਦਿੱਤੀਆਂ ਜਾਂਦੀਆਂ ਹਨ। ਇਸ ਨਾਲ ਲੋਕਾਂ ਵਿੱਚ ਨਿਰਭਰਤਾ ਵਧਦੀ ਹੈ ਅਤੇ ਮਿਹਨਤ ਦੀ ਕਦਰ ਘਟਦੀ ਹੈ। ਜਦੋਂ ਚੀਜ਼ਾਂ ਮੁਫ਼ਤ ਮਿਲਦੀਆਂ ਹਨ, ਤਾਂ ਅਕਸਰ ਉਨ੍ਹਾਂ ਦੀ ਕਦਰ ਨਹੀਂ ਰਹਿੰਦੀ। ਨਤੀਜੇ ਵਜੋਂ ਪਾਣੀ, ਬਿਜਲੀ ਅਤੇ ਅਨਾਜ ਦੀ ਬਰਬਾਦੀ ਹੁੰਦੀ ਹੈ।

ਜਿੱਥੇ ਵੱਡੀ ਰਕਮ ਹੁੰਦੀ ਹੈ, ਉੱਥੇ ਭ੍ਰਿਸ਼ਟਾਚਾਰ ਦਾ ਖਤਰਾ ਵੀ ਵਧ ਜਾਂਦਾ ਹੈ। ਨਕਲੀ ਲਾਭਪਾਤਰੀ, ਰਿਸ਼ਵਤਖੋਰੀ ਅਤੇ ਦਲਾਲੀ ਕਾਰਨ ਸਹਾਇਤਾ ਗਲਤ ਹੱਥਾਂ ਵਿੱਚ ਚਲੀ ਜਾਂਦੀ ਹੈ। ਅਸਲ ਲੋੜਵੰਦ ਪਿੱਛੇ ਰਹਿ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਸਬਸਿਡੀਆਂ ਅਤੇ ਫ੍ਰੀਬੀਆਂ ਨੂੰ ਸੀਮਤ, ਪਾਰਦਰਸ਼ੀ ਅਤੇ ਲੜੀਵੰਦ ਬਣਾਇਆ ਜਾਵੇ। ਸਹਾਇਤਾ- ਮਿਹਨਤ, ਜ਼ਿੰਮੇਵਾਰੀ ਅਤੇ ਵਿਕਾਸ ਨਾਲ ਜੁੜੀ ਹੋਣੀ ਚਾਹੀਦੀ ਹੈ, ਨਾ ਕਿ ਆਲਸ ਅਤੇ ਭ੍ਰਿਸ਼ਟਾਚਾਰ ਨਾਲ। ਸਹੀ ਨੀਤੀਆਂ ਨਾਲ ਹੀ ਦੇਸ਼ ਦਾ ਪੈਸਾ ਬਚ ਸਕਦਾ ਹੈ ਅਤੇ ਸਮਾਜ ਅੱਗੇ ਵਧ ਸਕਦਾ ਹੈ।

### ਮੁਫ਼ਤਖੋਰੀ ਦੀ ਸੰਸਕ੍ਰਿਤੀ ਤੋਂ ਆਤਮ-ਨਿਰਭਰ ਸਮਾਜ ਵੱਲ

ਅੱਜ ਕਈ ਸਰਕਾਰਾਂ ਲੋਕਾਂ ਨੂੰ ਖੁਸ਼ ਕਰਨ ਲਈ ਮੁਫ਼ਤ ਬਿਜਲੀ, ਪਾਣੀ, ਰਾਸ਼ਨ, ਪੈਸੇ ਜਾਂ ਹੋਰ ਸਹੂਲਤਾਂ ਦੇ ਰਹੀਆਂ ਹਨ। ਇਹ ਮੁਫ਼ਤੀਆਂ ਕੁਝ ਸਮੇਂ ਲਈ ਗਰੀਬ ਲੋਕਾਂ ਨੂੰ ਰਾਹਤ ਤਾਂ ਦਿੰਦੀਆਂ ਹਨ, ਪਰ ਲੰਮੇ ਸਮੇਂ ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਚਿੱਪ ਦੇ ਬਦਲੇ ਖੇਤੀ ਦਾਅ 'ਤੇ?

## ਅਮਰੀਕੀ ਸਮਾਨ ਭਾਰਤ ਆਉਣ ਨਾਲ ਕੀ ਫ਼ਾਇਦਾ-ਨੁਕਸਾਨ?

**ਦਿਗਵਿਜੇ ਸਿੰਘ**

ਵਾਸ਼ਿੰਗਟਨ ਵਿੱਚ ਇੱਕ ਫਾਈਲ ਖੁਲ੍ਹਦੀ ਹੈ। ਨਵੀਂ ਦਿੱਲੀ ਵਿੱਚ ਇੱਕ ਦਸਤਖ਼ਤ ਹੁੰਦਾ ਹੈ ਤੇ ਨਾਲ ਹੀ ਸੋਸ਼ਲ ਮੀਡੀਆ 'ਤੇ ਚਰਚਾ ਸ਼ੁਰੂ ਹੋ ਜਾਂਦੀ ਹੈ। ਕੋਈ ਕਹਿੰਦਾ ਹੈ, ਇਹ 2047 ਦੀ ਬੁਨਿਆਦ ਹੈ। ਕੋਈ ਇਸਨੂੰ ਆਰਥਿਕ ਆਤਮ-ਸਮਰਪਣ ਦੱਸਦਾ ਹੈ। ਕੋਈ ਕਹਿੰਦਾ ਹੈ ਕਿ 'ਟੈਕ ਵਾਲਾ' ਆਤਮਨਿਰਭਰ ਭਾਰਤ ਇੱਥੋਂ ਬਣੇਗਾ। ਕੋਈ ਕਹਿੰਦਾ ਹੈ ਕਿ ਬਾਜ਼ਾਰ ਖੁਲ੍ਹ ਜਾਵੇਗਾ ਅਤੇ ਦੇਸੀ ਉਦਯੋਗ ਦਬ ਜਾਵੇਗਾ। ਮਾਮਲਾ ਭਾਰਤ ਅਤੇ ਅਮਰੀਕਾ ਵਿਚਕਾਰ ਵੱਧ ਰਹੇ ਟੈਕ ਅਤੇ ਵਪਾਰਕ ਸੰਬੰਧਾਂ ਦਾ ਹੈ। ਇਸ ਪੂਰੀ ਕਹਾਣੀ ਦੇ ਵਿਚਕਾਰ ਇੱਕ ਸ਼ਬਦ ਚੱਲ ਰਿਹਾ ਹੈ-ਪੈਕਸ ਸਿਲਿਕਾ (Pax Silica)।

ਸਵਾਲ ਸਿੱਧਾ ਹੈ। ਕੀ ਇਸ ਡੀਲ ਤੋਂ ਬਾਅਦ ਭਾਰਤੀ ਬਾਜ਼ਾਰ ਵਿੱਚ ਅਮਰੀਕੀ ਸੇਬ, ਦੁੱਧ, ਗੈਜਿਟ ਅਤੇ ਬ੍ਰਾਂਡਾਂ ਦਾ ਹੜ੍ਹ ਆਉਣ ਵਾਲਾ ਹੈ? ਅਤੇ ਦੂਜਾ ਸਵਾਲ- ਕੀ ਇਸ ਦੇ ਬਦਲੇ ਭਾਰਤ ਨੂੰ ਐਸੀ ਟੈਕ ਤਾਕਤ ਮਿਲੇਗੀ, ਜੋ ਖੇਡ ਹੀ ਬਦਲ ਦੇਵੇ? ਜੈਨ ਜ਼ੀ (Gen Z) ਅਤੇ ਮਿਲੇਨਿਅਲ ਪੀੜ੍ਹੀ ਲਈ ਇਹ ਸਿਰਫ਼ ਖ਼ਬਰ ਨਹੀਂ। ਇਹ ਉਨ੍ਹਾਂ ਦੇ ਕਰੀਅਰ, ਸਟਾਰਟਅਪ, ਤਨਖਾਹ ਅਤੇ ਬਾਜ਼ਾਰ ਦਾ ਸਵਾਲ ਹੈ। ਇਸ ਲਈ ਮਾਮਲੇ ਦੀ ਗਹਿਰਾਈ ਵਿੱਚ ਜਾਣਾ ਜ਼ਰੂਰੀ ਹੈ।

**ਪੈਕਸ ਸਿਲਿਕਾ- Pax Silica ਕੀ ਹੈ?**

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇੱਕ ਸ਼ਬਦ ਚਲਿਆ ਸੀ- 'ਅਮਰੀਕਨ ਸਰਦਾਰੀ' (American Hegemony); ਸੌਖੀ ਭਾਸ਼ਾ ਵਿੱਚ ਕਹੀਏ ਤਾਂ ਦੁਨੀਆ ਵਿੱਚ ਅਮਰੀਕਾ ਦਾ ਦਬਦਬਾ। ਹੁਣ ਨਵਾਂ ਦੌਰ ਹੈ। ਦੁਨੀਆ ਬੰਦੂਕ ਨਾਲ ਘੱਟ ਅਤੇ ਚਿਪ ਨਾਲ ਵੱਧ ਚਲਦੀ ਹੈ। ਸਿਲਿਕਾਨ ਚਿਪ- ਜੋ ਤੁਹਾਡੇ ਫੋਨ, ਲੈਪਟਾਪ, ਕਾਰ ਅਤੇ ਮਿਜ਼ਾਈਲ ਵਿੱਚ ਲੱਗਦੀ ਹੈ। ਇਸ ਲਈ ਚਿਪ ਸਪਲਾਈ ਚੇਨ ਹੀ ਨਵੀਂ ਭੂ-ਰਾਜਨੀਤੀ ਹੈ।

ਪੈਕਸ ਸਿਲਿਕਾ ਦਾ ਮਤਲਬ ਹੈ- ਟੈਕਨੋਲੋਜੀ ਰਾਹੀਂ ਨਵਾਂ ਗਲੋਬਲ ਗਠਜੋੜ, ਖਾਸ ਕਰ ਕੇ ਸੈਮੀਕੰਡਕਟਰ ਨੂੰ ਲੈ ਕੇ। ਇਸਦਾ ਵੱਡਾ ਮਕਸਦ ਚੀਨ ਦੀ ਟੈਕ ਤਾਕਤ ਨੂੰ ਸੀਮਿਤ ਕਰਨਾ ਹੈ। ਇਹ ਦੱਸਣਾ ਜ਼ਰੂਰੀ ਹੈ ਕਿ 'Pax Silica' ਕੋਈ ਅਧਿਕਾਰਕ ਸੰਧੀ ਦਾ ਨਾਮ ਨਹੀਂ। ਇਹ ਇੱਕ ਰਣਨੀਤਿਕ ਵਿਚਾਰ ਹੈ- ਯਾਨੀ ਸਿਲਿਕਾਨ (ਸੈਮੀਕੰਡਕਟਰ) ਰਾਹੀਂ ਵਿਸ਼ਵ ਤਾਕਤ ਦਾ ਨਵਾਂ ਸੰਤੁਲਨ।

ਅੱਜ ਦੁਨੀਆ ਦੀਆਂ ਸਭ ਤੋਂ ਅਗੇਤਰੀ ਚਿਪਾਂ ਵੱਡੇ ਪੱਧਰ 'ਤੇ ਚੀਨ ਅਤੇ ਤਾਈਵਾਨ ਵਿੱਚ ਬਣਦੀਆਂ ਹਨ। ਕਈ ਮਹੱਤਵਪੂਰਨ ਸਪਲਾਈ ਲਿੰਕ ਸਿੱਧੇ ਚੀਨ ਨਾਲ ਜੁੜੇ ਹਨ। ਅਮਰੀਕਾ ਚਾਹੁੰਦਾ ਹੈ ਕਿ ਇਹ ਨਿਰਭਰਤਾ ਘਟੇ। ਇੱਥੇ Pax Silica ਦੀ ਐਂਟਰੀ ਹੁੰਦੀ ਹੈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਟੈਕ ਸਪਲਾਈ ਚੇਨ ਦਾ ਨਵਾਂ ਹੱਬ ਬਣੇ। ਯਾਨੀ ਜੋ ਚਿਪ ਪਹਿਲਾਂ ਤਾਈਵਾਨ ਜਾਂ ਚੀਨ ਵਿੱਚ ਬਣਦੀ ਸੀ, ਉਹ ਅੱਗੇ ਚੱਲ ਕੇ ਭਾਰਤ ਵਿੱਚ ਬਣੇ।


ਜੇ ਤੁਸੀਂ ਕੋਡਿੰਗ ਸਿੱਖ ਰਹੇ ਹੋ, ਡਾਟਾ ਸਾਇੰਸ ਕਰ ਰਹੇ ਹੋ, ਇਲੈਕਟ੍ਰਾਨਿਕਸ ਪੜ੍ਹ ਰਹੇ ਹੋ ਜਾਂ ਸਟਾਰਟਅਪ ਸ਼ੁਰੂ ਕਰਨਾ ਚਾਹੁੰਦੇ ਹੋ, ਤਾਂ ਅਗਲੇ ਦਸ ਸਾਲ ਦਾ ਮਾਹੌਲ ਇਸੀ ਟੈਕ ਰਾਜਨੀਤੀ ਨਾਲ ਤੈਅ ਹੋਵੇਗਾ।

**ਸੈਮੀਕੰਡਕਟਰ ਦੀ ਅਸਲੀ ਤਾਕਤ ਕਿੱਥੇ ਹੈ?**

ਦੁਨੀਆ ਦੀਆਂ ਸਭ ਤੋਂ ਅਗੇਤਰੀ ਲੌਜਿਕ ਚਿਪਾਂ ਦਾ ਵੱਡਾ ਹਿੱਸਾ ਤਾਈਵਾਨ ਦੀ 'ਤਾਈਵਾਨ ਸੈਮੀਕੰਡਕਟਰ ਮੈਨਿਊਫੈਕਚਰਿੰਗ ਕੰਪਨੀ' (TSMC) ਵਿੱਚ ਬਣਦਾ ਹੈ। ਚਿਪ ਡਿਜ਼ਾਈਨ ਵਿੱਚ NVIDIA ਅਤੇ Intel ਵਰਗੀਆਂ ਕੰਪਨੀਆਂ ਦੀ ਵੱਡੀ ਭੂਮਿਕਾ ਹੈ। ਅਮਰੀਕਾ ਨੇ 2022 ਵਿੱਚ 'CHIPS and Science Act' ਪਾਸ ਕੀਤਾ। ਇਸਦਾ ਮਕਸਦ ਦੇਸ਼ ਵਿੱਚ ਮੈਨਿਊਫੈਕਚਰਿੰਗ ਵਧਾਉਣਾ ਅਤੇ ਚੀਨ 'ਤੇ ਨਿਰਭਰਤਾ ਘਟਾਉਣਾ ਸੀ।

**ਭਾਰਤ ਦੀ ਐਂਟਰੀ ਕਿਵੇਂ?**

ਭਾਰਤ ਸਰਕਾਰ ਨੇ 'Semicon India Programme' ਸ਼ੁਰੂ ਕੀਤਾ ਹੈ, ਜਿਸਦਾ ਉਦੇਸ਼ ਦੇਸ਼ ਵਿੱਚ ਸੈਮੀਕੰਡਕਟਰ ਅਤੇ ਡਿਸਪਲੇਅ ਮੈਨਿਊਫੈਕਚਰਿੰਗ ਨੂੰ ਵਧਾਉਣਾ ਹੈ। ਯੋਜਨਾ ਅਨੁਸਾਰ ਜੇ ਵੱਡੇ ਫੈਬ ਪਲਾਂਟ ਆਉਂਦੇ ਹਨ ਤਾਂ ਇਸ ਨਾਲ ਉੱਚ-ਕੌਸ਼ਲ ਨੌਕਰੀਆਂ, ਸਪਲਾਈ ਚੇਨ ਅਤੇ ਇਲੈਕਟ੍ਰਾਨਿਕਸ ਈਕੋਸਿਸਟਮ ਨੂੰ ਫਾਇਦਾ ਹੋ ਸਕਦਾ ਹੈ।




**ਗਿਵ ਐਂਡ ਟੇਕ ਦੀ ਅਸਲੀ ਖੇਡ**

ਕੂਟਨੀਤੀ ਵਿੱਚ ਮੁਫ਼ਤ ਕੁਝ ਨਹੀਂ ਮਿਲਦਾ। ਜੇ ਅਮਰੀਕਾ ਭਾਰਤ ਨੂੰ ਹਾਈ-ਟੈਕ ਭਾਈਵਾਲ ਬਣਾ ਰਿਹਾ ਹੈ, ਤਾਂ ਉਸਨੂੰ ਵੀ ਕੁਝ ਚਾਹੀਦਾ ਹੈ। ਸਵਾਲ ਹੈ- ਇਸ ਸਮਝੌਤੇ ਤੋਂ ਸਾਨੂੰ ਕੀ ਮਿਲ ਸਕਦਾ ਹੈ? ਜੇ ਭਾਈਵਾਲੀ ਗਹਿਰੀ ਹੁੰਦੀ ਹੈ ਤਾਂ ਭਾਰਤ ਨੂੰ ਸੈਮੀਕੰਡਕਟਰ ਮੈਨਿਊਫੈਕਚਰਿੰਗ ਟੈਕਨੋਲੋਜੀ, ਅਗੇਤਰੀ ਮਸ਼ੀਨਾਂ, ਡਿਫ਼ੈਂਸ ਟੈਕਨੋਲੋਜੀ ਅਤੇ ਪੁਲਾੜ ਸਹਿਯੋਗ ਵਿੱਚ ਫਾਇਦਾ ਮਿਲ ਸਕਦਾ ਹੈ। ਜੇ ਵੱਡੇ ਚਿਪ ਪਲਾਂਟ ਆ ਗਏ ਤਾਂ ਪੂਰਾ ਇਲੈਕਟ੍ਰਾਨਿਕਸ ਈਕੋਸਿਸਟਮ ਖੜ੍ਹਾ ਹੋ ਸਕਦਾ ਹੈ।

ਜੇ ਸਭ ਕੁਝ ਯੋਜਨਾ ਅਨੁਸਾਰ ਹੋਇਆ ਤਾਂ ਚਾਰ ਪੱਧਰ 'ਤੇ ਫ਼ਾਇਦਾ ਹੋ ਸਕਦਾ ਹੈ: ਵੱਧ ਫੈਕਟਰੀਆਂ, ਵੱਧ ਸਪਲਾਈ ਚੇਨ, ਵੱਧ ਇੰਜੀਨੀਅਰ ਅਤੇ ਵੱਧ ਉੱਚ-ਤਨਖਾਹ ਨੌਕਰੀਆਂ। Gen Z ਲਈ ਇਸਦਾ ਮਤਲਬ ਹੈ ਕਿ ਨੌਕਰੀ ਲਈ ਸਿਰਫ਼ ਵਿਦੇਸ਼ ਨਹੀਂ ਦੇਖਣਾ ਪਵੇਗਾ।

ਅਮਰੀਕਾ ਚਾਹੁੰਦਾ ਹੈ ਕਿ ਭਾਰਤ ਦਰਾਮਦ ਸ਼ੁਲਕ (ਟੈਰਿਫ) ਘਟਾਏ, ਖਾਸ ਕਰ ਕੇ ਖੇਤੀਬਾੜੀ ਅਤੇ ਖ਼ਪਤਕਾਰੀ ਸਮਾਨ 'ਤੇ। USTR ਦੇ 'India Trade Summary' ਦਸਤਾਵੇਜ਼ ਵਿੱਚ ਇਸ ਦੀ ਝਲਕ ਮਿਲਦੀ ਹੈ। ਮਤਲਬ ਅਮਰੀਕੀ ਸੇਬ, ਬਾਦਾਮ, ਡੇਅਰੀ ਉਤਪਾਦ, ਪ੍ਰੋਸੈਸਡ ਫੂਡ ਅਤੇ ਵੱਡੇ ਰਿਟੇਲ ਬ੍ਰਾਂਡ ਆਸਾਨੀ ਨਾਲ ਭਾਰਤ ਵਿੱਚ ਵਿਕ ਸਕਣ। ਇੱਥੇ Washington Apples ਅਤੇ California Almonds ਵਰਗੇ ਨਾਮ ਸਾਹਮਣੇ ਆਉਂਦੇ ਹਨ। ਸੁਨੇਹਾ ਸਾਫ਼ ਹੈ- ਟੈਕ ਦੇ ਬਦਲੇ ਬਾਜ਼ਾਰ।

**ਸੈਮੀਕੰਡਕਟਰ ਬਨਾਮ ਸੇਬ**

ਇੱਕ ਪਾਸੇ ਸਿਲਿਕਾਨ ਚਿਪ ਹੈ, ਦੂਜੇ ਪਾਸੇ ਸੇਬ ਅਤੇ ਦੁੱਧ। ਜੇ ਅਮਰੀਕਾ ਤੋਂ ਸਸਤੇ ਸੇਬ ਆਉਂਦੇ ਹਨ ਤਾਂ ਹਿਮਾਚਲ, ਕਸ਼ਮੀਰ ਅਤੇ ਉੱਤਰਾਖੰਡ ਦੇ ਸੇਬ ਕਿਸਾਨ ਕੀ ਕਰਨਗੇ? ਜੇ ਅਮਰੀਕੀ ਡੇਅਰੀ ਉਤਪਾਦ ਘੱਟ ਟੈਕਸ ਨਾਲ ਆਏ ਤਾਂ ਸਾਡੇ ਪਸ਼ੂ ਪਾਲਕ ਕਿਵੇਂ ਟਿਕਣਗੇ?

Amul ਅਤੇ Mother Diary ਵਰਗੇ ਬ੍ਰਾਂਡ ਭਾਰਤੀ ਡੇਅਰੀ ਉਦਯੋਗ ਦੀ ਰੀੜ੍ਹ ਹਨ। ਉਨ੍ਹਾਂ ਦੇ ਪਿੱਛੇ ਲੱਖਾਂ ਛੋਟੇ ਪਸ਼ੂਪਾਲਕ ਹਨ। ਸਵਾਲ ਇਹ ਹੈ- ਕੀ ਉਹ ਵੱਡੇ ਅਮਰੀਕੀ ਐਗਰੋ-ਬਿਜ਼ਨਸ ਮਾਡਲ ਨਾਲ ਮੁਕਾਬਲਾ ਕਰ ਸਕਣਗੇ? ਵਿਰੋਧੀ ਪਾਰਟੀਆਂ ਅਤੇ ਕਿਸਾਨ ਜਥੇਬੰਦੀਆਂ ਦੀ ਚਿੰਤਾ ਵੀ ਇਹੀ ਹੈ ਕਿ ਡਿਜ਼ੀਟਲ ਤਰੱਕੀ ਦੇ ਨਾਮ 'ਤੇ ਪੇਂਡੂ ਅਰਥ-ਵਿਵਸਥਾ ਦੀ ਅਣਦੇਖੀ ਨਾ ਹੋਵੇ।

**ਕੀ ਅਮਰੀਕੀ ਸਮਾਨ ਦਾ ਹੜ੍ਹ ਆ ਜਾਵੇਗਾ?**

ਵਰਲਡ ਟਰੇਡ ਆਰਗੇਨਾਈਜੇਸ਼ਨ (WTO) ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਕਈ ਖੇਤਰਾਂ ਵਿੱਚ ਦਰਾਮਦ ਟੈਰਿਫ਼ ਉੱਚੇ ਹਨ। ਜੇ ਕਿਸੇ ਵਪਾਰ ਸਮਝੌਤੇ ਅਧੀਨ ਕੁਝ ਖੇਤਰਾਂ ਵਿੱਚ ਟੈਰਿਫ ਘਟਦੇ ਹਨ ਤਾਂ ਕੁਝ ਬਦਲਾਅ ਦਿਖ ਸਕਦੇ ਹਨ। ਸ਼ਹਿਰੀ ਨੌਜਵਾਨ ਨੂੰ ਕੀ ਦਿਖੇਗਾ? ਕੁਝ ਅਮਰੀਕੀ ਬ੍ਰਾਂਡ ਸਸਤੇ ਮਿਲ ਸਕਦੇ ਹਨ। ਕੁਝ ਉਤਪਾਦਾਂ ਦੀ ਕਿਸਮ ਵੱਧ ਸਕਦੀ ਹੈ। ਈ-ਕਾਮਰਸ 'ਤੇ ਹੋਰ ਮੌਕੇ ਆ ਸਕਦੇ ਹਨ। ਪਰ ਇਸਦਾ ਮਤਲਬ ਇਹ ਨਹੀਂ ਕਿ ਪੂਰਾ ਬਾਜ਼ਾਰ ਅਮਰੀਕੀ ਹੋ ਜਾਵੇਗਾ। ਭਾਰਤ ਦਾ ਬਾਜ਼ਾਰ ਬਹੁਤ ਵੱਡਾ ਹੈ ਅਤੇ ਲੋਕਲ ਬ੍ਰਾਂਡਾਂ ਦੀ ਪਕੜ ਵੀ ਮਜਬੂਤ ਹੈ। MSME ਖੇਤਰ ਲਈ ਚੁਣੌਤੀ ਹੋਵੇਗੀ, ਪਰ ਜੇ ਸਰਕਾਰ ਸਹੀ ਸਹਾਇਤਾ ਦੇਵੇ ਤਾਂ ਲੋਕਲ ਕੰਪਨੀਆਂ ਵੀ ਗਲੋਬਲ ਬਣ ਸਕਦੀਆਂ ਹਨ।

**ਪ੍ਰਭੁਤਾ ਦਾ ਸਵਾਲ:** ਕੀ ਭਾਰਤ ਆਪਣੀ ਰਣਨੀਤਿਕ ਆਜ਼ਾਦੀ ਖੋ ਦੇਵੇਗਾ? ਭਾਰਤ ਲੰਮੇ ਸਮੇਂ ਤੋਂ ਮਲਟੀ-ਅਲਾਇਨਮੈਂਟ ਨੀਤੀ 'ਤੇ ਚੱਲਦਾ ਆਇਆ ਹੈ- ਸਭ ਨਾਲ ਦੋਸਤੀ, ਕਿਸੇ ਇੱਕ 'ਤੇ ਪੂਰੀ ਨਿਰਭਰਤਾ ਨਹੀਂ। ਜੇ ਭਾਰਤ ਟੈਕ ਸਪਲਾਈ ਚੇਨ ਵਿੱਚ ਅਮਰੀਕਾ ਨਾਲ ਗਹਿਰਾਈ ਨਾਲ ਜੁੜਦਾ ਹੈ, ਤਾਂ ਕੀ ਚੀਨ ਨਾਲ ਤਣਾਅ ਵਧੇਗਾ? ਜਾਂ ਭਾਰਤ ਦੀ ਸੁਰੱਖਿਆ ਮਜਬੂਤ ਹੋਵੇਗੀ? ਅੱਜ ਯੁੱਧ ਸਿਰਫ਼ ਸਰਹੱਦਾਂ 'ਤੇ ਨਹੀਂ ਹੁੰਦੇ। ਸਾਇਬਰ ਹਮਲੇ, ਚਿਪ ਸਪਲਾਈ ਰੋਕਣਾ, ਡਾਟਾ ਕੰਟਰੋਲ ਕਰਨਾ ਵੀ ਹਥਿਆਰ ਹਨ। ਇਸ ਲਈ ਟੈਕ ਹਿੱਸੇਦਾਰੀ ਵੀ ਸੁਰੱਖਿਆ ਦਾ ਹਿੱਸਾ ਹੈ।

**Gen Z ਲਈ ਅਸਲੀ ਮਤਲਬ:** ਜੇ ਭਾਰਤ ਸੈਮੀਕੰਡਕਟਰ ਹੱਬ ਬਣਦਾ ਹੈ ਤਾਂ ਇਲੈਕਟ੍ਰਾਨਿਕਸ ਇੰਜੀਨੀਅਰਿੰਗ ਦੀ ਕਦਰ ਵਧੇਗੀ; ਚਿਪ ਡਿਜ਼ਾਈਨ, ਏ.ਆਈ. ਤੇ ਰੋਬੋਟਿਕਸ ਵਿੱਚ ਨੌਕਰੀਆਂ ਵਧਣਗੀਆਂ ਅਤੇ ਹਾਰਡਵੇਅਰ ਸਟਾਰਟਅਪ ਨੂੰ ਮੌਕਾ ਮਿਲੇਗਾ। ਮੌਕਾ ਤਾਂ ਹੈ, ਪਰ ਜੇ ਭਾਰਤ ਸਿਰਫ਼ ਬਾਜ਼ਾਰ ਬਣ ਕੇ ਰਹਿ ਗਿਆ ਤਾਂ ਅਸੀਂ ਖਰੀਦਾਂਗੇ ਵੱਧ, ਵੇਚਾਂਗੇ ਘੱਟ। ਸਵਾਲ ਹੈ- ਅਸੀਂ ਟੈਕ ਬਣਾਉਣ ਵਾਲੇ ਬਣਾਂਗੇ ਜਾਂ ਸਿਰਫ਼ ਖਪਤਕਾਰ?

**ਮਜਬੂਰੀ ਜਾਂ ਮਾਸਟਰਸਟ੍ਰੋਕ?:** ਦੁਨੀਆ ਹੁਣ ਡਾਟਾ ਅਤੇ ਸਿਲਿਕਾਨ 'ਤੇ ਚਲਦੀ ਹੈ। ਜੇ ਭਾਰਤ ਪਿੱਛੇ ਰਹਿ ਗਿਆ ਤਾਂ ਉਹ ਸਿਰਫ਼ ਸਰਵਿਸ ਅਰਥਵਿਵਸਥਾ ਬਣ ਕੇ ਰਹਿ ਸਕਦਾ ਹੈ। ਪਰ ਜੇ ਸੰਤੁਲਨ ਨਾਲ ਅੱਗੇ ਵਧਿਆ ਤਾਂ ਟੈਕ ਵੀ ਆਵੇਗੀ, ਕਿਸਾਨ ਵੀ ਬਚਣਗੇ ਅਤੇ ਲੋਕਲ ਉਦਯੋਗ ਵੀ ਮਜਬੂਤ ਹੋਵੇਗਾ। 2047 ਦੇ ਵਿਜ਼ਨ ਦੀ ਅਸਲੀ ਨੀਂਹ ਇਹੀ ਹੋ ਸਕਦੀ ਹੈ। ਮਾਸਟਰਸਟ੍ਰੋਕ ਅਤੇ ਮਜਬੂਰੀ ਵਿਚਕਾਰ ਫ਼ਰਕ ਸਿਰਫ਼ ਇੱਕ ਚੀਜ਼ ਤੈਅ ਕਰੇਗੀ- ਨੀਤੀ ਵਿੱਚ ਸੰਤੁਲਨ।

**ਡੀਲ ਤੋਂ ਵੱਧ ਵੀ ਕੁਝ ਹੈ:** ਇਹ ਸਿਰਫ਼ ਵਪਾਰ ਸਮਝੌਤਾ ਨਹੀਂ। ਇਹ ਤੈਅ ਕਰੇਗਾ ਕਿ ਅਗਲੇ 20 ਸਾਲਾਂ ਵਿੱਚ ਭਾਰਤ ਦੀ ਪਛਾਣ ਕੀ ਹੋਵੇਗੀ- ਡਿਜ਼ੀਟਲ ਤਾਕਤ ਜਾਂ ਸਿਰਫ਼ ਵੱਡਾ ਬਾਜ਼ਾਰ? ਫਅਣ 'ਲਿਚਿਅ ਦੀ ਚਰਚਾ ਦਰਅਸਲ ਸਿਲਿਕਾਨ ਬਨਾਮ ਮਿੱਟੀ ਦੀ ਚਰਚਾ ਹੈ। ਚਿਪ ਵੀ ਚਾਹੀਦੀ ਹੈ ਅਤੇ ਖੇਤੀ ਵੀ ਬਚਾਉਣੀ ਹੈ। ਸਵਾਲ ਇਹ ਹੈ- ਕੀ ਅਸੀਂ ਦੋਵਾਂ ਨੂੰ ਇਕੱਠੇ ਲੈ ਕੇ ਚੱਲ ਸਕਾਂਗੇ?

# ਪੰਜਾਬ ਅਮਰੀਕਾ ਜਾਂ ਯੂਰਪੀਅਨ ਯੂਨੀਅਨ ਦੇ ਕਿਸਾਨਾਂ ਤੋਂ ਕਿਵੇਂ ਵੱਖਰਾ ਹੈ

ਇਹ ਸਮਾਜ ਅਤੇ ਅਰਥਵਿਵਸਥਾ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਲੋਕ ਸਰਕਾਰ ਉੱਤੇ ਨਿਰਭਰ ਹੋ ਜਾਂਦੇ ਹਨ ਅਤੇ ਆਪਣੀ ਕਾਬਲੀਅਤ ਵਿਕਸਤ ਕਰਨ ਤੋਂ ਰੁਕ ਜਾਂਦੇ ਹਨ। ਸਰਕਾਰ ਦਾ ਮਕਸਦ ਲੋਕਾਂ ਨੂੰ ਮੁਫ਼ਤ ਦੇਣ ਦੀ ਥਾਂ ਉਨ੍ਹਾਂ ਨੂੰ ਕਾਬਿਲ, ਸਵੈ-ਰੋਜ਼ਗਾਰ ਅਤੇ ਆਤਮਨਿਰਭਰ ਬਣਾਉਣਾ ਹੋਣਾ ਚਾਹੀਦਾ ਹੈ।

**ਸਭ ਤੋਂ ਪਹਿਲਾਂ** ਸਰਕਾਰ ਨੂੰ ਸਿੱਖਿਆ ਅਤੇ ਹੁਨਰ ਵਿਕਾਸ ਵਿੱਚ ਨਿਵੇਸ਼ ਵਧਾਉਣਾ ਚਾਹੀਦਾ ਹੈ। ਮੁਫ਼ਤ ਚੀਜ਼ਾਂ ਦੇਣ ਦੀ ਥਾਂ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ, ਕੰਪਿਊਟਰ, ਖੇਤੀ ਨਾਲ ਜੁੜੇ ਨਵੇਂ ਤਰੀਕੇ ਅਤੇ ਛੋਟੇ ਉਦਯੋਗਾਂ ਦੀ ਟ੍ਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ। ਹੁਨਰਮੰਦ ਨੌਜਵਾਨ ਆਪਣੇ ਪੈਰਾਂ ਉੱਤੇ ਖੜੇ ਹੋ ਸਕਦੇ ਹਨ। **ਦੂਜਾ,** ਰੋਜ਼ਗਾਰ ਅਤੇ ਉਦਯੋਗ ਨੂੰ ਉਤਸ਼ਾਹਿਤ ਕੀਤਾ ਜਾਵੇ। ਛੋਟੇ ਕਿਸਾਨਾਂ, ਦੁਕਾਨਦਾਰਾਂ ਅਤੇ ਸਟਾਰਟਅੱਪਸ ਨੂੰ ਸਸਤੇ ਕਰਜ਼ੇ, ਮਾਰਕੀਟ ਸਹੂਲਤਾਂ ਅਤੇ ਤਕਨੀਕੀ ਮਦਦ ਮਿਲੇ। ਇਸ ਨਾਲ ਲੋਕ ਨੌਕਰੀ ਲੱਭਣ ਵਾਲੇ ਨਹੀਂ, ਨੌਕਰੀ ਦੇਣ ਵਾਲੇ ਬਣਨਗੇ।

**ਤੀਜਾ,** ਖੇਤੀ ਅਤੇ ਪਿੰਡਾਂ ਦੀ ਮਜਬੂਤੀ ਬਹੁਤ ਜ਼ਰੂਰੀ ਹੈ। ਮੁਫ਼ਤ ਬਿਜਲੀ ਦੀ ਥਾਂ ਪਾਣੀ ਸੰਭਾਲ, ਫਸਲਾਂ ਦੀ ਵੱਖ-ਵੱਖਤਾ ਅਤੇ ਖੇਤੀ-ਆਧਾਰਿਤ ਉਦਯੋਗਾਂ ਨੂੰ ਸਹਾਇਤਾ ਦਿੱਤੀ ਜਾਵੇ। ਇਸ ਨਾਲ ਕਿਸਾਨਾਂ ਦੀ ਆਮਦਨ ਟਿਕਾਊ ਬਣੇਗੀ। **ਚੌਥਾ,** ਸਰਕਾਰ ਨੂੰ ਸਿਹਤ ਅਤੇ ਪੋਸ਼ਣ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ਸਿਹਤਮੰਦ ਨਾਗਰਿਕ ਹੀ ਕੰਮ ਕਰ ਸਕਦੇ ਹਨ ਅਤੇ ਦੇਸ਼ ਦੀ ਤਰੱਕੀ ਕਰ ਸਕਦੇ ਹਨ। ਮੁਫ਼ਤਖੋਰੀ ਦੀ ਥਾਂ ਮੌਕਿਆਂ ਦੀ ਸੰਸਕ੍ਰਿਤੀ ਬਣਾਉਣੀ ਪਵੇਗੀ। ਜਦੋਂ ਲੋਕਾਂ ਨੂੰ ਸਿੱਖਿਆ, ਕੰਮ ਅਤੇ ਇਨਸਾਫ਼ ਮਿਲੇਗਾ, ਤਾਂ ਸਮਾਜ ਆਪ ਹੀ ਅੱਗੇ ਵਧੇਗਾ। ਇਹੀ ਇੱਕ ਸਵੈ-ਚਲਿਤ ਅਤੇ ਮਜਬੂਤ ਸਮਾਜਿਕ-ਆਰਥਿਕ ਪ੍ਰਣਾਲੀ ਦੀ ਨੀਂਹ ਹੈ।

**ਸੰਯੁਕਤ ਰਾਜ ਅਮਰੀਕਾ ਬਨਾਮ ਭਾਰਤ ਖੇਤੀਬਾੜੀ, ਤੁਲਨਾ ਅਤੇ ਵਪਾਰ ਪ੍ਰਭਾਵ**

(ੳ) ਸੰਯੁਕਤ ਰਾਜ ਅਮਰੀਕਾ ਵਿੱਚ ਖੇਤੀਬਾੜੀ ਵੱਡੇ ਪੱਧਰ ਉੱਤੇ ਅਤੇ ਮਸ਼ੀਨੀਕ੍ਰਿਤ ਹੈ। ਕਿਸਾਨ ਉੱਨਤ ਤਕਨਾਲੋਜੀ, ਜੀ.ਐਮ. ਬੀਜ ਅਤੇ ਭਾਰੀ ਮਸ਼ੀਨਰੀ ਦੀ ਵਰਤੋਂ ਕਰਦੇ ਹਨ।

(ਅ) ਸਰਕਾਰ ਭਾਰੀ ਸਬਸਿਡੀਆਂ ਅਤੇ ਬੀਮਾ ਸਹਾਇਤਾ ਦਿੰਦੀ ਹੈ। ਕਿਸਾਨ ਬਹੁਤ ਜ਼ਿਆਦਾ ਮੱਕੀ, ਕਣਕ, ਸੋਇਆਬੀਨ, ਡੇਅਰੀ ਅਤੇ ਮੀਟ ਦਾ ਉਤਪਾਦਨ ਅਤੇ ਨਿਰਯਾਤ ਕਰਦੇ ਹਨ।

**ਭਾਰਤ ਵਿੱਚ ਖੇਤੀਬਾੜੀ:** ਜ਼ਿਆਦਾਤਰ ਛੋਟੇ ਅਤੇ ਸੀਮਤ ਕਿਸਾਨ (2 ਹੈਕਟੇਅਰ ਤੋਂ ਘੱਟ)। ਕਈ ਖੇਤਰਾਂ ਵਿੱਚ ਸੀਮਤ ਮਸ਼ੀਨੀਕਰਨ ਅਤੇ ਸਿੰਚਾਈ। ਆਮਦਨ ਮੌਨਸੂਨ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਪ੍ਰਤੀ ਕਿਸਾਨ ਘੱਟ ਉਤਪਾਦਨ ਕਰਦਾ ਹੈ। ਕਿਸਾਨਾਂ ਦੀ ਵੱਡੀ ਆਬਾਦੀ ਰੋਜ਼ੀ-ਰੋਟੀ ਲਈ ਖੇਤੀ 'ਤੇ ਨਿਰਭਰ ਕਰਦੀ ਹੈ।



**ਵਪਾਰ ਸਮਝੌਤੇ ਤੋਂ ਅਮਰੀਕਾ ਨੂੰ ਕਿਵੇਂ ਫਾਇਦਾ ਹੁੰਦਾ ਹੈ:** ਜੇਕਰ ਅਮਰੀਕੀ ਉਤਪਾਦਾਂ 'ਤੇ ਟੈਰਿਫ ਘਟਾਏ ਜਾਂਦੇ ਹਨ ਜਾਂ ਖਤਮ ਕਰ ਦਿੱਤੇ ਜਾਂਦੇ ਹਨ, ਤਾਂ ਸਸਤੀਆਂ ਸਬਸਿਡੀ ਵਾਲੀਆਂ ਅਮਰੀਕੀ ਫਸਲਾਂ ਭਾਰਤੀ ਬਾਜ਼ਾਰਾਂ ਵਿੱਚ ਦਾਖਲ ਹੋ ਸਕਦੀਆਂ ਹਨ। ਅਮਰੀਕੀ ਕਿਸਾਨ ਇੱਕ ਵਿਸ਼ਾਲ ਖਪਤਕਾਰ ਆਧਾਰ ਤੱਕ ਪਹੁੰਚ ਪ੍ਰਾਪਤ ਰੱਖਦੇ ਹਨ। ਅਮਰੀਕੀ ਖੇਤੀਬਾੜੀ ਕਾਰੋਬਾਰ ਕੰਪਨੀਆਂ ਨਿਰਯਾਤ ਦਾ ਵਿਸਥਾਰ ਕਰਦੀਆਂ ਹਨ।

**ਭਾਰਤ ਨੂੰ ਨੁਕਸਾਨ ਕਿਉਂ ਹੋ ਸਕਦਾ ਹੈ?**

ਭਾਰਤੀ ਛੋਟੇ ਕਿਸਾਨ ਭਾਰੀ ਸਬਸਿਡੀ ਵਾਲੀਆਂ ਅਮਰੀਕੀ ਉਪਜਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਭਾਰਤ ਵਿੱਚ ਕਣਕ, ਮੱਕੀ, ਡੇਅਰੀ ਵਰਗੀਆਂ ਫਸਲਾਂ ਦੀਆਂ ਕੀਮਤਾਂ ਡਿੱਗ ਸਕਦੀਆਂ ਹਨ। ਪੇਂਡੂ ਆਮਦਨ ਘਟ ਸਕਦੀ ਹੈ। ਕਿਸਾਨਾਂ ਦੇ ਸੰਕਟ ਵਿੱਚ ਵਾਧਾ ਹੋਣ ਦਾ ਜੋਖਮ, ਖਾਸ ਕਰਕੇ ਪੰਜਾਬ ਵਰਗੇ ਰਾਜਾਂ ਵਿੱਚ ਹੋ ਸਕਦਾ ਹੈ। ਸਰਲ ਸ਼ਬਦਾਂ ਵਿੱਚ ਅਮਰੀਕਾ ਕੋਲ ਸੰਘਣੀ-ਪੂੰਜੀ, ਨਿਰਯਾਤ-ਮੁਖੀ ਖੇਤੀ ਹੈ, ਜਦੋਂ ਕਿ ਭਾਰਤ ਕੋਲ ਰੋਜ਼ੀ-ਰੋਟੀ-ਮੁਖੀ ਛੋਟੀ ਖੇਤੀ ਹੈ। ਇੱਕ ਮੁਕਤ ਵਪਾਰ ਮਜਬੂਤ ਅਤੇ ਵਧੇਰੇ ਸਬਸਿਡੀ ਵਾਲੀ ਪ੍ਰਣਾਲੀ ਆਮ ਤੌਰ 'ਤੇ ਵਧੇਰੇ ਲਾਭ ਪ੍ਰਾਪਤ ਕਰਦੀ ਹੈ।

# NEIL KHOT
# RAJA KRISHNAMOORTHI

## 1st Generation Indian Americans.
## Vote Neil for Congress. Vote Raja for Senate.

Stand Up to Trump | Protect Social Security and Medicare | Bring Affordability

यह चुनाव हमारे समुदाय के लिए बहुत ज़रूरी है। हमने देखा है:
हमारे मूल्यों पर हमला हुआ
हमारी सुरक्षा को खतरा
नील खोट समझते हैं क्योंकि उन्होंने यह कहानी जी है। वह हमारी इज़्ज़त और सुरक्षा के लिए बिना थके लड़ेंगे। कृपया नील खोट को जल्दी वोट देकर या चुनाव के दिन, 17 मार्च को सपोर्ट करें।

ਸਾਡੀ ਕਮਿਊਨਿਟੀ ਨੂੰ ਅੱਜ ਤੁਹਾਡੀ ਲੋੜ ਪਹਿਲਾਂ ਨਾਲੋਂ ਵੱਧ ਹੈ! ਕਾਂਗਰਸ ਲਈ ਨੀਲ ਖੋਟ ਨੂੰ ਵੋਟ ਦਿਓ!

ਇਹ ਚੋਣ ਸਾਡੇ ਸਮੁਦਾਇ ਲਈ ਬਹੁਤ ਮਹੱਤਵਪੂਰਨ ਹੈ। ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ:

- ਸਾਡੇ ਮੁੱਲਾਂ 'ਤੇ ਹਮਲੇ ਹੋਏ ਹਨ
- ਸਾਡੀ ਸੁਰੱਖਿਆ ਨੂੰ ਖਤਰਾ ਪੈਦਾ ਹੋਇਆ ਹੈ

ਨੀਲ ਖੋਟ ਇਹ ਗੱਲਾਂ ਸਮਝਦੇ ਹਨ ਕਿਉਂਕਿ ਉਹ ਖੁਦ ਇਹ ਤਜਰਬਾ ਕਰ ਚੁੱਕੇ ਹਨ। ਉਹ ਸਾਡੇ ਪਰਿਵਾਰਾਂ ਦੀ ਇੱਜ਼ਤ, ਸੁਰੱਖਿਆ ਅਤੇ ਭਵਿੱਖ ਲਈ ਬਿਨਾ ਥੱਕੇ ਲੜਨਗੇ।

ਕਿਰਪਾ ਕਰਕੇ ਅੱਗੇ ਆ ਕੇ ਆਪਣੀ ਆਵਾਜ਼ ਬੁਲੰਦ ਕਰੋ। ਮਾਰਚ 17 ਨੂੰ ਚੋਣ ਦੇ ਦਿਨ ਵੋਟ ਪਾਓ ਜਾਂ ਪਹਿਲਾਂ ਹੀ ਵੋਟ ਕਰਕੇ ਨੀਲ ਖੋਟ ਦਾ ਸਮਰਥਨ ਕਰੋ।

આ ચૂંટણી આપણા સમુદાય માટે મહત્વપૂર્ણ છે. આપણે જોયું છે કે:
આપણા મૂલ્યો પર હુમલો થયો
આપણી સલામતી જોખમાઈ
નીલ ખોટ સમજે છે કારણ કે તે આ વાર્તા જીવી ચૂક્યો છે. તે આપણી ગરિમા અને સુરક્ષા માટે અથાક લડત લડશે. કૃપા કરીને વહેલા મતદાન કરીને અથવા ચૂંટણીના દિવસે, 17 માર્ચે મતદાન કરીને નીલ ખોટને ટેકો આપો.

இந்தத் தேர்தல் நமது சமுதாயத்த்திற்க்கு மிகவும் அத்தியாவசியமானது. இதுவரை நாம் கண்டுள்ளவை:
- நமது மதிப்பும் மரியாதையும் தாக்கப்பட்டுள்ளன.
- நமது பாதுகாப்பு அச்சுறுத்தப்பட்டுள்ளது.

நீல் கோட் இந்த அனுபவங்களைத் தன்னுடைய வாழ்க்கையில் நேரடியாக எதிர்கொண்டவர்; அதனால் நமது நிலையை அவர் நன்றாகப் புரிந்துள்ளார். நமது கண்ணியத்தையும் பாதுகாப்பையும் காக்க அவர் அயராது பாடுபடுவார்.

மார்ச் 17 அன்று நடைபெறும் தேர்தலில் முன்கூட்டியே வாக்களித்து, நீல் கோட்டை வெற்றிப்பெற அன்புடன் கேட்டுக்கொள்கிறோம்.


# EARLY VOTING STARTS NOW!

जाओ वोट दो | મતદાન કરવા જાઓ | வாருங்கள் வந்து வாக்களியுங்கள் | వచ్చి ఓటు వేయండి



**Find Your Polling Location:**
**Need Help? Call Us at: 847-217-7588**

**Cook County** **Kane County** **DuPage County**



NEIL FOR CONGRESS

Paid for by Neil for Congress